ਸ਼ਨੀਵਾਰ, 20 ਜੁਲਾਈ, 2024
5 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 49

# ਨਵਾਂ ਜ਼ਮਾਨਾ

DAILY NAWAN ZAMANA • SATURDAY, 20 JULY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# ਯੋਗੀ ਹਠ ਛੱਡਣ ਲਈ ਤਿਆਰ ਨਹੀਂ

## ਭਾਈਵਾਲਾਂ ਦੇ ਵੀ ਵਿਰੋਧ ਦੇ ਬਾਵਜੂਦ ਕਾਂਵੜ ਯਾਤਰਾ ਦੇ ਰਾਹ ਵਾਲੇ ਹੋਟਲਾਂ, ਢਾਬਿਆਂ ਨੂੰ ਮਾਲਕ ਦਾ ਨਾਂਅ ਸ਼ੋਅ ਕਰਨ ਦੀ ਹਦਾਇਤ

**ਲਖਨਊ** : ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਸ਼ੁੱਕਰਵਾਰ ਕਿਹਾ ਕਿ ਕਾਂਵੜ ਯਾਤਰਾ ਦੇ ਰਾਹ ਵਿਚ ਆਉਂਦੀਆਂ ਸਾਰੀਆਂ ਖਾਣ-ਪੀਣ ਵਾਲੀਆਂ ਦੁਕਾਨਾਂ ਨੂੰ ਮਾਲਕਾਂ ਦੇ ਨਾਂਅ ਲਿਖ ਕੇ ਸ਼ੋਅ ਕਰਨੇ ਪੈਣਗੇ। ਇਸ ਤੋਂ ਪਹਿਲਾਂ ਮੁਜ਼ੱਫਰਨਗਰ ਪ੍ਰਸ਼ਾਸਨ ਨੇ ਵੀ ਅਜਿਹਾ ਹੁਕਮ ਦਿੱਤਾ ਸੀ, ਪਰ ਸਿਆਸਤਦਾਨਾਂ ਦੇ ਵਿਰੋਧ ਤੋਂ ਬਾਅਦ ਕਿਹਾ ਸੀ ਕਿ ਇਹ ਹਰ ਕਿਸੇ ਲਈ ਲਾਜ਼ਮੀ ਨਹੀਂ।

ਨਵੇਂ ਹੁਕਮ ਮੁਤਾਬਕ ਹਰ ਫੂਡ ਸ਼ਾਪ ਤੇ ਰੇਹੜੀ ਵਾਲੇ ਨੂੰ ਮਾਲਕ ਦਾ ਨਾਂਅ ਦਰਸਾਉਣਾ ਪਵੇਗਾ। ਪੁਲਸ ਦੇ ਪਹਿਲੇ ਹੁਕਮ 'ਤੇ ਭਾਜਪਾ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਵੀ ਕਿਹਾ ਸੀ ਕਿ ਇਸ ਨਾਲ ਛੂਤਛਾਤ ਨੂੰ ਬੜ੍ਹਾਵਾ ਮਿਲੇਗਾ। ਕੁਝ ਹਿਰਸੀ ਅਧਿਕਾਰੀਆਂ ਦਾ ਇਹ ਹੁਕਮ ਛੂਤਛਾਤ ਦੀ ਬਿਮਾਰੀ ਵਧਾਏਗਾ। ਆਸਥਾ ਦਾ ਸਤਿਕਾਰ ਹੋਣਾ ਚਾਹੀਦਾ ਹੈ, ਪਰ ਛੂਤਛਾਤ ਦੀ ਪੁਸ਼ਤਪਨਾਹੀ ਨਹੀਂ ਕਰਨੀ ਚਾਹੀਦੀ।

ਹਾਲਾਂਕਿ ਭਾਜਪਾ ਆਗੂਆਂ ਨੇ ਹੁਕਮਾਂ ਦੀ ਹਮਾਇਤ ਕੀਤੀ ਸੀ, ਨਕਵੀ ਨੇ ਕਾਂਵੜ ਯਾਤਰਾ ਵਿਚ ਆਪਣੀ ਸ਼ਮੂਲੀਅਤ ਦੀ ਪੁਰਾਣੀ ਤਸਵੀਰ ਸਾਂਝੀ ਕਰਦਿਆਂ ਕਿਹਾ ਸੀ ਕਿ ਇਸ ਯਾਤਰਾ ਦੇ ਸਤਿਕਾਰ ਤੇ ਆਸਥਾ ਬਾਰੇ ਕਿਸੇ ਨੂੰ ਲੈਕਚਰ ਦੇਣ ਦੀ ਲੋੜ ਨਹੀਂ। ਏ ਆਈ ਐੱਮ ਆਈ ਐੱਮ ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਕਿਹਾ ਸੀ ਕਿ ਯੋਗੀ ਦੇ ਅੰਦਰ ਹਿਟਲਰ ਦੀ ਰੂਹ ਆ ਗਈ ਹੈ।



ਮੋਦੀ ਸਰਕਾਰ ਵਿਚ ਮੰਤਰੀ ਤੇ ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ) ਦੇ ਪ੍ਰਧਾਨ ਚਿਰਾਗ ਪਾਸਵਾਨ ਨੇ ਵੀ ਇਨ੍ਹਾਂ ਹੁਕਮਾਂ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਉਹ ਜਾਤ ਤੇ ਧਰਮ ਦੇ ਨਾਂਅ 'ਤੇ ਵੰਡੀ ਪਾਉਣ ਦੀ ਕਦੇ ਹਮਾਇਤ ਨਹੀਂ ਕਰਨਗੇ। ਸਮਾਜ ਵਿਚ ਦੋ ਜਮਾਤਾਂ ਹਨ—ਅਮੀਰ ਤੇ ਗਰੀਬ। ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਲੋਕ ਇਨ੍ਹਾਂ ਦੋਹਾਂ ਵਿਚ ਆਉਂਦੇ ਹਨ। ਸਾਨੂੰ ਦੋਹਾਂ ਵਿਚਾਲੇ ਪਾੜਾ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ।

ਕੇਂਦਰ ਸਰਕਾਰ ਵਿਚ ਭਾਜਪਾ ਦੀ ਭਾਈਵਾਲ ਪਾਰਟੀ ਜਨਤਾ ਦਲ ਯੂ ਦੇ ਕੌਮੀ ਬੁਲਾਰੇ ਕੇ ਸੀ ਤਿਆਗੀ ਨੇ ਕਿਹਾ ਸੀ ਕਿ ਮੁਜ਼ੱਫਰਨਗਰ ਪੁਲਸ ਹੁਕਮ ਵਾਪਸ ਲਵੇ, ਕਿਉਂਕਿ ਇਸ ਨਾਲ

ਫਿਰਕੂ ਧਰੁਵੀਕਰਨ—ਸਫਾ 4 'ਤੇ

ਫਿਰਕੂ ਖਿਚਾਅ ਪੈਦਾ ਹੋਵੇਗਾ ਅਤੇ ਧਰਮ ਦੇ ਆਧਾਰ 'ਤੇ ਵਿਤਕਰਾ ਨਹੀਂ ਹੋਣਾ ਚਾਹੀਦਾ।

ਕਾਫੀ ਨੁਕਤਾਚੀਨੀ ਤੋਂ ਬਾਅਦ ਮੁਜ਼ੱਫਰਨਗਰ ਪ੍ਰਸ਼ਾਸਨ ਨੇ ਆਪਣਾ ਹੁਕਮ ਸੋਧਦਿਆਂ ਕਿਹਾ ਸੀ ਕਿ ਦੁਕਾਨਦਾਰ ਆਪਣੀ ਮਰਜ਼ੀ ਨਾਲ ਨਾਂਅ ਲਿਖ ਸਕਦੇ ਹਨ, ਪਰ ਸ਼ੁੱਕਰਵਾਰ ਮੁੱਖ ਮੰਤਰੀ ਖੁਦ ਕੁਦ ਪਏ ਤੇ ਹੁਕਮ ਚਾੜ੍ਹ ਦਿੱਤਾ ਕਿ ਸਭ ਨੂੰ ਆਪਣਾ ਨਾਂਅ ਲਿਖਣਾ ਪਵੇਗਾ।

ਯੂ ਪੀ ਦੀ ਦੇਖਾ-ਦੇਖੀ ਉੱਤਰਾਖੰਡ ਦੇ ਹਰਿਦੁਆਰ ਦੀ ਪੁਲਸ ਨੇ ਵੀ ਹੁਕਮ ਦਿੱਤਾ ਹੈ ਕਿ ਕਾਂਵੜ ਯਾਤਰਾ ਦੇ ਰਾਹ ਵਾਲੀਆਂ ਸਾਰੀਆਂ ਦੁਕਾਨਾਂ, ਰੈਸਟੋਰੈਂਟਾਂ, ਹੋਟਲਾਂ, ਢਾਬਿਆਂ ਤੇ ਰੇਹੜੀ-ਫੜ੍ਹੀ ਦੇ ਮਾਲਕਾਂ ਨੂੰ ਆਪਣੇ ਨਾਂਅ ਲਿਖ ਕੇ ਲਾਉਣੇ ਪੈਣਗੇ।



## ਨਾਮਵਰ ਮੁਲਾਜ਼ਮ ਆਗੂ ਰਣਬੀਰ ਢਿੱਲੋਂ ਵਿਛੋੜਾ ਦੇ ਗਏ

**ਚੰਡੀਗੜ੍ਹ** : ਮੁਲਾਜ਼ਮ ਲਹਿਰ ਦੇ ਬਾਬਾ ਬੋਹੜ ਸਾਥੀ ਰਣਬੀਰ ਢਿੱਲੋਂ, ਜੋ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਚੇਅਰਮੈਨ, ਆਲ ਇੰਡੀਆ ਦੇ ਮੁੱਖ ਸਲਾਹਕਾਰ ਅਤੇ ਕਰਮਚਾਰੀ ਲਹਿਰ ਦੇ ਚੀਫ ਐਡੀਟਰ ਸਨ, ਸ਼ੁੱਕਰਵਾਰ 92 ਸਾਲ ਦੀ ਉਮਰ ਵਿੱਚ ਸੰਖੇਪ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾ ਦਾ ਅੰਤਿਮ ਸੰਸਕਾਰ 20 ਜੁਲਾਈ ਨੂੰ ਸਵੇਰੇ 11 ਵਜੇ ਨੇੜੇ ਬਲੌਂਗੀ ਸ਼ਮਸ਼ਾਨਘਾਟ ਮੋਹਾਲੀ ਵਿਖੇ ਕੀਤਾ ਜਾਵੇਗਾ। ਸਦੀਵੀ ਵਿਛੋੜੇ ਦੀ ਜਾਣਕਾਰੀ ਉਨ੍ਹਾ ਦੇ ਸਪੁੱਤਰ ਡਾ. ਅਮਰਦੀਪ ਸਿੰਘ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਅਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਨੇ ਦਿੱਤੀ।

## ਚੋਣ ਬਾਂਡ ਸਕੀਮ ਦੀ ਜਾਂਚ 'ਤੇ ਸੁਪਰੀਮ ਕੋਰਟ 'ਚ 22 ਨੂੰ ਸੁਣਵਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਿਹਾ ਕਿ ਉਹ ਇਲੈਕਟੋਰਲ (ਚੋਣ) ਬਾਂਡ ਸਕੀਮ ਦੀ ਕੋਰਟ ਦੀ ਨਿਗਰਾਨੀ ਹੇਠ 'ਸਿਟ' ਜਾਂਚ ਦੀ ਮੰਗ ਕਰਦੀ ਜਨਹਿਤ ਪਟੀਸ਼ਨ 'ਤੇ 22 ਜੁਲਾਈ ਨੂੰ ਸੁਣਵਾਈ ਕਰੇਗੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਸ਼ਮੂਲੀਅਤ ਵਾਲੀ ਬੈਂਚ ਨੇ ਵਕੀਲ ਪ੍ਰਸ਼ਾਂਤ ਭੂਸ਼ਣ ਵੱਲੋਂ ਦਾਇਰ ਹਲਫਨਾਮਿਆਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਦੋ ਐੱਨ ਜੀ ਓ'ਜ਼-ਕੌਮਨ ਕਾਜ਼ ਤੇ ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ ਵੱਲੋਂ ਦਾਇਰ ਪਟੀਸ਼ਨਾਂ ਨੂੰ ਸੁਣਵਾਈ ਲਈ ਸੋਮਵਾਰ ਨੂੰ ਸੂਚੀਬੱਧ ਕੀਤਾ ਜਾਵੇਗਾ।

## ਰਾਜਪਾਲਾਂ ਨੂੰ ਛੋਟ ਦੀ ਸਮੀਖਿਆ ਲਈ ਸੁਪਰੀਮ ਕੋਰਟ ਰਾਜ਼ੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 361 ਦੀਆਂ ਵਿਵਸਥਾਵਾਂ, ਜਿਸ ਵਿਚ ਰਾਜਪਾਲ ਨੂੰ ਕਿਸੇ ਵੀ ਤਰ੍ਹਾਂ ਦੇ ਅਪਰਾਧਕ ਮੁਕੱਦਮੇ ਤੋਂ ਪੂਰੀ ਛੋਟ ਹੈ, ਦੀ ਸਮੀਖਿਆ ਲਈ ਸ਼ੁੱਕਰਵਾਰ ਸਹਿਮਤੀ ਦੇ ਦਿੱਤੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਪੱਛਮੀ ਬੰਗਾਲ ਦੇ ਰਾਜਭਵਨ ਵਿਚ ਠੇਕੇ 'ਤੇ ਕੰਮ ਕਰਨ ਵਾਲੀ ਮਹਿਲਾ ਕਰਮਚਾਰੀ, ਜਿਸ ਨੇ ਰਾਜਪਾਲ ਸੀ ਵੀ ਆਨੰਦ ਬੋਸ 'ਤੇ ਛੇੜਛਾੜ ਦੇ ਦੋਸ਼ ਲਾਏ ਹਨ, ਦੀ ਪਟੀਸ਼ਨ 'ਤੇ ਪੱਛਮੀ ਬੰਗਾਲ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਮਹਿਲਾ ਨੇ ਰਾਜਪਾਲ ਨੂੰ ਛੋਟ ਦੇਣ ਵਾਲੀ ਸੰਵਿਧਾਨ ਦੀ ਧਾਰਾ 361 ਦੀ ਨਿਆਂਇਕ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ। ਸੁਪਰੀਮ ਕੋਰਟ ਨੇ ਮਾਮਲੇ ਵਿਚ ਅਟਾਰਨੀ ਜਨਰਲ ਆਰ ਵੈਂਕਟਾਰਮਨੀ ਨੂੰ ਮਦਦ ਕਰਨ ਲਈ ਕਿਹਾ ਹੈ ਅਤੇ ਮਹਿਲਾ ਕਰਮਚਾਰੀ ਨੂੰ ਕਿਹਾ ਹੈ ਕਿ ਉਹ ਕੇਂਦਰ ਨੂੰ ਵੀ ਆਪਣੀ ਪਟੀਸ਼ਨ 'ਚ ਧਿਰ ਬਣਾਵੇ। ਇਹ ਆਰਟੀਕਲ ਸੰਵਿਧਾਨ ਦੀ ਧਾਰਾ 14 (ਸਮਾਨਤਾ ਦਾ ਅਧਿਕਾਰ) ਦਾ ਅਪਵਾਦ ਹੈ, ਜਿਸ ਵਿਚ ਰਾਸ਼ਟਰਪਤੀ ਜਾਂ ਰਾਜਪਾਲ ਸ਼ਕਤੀਆਂ ਅਤੇ ਕਰਤੱਵਾਂ ਦੀ ਵਰਤੋਂ ਲਈ ਕਿਸੇ ਅਦਾਲਤ ਨੂੰ ਜਵਾਬਦੇਹ ਨਹੀਂ ਹਨ।

## ਆਪ ਵੱਲੋਂ ਹਰਿਆਣਾ ਦੀ ਚੋਣ ਮੁਹਿੰਮ ਦਾ ਆਗਾਜ਼ ਅੱਜ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਸ਼ਨੀਵਾਰ ਨੂੰ ਪੰਚਕੂਲਾ ਵਿਚ ਟਾਊਨਹਾਲ ਮੀਟਿੰਗ ਦੌਰਾਨ 'ਕੇਜਰੀਵਾਲ ਕੀ ਗਰੰਟੀ' ਨਾਲ ਹਰਿਆਣਾ ਅਸੰਬਲੀ ਲਈ ਚੋਣ ਮੁਹਿੰਮ ਦੀ ਸ਼ੁਰੂਆਤ ਕਰੇਗੀ। ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਹੋਣਗੇ। ਪਾਰਟੀ ਨੇ ਸਾਰੀਆਂ 90 ਸੀਟਾਂ ਲੜਨ ਦਾ ਐਲਾਨ ਕੀਤਾ ਹੋਇਆ ਹੈ।

## ਊਸ਼ਾ ਖੇੜਕਰ 'ਤੇ ਕੇਸ

**ਨਵੀਂ ਦਿੱਲੀ** : ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ ਪੀ ਐੱਸ ਸੀ) ਨੇ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਵਿਚ ਕਥਿਤ ਧੋਖਾਧੜੀ ਲਈ ਪ੍ਰੋਬੇਸ਼ਨਰੀ ਆਈ ਏ ਐੱਸ ਅਧਿਕਾਰੀ ਪੂਜਾ ਖੇੜਕਰ ਖਿਲਾਫ ਐੱਫ ਆਈ ਆਰ ਦਰਜ ਕਰਾਈ ਹੈ। ਖੇੜਕਰ 'ਤੇ ਜਾਅਲੀ ਓ ਬੀ ਸੀ ਸਰਟੀਫਿਕੇਟ ਬਣਾਉਣ ਦਾ ਦੋਸ਼ ਹੈ।

## ਲੰਡੇ ਦਾ ਸਾਥੀ ਮੱਧ ਪ੍ਰਦੇਸ਼ ਤੋਂ ਗ੍ਰਿਫਤਾਰ

**ਨਵੀਂ ਦਿੱਲੀ** : ਐੱਨ ਆਈ ਏ ਨੇ ਕੈਨੇਡਾ ਅਧਾਰਤ ਖਾਲਿਸਤਾਨੀ ਦਹਿਸ਼ਤਗਰਦ ਲਖਬੀਰ ਸਿੰਘ ਸੰਧੂ ਉਰਫ ਲੰਡਾ ਦੇ ਨੇੜਲੇ ਤੇ ਅਹਿਮ ਸਾਥੀ ਬਲਜੀਤ ਸਿੰਘ ਉਰਫ ਰਾਣਾ ਭਾਈ ਉਰਫ ਬੱਲੀ ਨੂੰ ਗ੍ਰਿਫਤਾਰ ਕੀਤਾ ਹੈ। ਬਲਜੀਤ ਸਿੰਘ ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲ੍ਹੇ ਨਾਲ ਸੰਬੰਧਤ ਹੈ। ਬੱਲੀ ਪੰਜਾਬ ਵਿਚ ਲੰਡਾ ਦੇ ਏਜੰਟਾਂ ਨੂੰ ਹਥਿਆਰ ਸਪਲਾਈ ਕਰਨ ਵਾਲਾ ਪ੍ਰਮੁੱਖ ਸਪਲਾਇਰ ਸੀ। ਬੱਲੀ ਵੱਲੋਂ ਸਪਲਾਈ ਕੀਤੇ ਹਥਿਆਰ ਦਹਿਸ਼ਤੀ ਸਰਗਰਮੀਆਂ ਦੇ ਨਾਲ-ਨਾਲ ਕਾਰੋਬਾਰੀਆਂ ਤੇ ਹੋਰਨਾਂ ਤੋਂ ਜਬਰੀ ਵਸੂਲੀ ਲਈ ਵਰਤੇ ਜਾਂਦੇ ਸਨ।

## ਬਿਲਕਿਸ ਬਾਨੋ ਦੇ ਦੋਸ਼ੀਆਂ ਨੂੰ ਰਾਹਤ ਨਹੀਂ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਕੇਸ ਦੇ ਦੋ ਮੁਜਰਮਾਂ ਵੱਲੋਂ ਅੰਤਰਮ ਜ਼ਮਾਨਤ ਲਈ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਦੋਵਾਂ ਨੇ ਸਜ਼ਾ ਮੁਆਫੀ ਰੱਦ ਕਰਨ ਦੇ ਸੁਪਰੀਮ ਕੋਰਟ ਦੇ 8 ਜਨਵਰੀ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਰਾਧੇਸ਼ਿਆਮ ਭਗਵਾਨ ਦਾਸ ਸ਼ਾਹ ਅਤੇ ਰਾਜੂਭਾਈ ਬਾਬੂਲਾਲ ਸੋਨੀ ਨੇ ਮੰਗ ਕੀਤੀ ਸੀ ਕਿ ਜਦੋਂ ਤੱਕ ਗੁਜਰਾਤ ਸਰਕਾਰ ਉਨ੍ਹਾਂ ਦੀ ਰਿਹਾਈ ਦਾ ਫੈਸਲਾ ਨਹੀਂ ਲੈਂਦੀ, ਉਦੋਂ ਤੱਕ ਉਨ੍ਹਾਂ ਨੂੰ ਅੰਤਰਮ ਜ਼ਮਾਨਤ ਦਿੱਤੀ ਜਾਵੇ।

## ਪੰਜਾਬ ਦਾ ਟੈਂਕਰ ਚਾਲਕ ਭੁੱਕੀ ਨਾਲ ਫੜਿਆ

**ਜੰਮੂ** : ਊਧਮਪੁਰ ਜ਼ਿਲ੍ਹੇ ਤੋਂ ਪੁਲਸ ਨੇ ਕਥਿਤ ਨਸ਼ਾ ਤਸਕਰ ਨੂੰ 344 ਕਿੱਲੋ ਭੂਕੀ ਦੇ ਪੌਦਿਆਂ ਸਮੇਤ ਕਾਬੂ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਅਧਾਰ 'ਤੇ ਚੇਨਾਨੀ ਹਾਈਵੇ 'ਤੇ ਕੀਤੀ ਇਕ ਟੈਂਕਰ ਦੀ ਚੈਕਿੰਗ ਦੌਰਾਨ ਭੁੱਕੀ ਦੇ ਪੌਦਿਆਂ ਨਾਲ ਭਰੀਆਂ 23 ਬੋਰੀਆਂ ਬਰਾਮਦ ਹੋਈਆਂ ਹਨ। ਪੰਜਾਬ ਨਾਲ ਸੰਬੰਧਤ ਟੈਂਕਰ ਚਾਲਕ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# 38 ਲੱਖ ਨਾਲ ਹਿੰਦੂ ਪਾਕਿਸਤਾਨ 'ਚ ਸਭ ਤੋਂ ਵੱਡਾ ਘੱਟਗਿਣਤੀ ਭਾਈਚਾਰਾ

**ਇਸਲਾਮਾਬਾਦ** : ਪਾਕਿਸਤਾਨ ਵਿਚ ਹਿੰਦੂਆਂ ਦੀ ਆਬਾਦੀ 2017 ਵਿਚ 35 ਲੱਖ ਤੋਂ ਵਧ ਕੇ 2023 ਵਿਚ 38 ਲੱਖ ਹੋ ਗਈ। ਉਹ ਇਸਲਾਮੀ ਦੇਸ਼ ਵਿਚ ਸਭ ਤੋਂ ਵੱਡਾ ਘੱਟਗਿਣਤੀ ਭਾਈਚਾਰਾ ਹਨ। ਇਹ ਖੁਲਾਸਾ ਪਾਕਿਸਤਾਨ ਦੇ ਅੰਕੜਾ ਬਿਊਰੋ ਵੱਲੋਂ ਆਬਾਦੀ ਤੇ ਘਰਾਂ ਦੀ ਸੱਤਵੀਂ ਮਰਦਮਸ਼ੁਮਾਰੀ ਵਿਚ ਹੋਇਆ ਹੈ। 2023 ਤੱਕ ਦੇਸ਼ ਦੀ ਕੁਲ ਆਬਾਦੀ 24 ਕਰੋੜ ਤੋਂ ਕੁਝ ਵੱਧ (240,458,089) ਸੀ। ਰਿਪੋਰਟ ਮੁਤਾਬਕ ਮੁਸਲਮਾਨਾਂ ਦਾ ਹਿੱਸਾ 2017 ਵਿਚ 96.47 ਫੀਸਦੀ ਤੋਂ ਘਟ ਕੇ 2023 ਵਿਚ 96.35 ਫੀਸਦੀ 'ਤੇ ਆ ਗਿਆ। ਪਿਛਲੇ ਛੇ ਸਾਲਾਂ ਵਿਚ ਸਾਰੀਆਂ ਘੱਟਗਿਣਤੀਆਂ ਦੀ ਆਬਾਦੀ ਵਧੀ ਹੈ। ਹਾਲਾਂਕਿ ਹਿੰਦੂਆਂ ਦੀ ਆਬਾਦੀ ਵਧੀ ਹੈ ਪਰ ਆਬਾਦੀ ਵਿਚ ਉਨ੍ਹਾਂ ਦਾ ਹਿੱਸਾ 1.73 ਫੀਸਦੀ ਤੋਂ ਘਟ ਕੇ 1.61 ਫੀਸਦੀ 'ਤੇ ਆ ਗਿਆ।



ਅਜਿਹਾ ਹੋਰਨਾਂ ਘੱਟਗਿਣਤੀਆਂ ਦੀ ਆਬਾਦੀ ਵਿਚ ਤੇਜ਼ ਵਾਧਾ ਹੋਣ ਕਰਕੇ ਹੋਇਆ ਹੈ। ਈਸਾਈਆਂ ਦੀ ਆਬਾਦੀ 26 ਲੱਖ ਤੋਂ ਵਧ ਕੇ 33 ਲੱਖ ਹੋ ਗਈ ਹੈ। ਉਨ੍ਹਾਂ ਦਾ ਹਿੱਸਾ 1.27 ਫੀਸਦੀ ਤੋਂ ਵਧ ਕੇ 1.37 ਫੀਸਦੀ ਹੋ ਗਿਆ ਹੈ। ਅਹਿਮਦੀਆ ਦੀ ਆਬਾਦੀ 191,737 (0.09 ਫੀਸਦੀ) ਤੋਂ 29053 ਘਟ ਕੇ 162,684 (0.07 ਫੀਸਦੀ) 'ਤੇ ਆ ਗਈ ਹੈ। ਸਿੱਖਾਂ ਦੀ ਆਬਾਦੀ 15,998 ਤੇ ਪਾਰਸੀਆਂ ਦੀ 2348 ਹੈ।

ਰਿਪੋਰਟ ਮੁਤਾਬਕ 2050 ਤੱਕ ਦੇਸ਼ ਦੀ ਆਬਾਦੀ ਦੁੱਗਣੀ ਹੋ ਜਾਵੇਗੀ। ਦੇਸ਼ ਵਿਚ 12 ਕਰੋੜ 43 ਲੱਖ 20 ਹਜ਼ਾਰ ਮਰਦ ਤੇ 11 ਕਰੋੜ 71 ਲੱਖ 50 ਹਜ਼ਾਰ ਔਰਤਾਂ ਹਨ। ਸਮਲਿੰਗੀ 20331 ਹਨ। ਦੇਸ਼ ਦੀ ਕੁਲ ਆਬਾਦੀ ਵਿੱਚੋਂ 67 ਫੀਸਦੀ 30 ਸਾਲ ਤੇ 80 ਫੀਸਦੀ 40 ਸਾਲ ਤੋਂ ਹੇਠਾਂ ਦੀ ਉਮਰ ਦੀ ਹੈ। 67 ਸਾਲ ਤੋਂ ਉਪਰ ਸਿਰਫ 3.55 ਫੀਸਦੀ ਹਨ। 2017 ਵਿਚ 66.12 ਫੀਸਦੀ ਵਿਆਹੇ ਹੋਏ ਸਨ, ਜਦਕਿ 2023 ਵਿਚ 63.79 ਫੀਸਦੀ ਵਿਆਹੇ ਹੋਏ ਮਿਲੇ। 2017 ਵਿਚ 0.42 ਫੀਸਦੀ ਤਲਾਕਸ਼ੁਦਾ ਸਨ, ਜਦਕਿ 2023 ਵਿਚ 0.35 ਫੀਸਦੀ ਤਲਾਕਸ਼ੁਦਾ ਨਿਕਲੇ। ਪੇਂਡੂ ਆਬਾਦੀ 1.88 ਫੀਸਦੀ ਤੇ ਸ਼ਹਿਰੀ ਆਬਾਦੀ 3.67 ਫੀਸਦੀ ਵਧੀ ਹੈ।

# ਹਿਮੰਤਾ ਬਿਸਵਾ ਸਰਮਾ ਨੂੰ ਡਰ...



**ਗੁਹਾਟੀ** : ਆਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਕਿਹਾ ਹੈ ਕਿ 20 ਕੁ ਸਾਲਾਂ ਨੂੰ ਸੂਬੇ ਵਿਚ ਮੁਸਲਮਾਨ ਬਹੁਗਿਣਤੀ ਹੋ ਜਾਣਗੇ। ਉਨ੍ਹਾ ਸ਼ੁੱਕਰਵਾਰ ਪ੍ਰੈੱਸ ਕਾਨਫਰੰਸ ਵਿਚ ਕਿਹਾ-2041 ਤੱਕ ਮੁਸਲਮਾਨ ਸੂਬੇ ਵਿਚ ਬਹੁਗਿਣਤੀ ਹੋ ਜਾਣਗੇ। ਇਹ ਹਕੀਕਤ ਹੈ ਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ। ਇਸ ਵੇਲੇ ਮੁਸਲਮਾਨਾਂ ਦੀ ਆਬਾਦੀ 40 ਫੀਸਦੀ ਹੈ। ਉਨ੍ਹਾ ਅੱਗੇ ਕਿਹਾ-ਮੁਸਲਮਾਨਾਂ ਦੀ ਗਿਣਤੀ ਹਰ 10 ਸਾਲ ਬਾਅਦ ਕਰੀਬ 30 ਫੀਸਦੀ ਦੇ ਹਿਸਾਬ ਨਾਲ ਵਧ ਰਹੀ ਹੈ, ਜਦਕਿ ਹਿੰਦੂਆਂ ਦੀ ਕਰੀਬ 16 ਫੀਸਦੀ ਦੇ ਹਿਸਾਬ ਨਾਲ। ਮੇਰੀ ਸਰਕਾਰ ਨੇ ਮੁਸਲਮਾਨਾਂ ਦੀ ਗਿਣਤੀ ਘਟਾਉਣ ਲਈ ਕਦਮ ਚੁੱਕੇ ਹਨ। ਸਾਬਕਾ ਕਾਂਗਰਸੀ ਸ਼ਰਮਾ ਨੇ ਕਾਂਗਰਸ ਨੂੰ ਘੜੀਸਦਿਆਂ ਕਿਹਾ ਹੈ ਕਿ ਜੇ ਰਾਹੁਲ ਗਾਂਧੀ ਬਰਾਂਡ ਅੰਬੈਸਡਰ ਬਣ ਜਾਣ ਤਾਂ ਮੁਸਲਮਾਨਾਂ ਦੀ ਆਬਾਦੀ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਸਿਰਫ ਰਾਹੁਲ ਦੀ ਗੱਲ ਮੰਨਦੇ ਹਨ। ਦੋ ਦਿਨ ਪਹਿਲਾਂ ਸਰਮਾ ਨੇ ਕਿਹਾ ਸੀ ਕਿ 1951 ਵਿਚ ਆਸਾਮ ਵਿਚ ਮੁਸਲਮਾਨਾਂ ਦੀ ਆਬਾਦੀ 12 ਫੀਸਦੀ ਸੀ ਤੇ ਹੁਣ 40 ਫੀਸਦੀ ਹੋ ਗਈ ਹੈ। ਇਹ ਉਨ੍ਹਾ ਲਈ ਜਿਊਣ-ਮਰਨ ਦਾ ਸਵਾਲ ਬਣ ਗਿਆ ਹੈ। ਪਹਿਲੀ ਜੁਲਾਈ ਨੂੰ ਸਰਮਾ ਨੇ ਕਿਹਾ ਸੀ ਕਿ ਇਕ ਖਾਸ ਫਿਰਕੇ ਦੇ ਲੋਕ ਆਸਾਮ ਵਿਚ ਅਪਰਾਧ ਕਰ ਰਹੇ ਹਨ।

## 'ਹਿੰਸਾਗ੍ਰਸਤ ਬੰਗਲਾਦੇਸ਼ 'ਚ ਭਾਰਤੀ ਸੁਰੱਖਿਅਤ'

**ਨਵੀਂ ਦਿੱਲੀ** : ਬੰਗਲਾਦੇਸ਼ ਵਿਚ ਜਾਰੀ ਹਿੰਸਕ ਪ੍ਰਦਰਸ਼ਨਾਂ ਦੇ ਚਲਦਿਆਂ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਥੇ ਸਥਿਤ ਸਾਰੇ ਭਾਰਤੀ ਸੁਰੱਖਿਅਤ ਹਨ ਅਤੇ ਦਿੱਲੀ ਬੰਗਲਾਦੇਸ਼ ਦੇ ਅਧਿਕਾਰੀਆਂ ਦੇ ਸੰਪਰਕ ਵਿਚ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਸਥਿਤੀ 'ਤੇ ਖੁਦ ਨਜ਼ਰ ਰੱਖ ਰਹੇ ਹਨ। ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਉਥੇ 8500 ਭਾਰਤੀ ਵਿਦਿਆਰਥੀ ਅਤੇ ਵੱਖ-ਵੱਖ ਸਥਾਨਾਂ 'ਤੇ 15000 ਦੇ ਕਰੀਬ ਭਾਰਤੀ ਨਾਗਰਿਕ ਹਨ। ਬੰਗਲਾਦੇਸ਼ 'ਚ ਸਰਕਾਰੀ ਨੌਕਰੀਆਂ 'ਚ ਵਿਵਾਦਤ ਕੋਟਾ ਪ੍ਰਣਾਲੀ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਸ ਵਿਸ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਹਨ ਅਤੇ ਸੈਂਕੜੇ ਜ਼ਖਮੀ ਹੋ ਗਏ ਹਨ।

# ਮਾਈਕ੍ਰੋਸਾਫਟ ਦੇ ਸਰਵਰ 'ਚ ਨੁਕਸ ਨਾਲ ਜ਼ਿੰਦਗੀ ਦੀ ਰਵਾਨੀ ਨੂੰ ਬ੍ਰੇਕ



**ਨਵੀਂ ਦਿੱਲੀ** : ਮਾਈਕ੍ਰੋਸਾਫਟ ਦੇ ਸਰਵਰ ਵਿਚ ਪਏ ਤਕਨੀਕੀ ਨੁਕਸ ਮਗਰੋਂ ਅਮਰੀਕਾ ਤੋਂ ਲੈ ਕੇ ਆਸਟਰੇਲੀਆ ਤੱਕ ਵਿਸ਼ਵ ਭਰ ਵਿਚ ਇੰਟਰਨੈੱਟ ਬੰਦ ਹੋਣ ਨਾਲ ਏਅਰਲਾਈਨਜ਼, ਬੈਂਕ, ਮੀਡੀਆ ਤੇ ਹੋਰਨਾਂ ਦਫਤਰਾਂ ਦਾ ਕੰਮਕਾਜ ਪ੍ਰਭਾਵਤ ਹੋਇਆ ਹੈ। ਇੰਟਰਨੈੱਟ ਬੰਦ ਹੋਣ ਕਰਕੇ ਦੁਨੀਆ-ਭਰ ਦੇ ਮਾਈਕ੍ਰੋਸਾਫਟ ਵਰਤੋਕਾਰਾਂ, ਖਾਸ ਕਰਕੇ ਬੈਂਕਾਂ ਤੇ ਏਅਰਲਾਈਨਾਂ ਨੂੰ ਖਾਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮਾਈਕ੍ਰੋਸਾਫਟ ਨੇ ਕਿਹਾ ਕਿ ਇੰਟਰਨੈੱਟ ਬੰਦ ਹੋਣ ਨਾਲ ਮਾਈਕ੍ਰੋਸਾਫਟ 365 ਐਪਸ ਤੇ ਸੇਵਾਵਾਂ ਤੱਕ ਰਸਾਈ ਅਸਰਅੰਦਾਜ਼ ਹੋਈ ਹੈ ਪਰ ਉਸ ਵੱਲੋਂ ਤਕਨੀਕੀ ਨੁਕਸ ਲੱਭ ਲਿਆ ਗਿਆ ਹੈ ਤੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸ ਦੌਰਾਨ ਭਾਰਤੀ ਏਅਰਲਾਈਨਾਂ ਨੇ ਇਕ ਐਡਵਾਈਜ਼ਰੀ ਵਿਚ ਕਿਹਾ ਕਿ ਯਾਤਰੀ ਹਵਾਈ ਅੱਡਿਆਂ 'ਤੇ ਖੱਜਲ-ਖੁਆਰੀ ਤੋਂ ਬਚਣ ਲਈ ਆਪਣੀਆਂ ਉਡਾਣਾਂ ਸੰਬੰਧੀ ਜਾਣਕਾਰੀ ਲਈ ਸੰਬੰਧਤ ਏਅਰਲਾਈਨਾਂ ਨਾਲ ਸੰਪਰਕ ਕਰਨ। ਉਧਰ, ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਉਹ ਮਾਈਕ੍ਰੋਸਾਫਟ ਦੇ ਸੰਪਰਕ ਵਿਚ ਹਨ। ਵੈਸ਼ਨਵ ਨੇ ਦਾਅਵਾ ਕੀਤਾ ਕਿ ਮਾਈਕ੍ਰੋਸਾਫਟ ਦੇ ਸਰਵਰ ਵਿਚ ਪਏ ਨੁਕਸ ਨਾਲ ਨੈਸ਼ਨਲ ਇਨਫਰਮੈਟਿਕਸ ਸੈਂਟਰ ਦੇ ਨੈੱਟਵਰਕ ਨੂੰ ਕੋਈ ਫਰਕ ਨਹੀਂ ਪਿਆ। ਇਸ ਦੌਰਾਨ ਐੱਸ ਬੀ ਆਈ ਤੇ ਨੈਸ਼ਨਲ ਸਟਾਕ ਐਕਸਚੇਂਜ ਨੇ ਦਾਅਵਾ ਕੀਤਾ ਹੈ ਕਿ ਮਾਈਕ੍ਰਸਾਫਟ ਦੇ ਤਕਨੀਕੀ ਨੁਕਸ ਨਾਲ ਉਨ੍ਹਾਂ ਦੇ ਕੰਮਕਾਜ 'ਤੇ ਕੋਈ ਅਸਰ ਨਹੀਂ ਪਿਆ ਹੈ। ਕਰਾਊਡਸਟਰਾਈਕ ਅਪਡੇਟ ਨੂੰ ਮਾਈਕ੍ਰੋਸਾਫਟ ਦੇ ਇੰਨੇ ਵੱਡੇ ਆਊਟੇਜ (ਵਿਘਨ) ਦਾ ਕਾਰਨ ਮੰਨਿਆ ਜਾ ਰਿਹਾ ਹੈ। ਕਰਾਊਡ ਸਟ੍ਰਾਈਕ ਦੇ ਪ੍ਰਧਾਨ ਅਤੇ ਸੀ ਈ ਓ ਜਾਰਜ ਕਰਟਜ਼ ਨੇ ਟਵੀਟ ਕਰਕੇ ਲਿਖਿਆ ਕਿ ਇਹ ਕੋਈ ਸੁਰੱਖਿਆ ਘਟਨਾ ਜਾਂ ਸਾਈਬਰ ਹਮਲਾ ਨਹੀਂ ਹੈ।

ਤਕਨੀਕੀ ਮਾਹਰ ਸਮੱਸਿਆ ਦਾ ਮੁੱਖ ਕਾਰਨ ਤਕਨੀਕੀ ਖਰਾਬੀ ਮੰਨ ਰਹੇ ਹਨ। ਦੁਨੀਆ ਭਰ ਵਿੱਚ ਸਿਸਟਮ ਬੰਦ ਹੋਣ ਦਾ ਕਾਰਨ ਕਰਾਊਡਸਟਰਾਈਕ ਦਾ ਤਾਜ਼ਾ ਅਪਡੇਟ ਹੈ। ਕਰਾਊਡਸਟਰਾਈਕ ਦੁਨੀਆ ਭਰ ਦੀਆਂ ਕਈ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ। ਇਸ ਕੰਪਨੀ ਦਾ ਮੁੱਖ ਦਫਤਰ ਆਸਟਿਨ ਟੈਕਸਾਸ 'ਚ ਹੈ। ਸੁਰੱਖਿਆ ਵਧਾਉਣ ਲਈ ਕਰਾਊਡਸਟਰਾਈਕ ਦੀ ਸਥਾਪਨਾ 2011 'ਚ ਜਾਰਜ ਕਰਟਜ਼ (ਸੀ ਈ ਓ), ਦਮਿਤਰੀ ਅਲਪੇਰੋਵਿਚ (ਸਾਬਕਾ ਸੀ ਟੀ ਓ) ਅਤੇ ਗ੍ਰੇਗ ਮਾਰਸਟਨ (ਸੀ ਐੱਫ ਓ) ਵੱਲੋਂ ਕੀਤੀ ਗਈ ਸੀ, ਜੂਨ 2013 'ਚ ਕੰਪਨੀ ਨੇ ਆਪਣੀ ਪਹਿਲੀ ਸੇਵਾ ਕਰਾਊਡਸਟਰਾਈਕ ਫਾਲਕਨ ਸ਼ੁਰੂ ਕੀਤੀ, ਜੋ ਅੰਤਮ ਬਿੰਦੂ ਸੁਰੱਖਿਆ, ਖਤਰੇ ਦੀ ਖੁਫੀਆ ਜਾਣਕਾਰੀ ਅਤੇ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ।

## ਦਿੱਲੀ ਤੋਂ ਅਮਰੀਕਾ ਜਾਂਦਾ ਜਹਾਜ਼ ਰੂਸ 'ਚ ਉਤਾਰਨਾ ਪਿਆ

**ਨਵੀਂ ਦਿੱਲੀ** : ਏਅਰ ਇੰਡੀਆ ਦੇ ਦਿੱਲੀ ਤੋਂ ਸਾਨਫਰਾਂਸਿਸਕੋ ਜਾ ਰਹੇ ਜਹਾਜ਼ ਨੂੰ ਰੂਸ ਵਿਚ ਹੰਗਾਮੀ ਹਾਲਤ ਵਿਚ ਉੱਤਰਨਾ ਪਿਆ। ਜਹਾਜ਼ ਦੇ ਅਮਲੇ ਨੂੰ ਕਾਰਗੋ ਏਰੀਆ ਵਿਚ ਕੁਝ ਗੜਬੜੀ ਨਜ਼ਰ ਆਈ, ਜਿਸ ਮਗਰੋਂ ਉਡਾਣ ਨੂੰ ਹੰਗਾਮੀ ਹਾਲਾਤ ਵਿਚ ਰੂਸ ਦੇ ਸਾਈਬੇਰੀਆ 'ਚ ਲੈਂਡ ਕਰਨਾ ਪਿਆ।

ਬੋਇੰਗ 777 ਜਹਾਜ਼ ਵਿਚ 225 ਮੁਸਾਫਰ ਤੇ ਅਮਲੇ ਦੇ 19 ਮੈਂਬਰ ਸਵਾਰ ਸਨ ਅਤੇ ਇਹਤਿਆਤੀ ਕਦਮ ਵਜੋਂ ਜਹਾਜ਼ ਨੂੰ ਸਾਈਬੇਰੀਆ ਦੇ ਕਰਾਸਨੋਯਾਰਕ ਕੌਮਾਂਤਰੀ ਹਵਾਈ ਅੱਡੇ ਉੱਤੇ ਉਤਾਰਨਾ ਪਿਆ। ਜਹਾਜ਼ ਦੇ ਸਾਰੇ ਮੁਸਾਫਰ ਤੇ ਅਮਲੇ ਦੇ ਮੈਂਬਰ ਸੁਰੱਖਿਅਤ ਹਨ।

## 11 ਸਾਲਾ ਕੁੜੀ ਨੂੰ ਖਰੀਦਣ ਵਾਲੇ ਦੋ ਗ੍ਰਿਫਤਾਰ

**ਜੈਪੁਰ** : ਤਿੰਨ ਸਾਲ ਪਹਿਲਾਂ 11 ਸਾਲਾ ਕੁੜੀ ਨੂੰ ਉਸ ਦੀ ਰਿਸ਼ਤੇਦਾਰ ਤੋਂ ਖਰੀਦਣ ਦੇ ਦੋਸ਼ਾਂ ਹੇਠ ਪੁਲਸ ਨੇ ਹਰਿਆਣਾ ਤੋਂ 2 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਸੰਦੀਪ ਯਾਦਵ ਅਤੇ ਸਤਵੀਰ ਯਾਦਵ ਨੇ ਕੁੜੀ ਨੂੰ ਦੋ ਲੱਖ ਰੁਪਏ ਵਿਚ ਖਰੀਦਿਆ ਸੀ। ਮੁਰਲੀਪੁਰਾ ਦੇ ਥਾਣਾ ਮੁਖੀ ਸੁਨੀਲ ਕੁਮਾਰ ਨੇ ਦੱਸਿਆ ਕਿ ਕੁੜੀ ਦੀ ਮਹਿਲਾ ਰਿਸ਼ਤੇਦਾਰ ਫਰਾਰ ਹੈ। ਮਾਤਾ-ਪਿਤਾ ਦੇ ਝਗੜੇ ਕਾਰਨ ਕੁੜੀ ਆਪਣੀ ਇਕ ਮਹਿਲਾ ਰਿਸ਼ਤੇਦਾਰ ਕੋਲ ਰਹਿਣ ਆ ਗਈ ਸੀ, ਜਿਸ ਨੇ ਦੇਖਭਾਲ ਕਰਨ ਦੀ ਬਜਾਏ ਉਸ ਨੂੰ ਹਰਿਆਣਾ ਦੇ ਇਕ ਪਰਵਾਰ ਨੂੰ ਵੇਚ ਦਿੱਤਾ। ਉਕਤ ਕੁੜੀ ਬਾਅਦ ਵਿਚ 12 ਅਤੇ 14 ਸਾਲ ਦੇ ਦੋ ਬੱਚਿਆਂ ਦੀ ਮਾਂ ਬਣ ਗਈ, ਕਿਉਂਕਿ ਦੋਸ਼ੀਆਂ ਵੱਲੋਂ ਝੂਠੀ ਜਾਣਕਾਰੀ ਦੇ ਆਧਾਰ 'ਤੇ ਉਸ ਦਾ ਆਧਾਰ ਕਾਰਡ ਬਣਾਇਆ ਗਿਆ। ਅਧਿਕਾਰੀ ਨੇ ਕਿਹਾ ਕਿ ਕੁੜੀ ਉਥੋਂ ਭੱਜਣ ਵਿਚ ਕਾਮਯਾਬ ਹੋ ਗਈ ਅਤੇ ਉਸ ਨੇ ਮੁਰਲੀਪੁਰਾ ਥਾਣੇ ਵਿਚ ਆ ਕੇ ਸ਼ਿਕਾਇਤ ਦਰਜ ਕਰਵਾਈ ਸੀ।

## ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦੇ ਪਸਾਰ ਲਈ ਦ੍ਰਿੜ੍ਹ ਸੰਕਲਪ : ਨਾਇਬ ਸਿੰਘ ਸੈਨੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬਾ ਸਰਕਾਰ ਨਾ ਸਿਰਫ ਸਿੱਖ ਗੁਰੂਆਂ ਦੀ, ਸਗੋਂ ਸਮਾਜ ਦੇ ਹੋਰ ਮਹਾਪੁਰਸ਼ਾਂ ਦੀਆਂ ਜੈਯੰਤੀਆਂ ਸਰਕਾਰੀ ਤੌਰ 'ਤੇ ਮਨਾਉਣ ਲਈ ਸੰਤ ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਚਾਰ-ਪ੍ਰਸਾਰ ਯੋਜਨਾ ਸ਼ੁਰੂ ਕੀਤੀ ਹੈ। ਇਸ ਤਰ੍ਹਾ ਦੀ ਯੋਜਨਾ ਚਲਾਉਣ ਵਾਲਾ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ।ਮੁੱਖ ਮੰਤਰੀ ਸ਼ੁੱਕਰਵਾਰ ਆਪਣੇ ਨਿਵਾਸ ਸੰਤ ਕਬੀਰ ਕੁਟੀਰ 'ਤੇ ਆਏ ਸਿੱਖ ਸਮਾਜ ਦੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ।

ਸੈਨੀ ਨੇ ਕਿਹਾ ਕਿ ਉਹ ਆਪਣੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਨਵੀਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਕ੍ਰਿਤ ਸੰਕਲਪ ਹਨ।ਉਨ੍ਹਾਂ ਦੀ ਸਮ੍ਰਿਤੀਆਂ ਨੂੰ ਸਹੇਜਣ ਲਈ ਜਿੰਨਾ ਕੰਮ ਕੀਤਾ ਜਾਵੇ, ਘੱਟ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਕੌਮ ਬਹਾਦੁਰ ਹੈ, ਜਿਸ ਨੇ ਧਰਮ ਦੀ ਰੱਖਿਆ ਲਈ ਸਿਰ ਕਟਾ ਦਿੱਤੇ, ਪਰ ਝੁਕੇ ਨਹੀਂ।ਇਸ ਕੌਮ ਦੀਆਂ ਕੁਰਬਾਨੀਆਂ ਅਤੇ ਵੀਰਤਾ 'ਤੇ ਸਾਰੇ ਭਾਰਤ ਵਾਸੀਆਂ ਨੂੰ ਮਾਣ ਹੈ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਮੁੱਖ ਮੰਤਰੀ ਨੂੰ 18 ਸੂਤਰੀ ਮੰਗ ਪੱਤਰ ਵੀ ਸੌਂਪਿਆ, ਜਿਸ ਨੂੰ ਮੁੱਖ ਮੰਤਰੀ ਨੇ ਸਬੰਧਿਤ ਵਿਭਾਗਾਂ ਨੂੰ ਭੇਜ ਕੇ ਜ਼ਰੂਰੀ ਕਾਰਵਾਈ ਦਾ ਭਰੋਸਾ ਦਿੱਤਾ।ਮੈਂਬਰਾਂ ਨੇ ਮੁੱਖ ਮੰਤਰੀ ਨੂੰ ਸਿਰੋਪਾ ਭੇਟ ਕਰ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ 'ਤੇ ਰਾਜ ਸਭਾ ਸਾਂਸਦ ਕ੍ਰਿਸ਼ਨ ਲਾਲ ਪੰਵਾਰ, ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਾਬਾ ਭੂਪੇਂਦਰ ਸਿੰਘ, ਸਾਬਕਾ ਵਿਧਾਇਕ ਬਖਸ਼ੀਸ਼ ਸਿੰਘ ਵਿਰਕ, ਮਨਜਿੰਦਰ ਸਿੰਘ ਸਿਰਸਾ, ਬਲਜੀਤ ਸਿੰਘ ਦਾਦੂਵਾਲ ਅਤੇ ਕਵਲਜੀਤ ਸਿੰਘ ਅਜਰਾਨਾ ਸਮੇਤ ਵੱਡੀ ਗਿਣਤੀ ਵਿਚ ਸਿੱਖ ਸਮਾਜ ਦੇ ਆਗੂ ਮੌਜੂਦ ਸਨ।

## ਦਿੱਲੀ ਨੇ ਕੇਂਦਰ ਤੋਂ 10 ਹਜ਼ਾਰ ਕਰੋੜ ਮੰਗੇ

**ਨਵੀਂ ਦਿੱਲੀ** : ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਂਦਰ ਤੋਂ 10,000 ਕਰੋੜ ਦੀ ਮੰਗ ਕਰਦਿਆਂ ਦਾਅਵਾ ਕੀਤਾ ਕਿ ਬੀਤੇ ਵਰ੍ਹੇ ਦੋ ਲੱਖ ਕਰੋੜ ਰੁਪਏ ਦਾ ਆਮਦਨ ਟੈਕਸ ਦੇਣ ਦੇ ਬਾਵਜੂਦ ਦਿੱਲੀ ਨੂੰ ਕੁਝ ਨਹੀਂ ਮਿਲਿਆ। ਆਤਿਸ਼ੀ ਨੇ ਕਿਹਾ ਕਿ ਦਿੱਲੀ ਨੇ ਕੇਂਦਰੀ ਕਰ ਵਿਚ ਜੀ ਐੱਸ ਟੀ ਦੇ ਰੂਪ ਵਿਚ 25000 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਹੈ। ਕੇਂਦਰ ਦਾ ਸਲਾਨਾ ਬਜਟ ਆਉਣ ਤੋਂ ਪਹਿਲਾਂ ਰਾਸ਼ੀ ਜਾਰੀ ਕਰਨ ਦੀ ਵਕਾਲਤ ਕਰਦਿਆਂ ਉਨ੍ਹਾ ਕਿਹਾ ਕਿ ਰਾਸ਼ੀ ਸੜਕਾਂ, ਅਵਾਜਾਈ ਤੇ ਬਿਜਲੀ ਖੇਤਰ ਦੇ ਬੁਨਿਆਦੀ ਢਾਂਚੇ 'ਤੇ ਖਰਚ ਕੀਤੀ ਜਾ ਸਕਦੀ ਹੈ। ਇਸ ਦੌਰਾਨ ਭਾਜਪਾ ਦੀ ਦਿੱਲੀ ਇਕਾਈ ਦੇ ਸਕੱਤਰ ਹਰੀਸ਼ ਖੁਰਾਣਾ ਨੇ ਮੰਤਰੀ ਤੇ ਇਸ ਮੁੱਦੇ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦਿਆਂ ਦਾਅਵਾ ਕੀਤਾ ਕਿ ਕੇਂਦਰ ਨੇ 2015 'ਚ ਦਿੱਲੀ ਸਰਕਾਰ ਨੂੰ 4,258 ਕਰੋੜ ਰੁਪਏ ਦਿੱਤੇ ਸਨ, ਜੋ 2022 'ਚ ਵੱਧ ਕੇ 11,945 ਕਰੋੜ ਰੁਪਏ ਹੋ ਗਏ।

## ਅੱਜ-ਨਾਮਾ

ਜੁੜਿਆ ਜੋੜ ਨਹੀਂ ਆਪ ਤੇ ਕਾਂਗਰਸ ਦਾ,
ਲੜਨੀ ਹੈ ਦੋਵਾਂ ਹਰਿਆਣੇ ਦੀ ਚੋਣ ਬੇਲੀ।
ਅੱਡੋ-ਅੱਡ ਫਿਰ ਰਾਹ ਲਿਆ ਪਕੜ ਦੋਵਾਂ,
ਮਿਲਿਆ ਨਹੀਂ ਲੱਗਦਾ ਦ੍ਰਿਸ਼ਟੀਕੋਣ ਬੇਲੀ।
ਦੋਵਾਂ 'ਚੋਂ ਠੀਕ ਕਿਹੜਾ ਤੇ ਗਲਤ ਕਿਹੜਾ,
ਪਤਾ ਨਹੀਂ ਪਊ ਝੋਲੀ ਕਿਸ ਦੀ ਰੋਣ ਬੇਲੀ।
ਓਧਰ ਕਰਦੇ ਤਿਆਗੀ ਜਿਹੇ ਭਾਜਪਾਈਏ,
ਕਹਿਣ ਉਹ ਧੋ ਦਿਆਂਗੇ ਪੂਰਾ ਧੋਣ ਬੇਲੀ।
ਫੈਸਲਾ ਆਖਰ ਵਿੱਚ ਕਰਨਾ ਈ ਵੋਟਰਾਂ ਨੇ,
ਪਤਾ ਨਹੀਂ ਵੋਟਰ ਕੀ ਫੈਸਲਾ ਕਰਨ ਬੇਲੀ।
ਫਿਕਰਾਂ ਕਰਨ ਉਹ ਜਿਨ੍ਹਾਂ ਦੀ ਜਾਨ ਤੜਫੇ,
ਚੋਣ ਜਿਹੜਿਆਂ ਲਈ ਜੀਵਣ ਮਰਨ ਬੇਲੀ।

-ਤੀਸ ਮਾਰ ਖਾਂ

# ਭਾਸ਼ਾ ਵਿਭਾਗ ਪੰਜਾਬ ਨੇ ਡਿਜੀਟੇਲਾਈਜੇਸ਼ਨ ਵੱਲ ਕਦਮ ਪੁੱਟਿਆ



**ਪਟਿਆਲਾ** : ਪੰਜਾਬੀ ਭਾਸ਼ਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਪਲੇਟਫਾਰਮ ਵਿਚ ਸ਼ਾਮਲ ਕਰਵਾਉਣ ਲਈ ਭਾਸ਼ਾ ਵਿਭਾਗ ਨੇ ਪੁਸਤਕਾਂ ਨੂੰ ਡਿਜੀਟਲ ਰੂਪ ਦੇ ਕੇ 'ਈ ਲੈਬ' ਤਿਆਰ ਕਰਨ ਦਾ ਫੈਸਲਾ ਕੀਤਾ ਹੈ। ਪੁਸਤਕਾਂ ਨੂੰ ਯੂਨੀਕੋਡ ਵਿਚ ਤਿਆਰ ਕਰਨ ਦੇ ਨਾਲ ਈ ਪਬਲੀਕੇਸ਼ਨ ਕੀਤੀ ਜਾਵੇਗੀ। ਇਸੇ ਤਰ੍ਹਾਂ ਵਿਭਾਗ ਤੋਂ ਬਾਅਦ ਸਾਹਿਤਕ ਅਕਾਦਮੀਆਂ ਤੇ ਪੰਜਾਬੀ ਯੂਨੀਵਰਸਿਟੀ ਦੀਆਂ ਪੁਸਤਕਾਂ ਨੂੰ ਵੀ ਡਿਜੀਟਲ ਰੂਪ ਦਿੱਤਾ ਜਾਵੇਗਾ, ਜੋਕਿ ਭਵਿੱਖ ਵਿਚ ਏ ਆਈ ਦੇ ਕੰਮ ਵੀ ਆਵੇਗਾ।

ਡਾਇਰੈਕਟਰ, ਭਾਸ਼ਾਵਾਂ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਹੇਠ ਭਾਸ਼ਾ ਵਿਭਾਗ ਮੁੱਖ ਦਫਤਰ ਵਿਖੇ ਨਵੀਨਤਮ ਗੂਗਲ ਆਰਟੀਫੀਸ਼ੀਅਲ ਇੰਟੈਲੀਜੈਂਸ ਪਲੇਟਫਾਰਮ 'ਤੇ ਪੰਜਾਬੀ ਭਾਸ਼ਾ ਨੂੰ ਸ਼ਾਮਲ ਕਰਨ ਲਈ ਮੀਟਿੰਗ ਕੀਤੀ ਗਈ, ਜਿਸ ਵਿਚ ਇਸ ਅਹਿਮ ਪ੍ਰੋਜੈਕਟ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿਚ ਪੰਜਾਬੀ ਯੂਨੀਵਰਸਿਟੀ ਕੰਪਿਊਟਰ ਸਾਇੰਸ ਵਿਭਾਗ ਤੋਂ ਪ੍ਰੋ. ਗੁਰਪ੍ਰੀਤ ਸਿੰਘ ਜੋਸਨ, ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਤੋਂ ਡਾ. ਸੀ ਪੀ ਕੰਬੋਜ, ਪੰਜਾਬੀ ਯੂਨੀਵਰਸਿਟੀ ਸਿਸਟਮ ਐਡਮਿਨਸਟ੍ਰੇਟਰ ਤੇਜਿੰਦਰ ਸਿੰਘ ਸੈਣੀ, ਪੰਜਾਬੀ ਚਿੰਤਕ ਡਾ. ਅਮਰਜੀਤ ਸਿੰਘ ਗਰੇਵਾਲ, ਭਾਸ਼ਾ ਵਿਗਿਆਨੀ ਡਾ. ਬੂਟਾ ਸਿੰਘ ਬਰਾੜ, ਆਈ ਟੀ ਸੈੱਲ ਡੀ ਜੀ ਆਰ ਰੌਬਿਨ ਸਿੰਘ ਨੇ ਵਿਚਾਰ ਸਾਂਝੇ ਕੀਤੇ। ਇਸ ਕਾਰਜ ਲਈ ਮੀਟਿੰਗ ਵਿਚ ਪੂਰੀ ਯੋਜਨਾ ਤਿਆਰ ਕੀਤੀ ਗਈ ਤਾਂ ਜੋ ਕਾਰਜ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਇਆ ਜਾ ਸਕੇ। ਮੀਟਿੰਗ ਵਿਚ ਸਹਾਇਕ ਡਾਇਰੈਕਟਰ ਆਲੋਕ ਚਾਵਲਾ, ਜ਼ਿਲ੍ਹਾ ਭਾਸ਼ਾ ਅਫਸਰ ਮੁਹਾਲੀ ਦਰਸ਼ਨ ਕੌਰ, ਖੋਜ ਅਫਸਰ ਸਤਪਾਲ ਸਿੰਘ ਚਹਿਲ ਅਤੇ ਖੋਜ ਸਹਾਇਕ ਮਹੇਸ਼ ਖੋਸਲਾ ਵੀ ਮੌਜੂਦ ਰਹੇ।

ਪੁਸਤਕਾਂ ਨੂੰ ਡਿਜੀਟਲ ਰੂਪ ਦੇਣ ਲਈ ਪਹਿਲੇ ਪੜਾਅ ਤਹਿਤ ਇਕ ਟੀਮ ਵੱਲੋਂ ਸਮੱਗਰੀ ਇਕੱਤਰ ਕੀਤੀ ਜਾਵੇਗੀ। ਮਾਹਰਾਂ ਦੀ ਟੀਮ ਵੱਲੋਂ ਇਸ ਸਮੱਗਰੀ ਦੀ ਪਰੂਫ ਰੀਡਿੰਗ ਕੀਤੀ ਜਾਵੇਗੀ। ਅਖੀਰ ਵਿਚ ਸਮੱਗਰੀ ਨੂੰ ਤਕਨੀਕੀ ਮਾਹਰਾਂ ਦੀ ਮਦਦ ਨਾਲ ਡਿਜੀਟਲ ਰੂਪ ਦਿੱਤਾ ਜਾਵੇਗਾ। ਕਾਰਜ ਨੂੰ ਜਲਦ ਤੇ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਟੀਮ ਮੈਂਬਰਾਂ ਦੀ ਹਰ ਹਫਤੇ ਬੈਠਕ ਹੋਵੇਗੀ। ਵੱਡੀ ਗਿਣਤੀ ਪੁਸਤਕਾਂ ਨੂੰ ਸਕੈਨ ਕਰਕੇ ਡਿਜੀਟਲ ਰੂਪ ਦੇਣਾ ਚੁਣੌਤੀਪੂਰਨ ਹੈ, ਇਸ ਲਈ ਵਿਭਾਗ ਬਾਹਰੋਂ ਆਈ ਟੀ ਮਾਹਰਾਂ ਦੀ ਮਦਦ ਲਵੇਗਾ। ਪਹਿਲੇ ਪੜਾਅ ਤਹਿਤ ਕਰੀਬ 1500 ਪੁਸਤਕਾਂ ਦੀ ਸੂਚੀ ਤਿਆਰ ਕੀਤੀ ਗਈ ਹੈ, ਜਿਨਾਂ ਦੀ ਡਿਜੀਟੇਲਾਈਜੇਸ਼ਨ ਕੀਤੀ ਜਾਵੇਗੀ।

## ਸੁਪਰੀਮ ਕੋਰਟ ਚੰਡੀਗੜ੍ਹ-ਮੁਹਾਲੀ ਸੜਕ ਖਾਲੀ ਕਰਾਉਣ ਦੇ ਹੁਕਮਾਂ ਵਿਰੁੱਧ ਪਟੀਸ਼ਨ ਸੁਣਨ ਲਈ ਰਾਜ਼ੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਜਤਾਈ, ਜਿਸ 'ਚ ਪ੍ਰਦਰਸ਼ਨਕਾਰੀਆਂ ਤੋਂ ਚੰਡੀਗੜ੍ਹ-ਮੁਹਾਲੀ ਸੜਕ ਖਾਲੀ ਕਰਵਾਉਣ ਲਈ ਕਿਹਾ ਗਿਆ ਸੀ।

ਇਸ ਸਾਲ ਮਈ ਵਿਚ ਸੁਪਰੀਮ ਕੋਰਟ ਨੇ ਇਕ ਵੱਖਰੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਦੇ 9 ਅਪਰੈਲ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਸੀ।

ਸੁਪਰੀਮ ਕੋਰਟ ਦੇ ਜਸਟਿਸ ਬੀ ਆਰ ਗਵਈ, ਕੇ ਵੀ ਵਿਸ਼ਵਾਨਾਥਨ ਅਤੇ ਐਨ ਕੋਟੀਸ਼ਵਰ ਸਿੰਘ ਦੀ ਬੈਂਚ ਨੇ ਇਸ ਸੰਬੰਧੀ ਪਟੀਸ਼ਨ ਪਾਉਣ ਵਾਲੀ ਐਨ ਜੀ ਓ ਤੋਂ ਜਵਾਬ ਮੰਗਦਿਆਂ ਇਸ ਮੁੱਦੇ ਸੰਬੰਧੀ ਸਾਰੀਆਂ ਪਟੀਸ਼ਨਾਂ ਨੂੰ ਇਕੱਠਾ ਕਰ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਹਾਈ ਕੋਰਟ ਨੇ ਆਪਣੇ 9 ਅਪਰੈਲ ਦੇ ਹੁਕਮਾਂ 'ਚ ਕਿਹਾ ਸੀ ਕਿ ਇਸ ਸੰਬੰਧੀ ਵਾਰ-ਵਾਰ ਮੌਕੇ ਦਿੱਤੇ ਜਾਣ ਦੇ ਬਾਵਜੂਦ ਨਾ ਤਾਂ ਪੰਜਾਬ ਅਤੇ ਨਾ ਹੀ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੇ ਚੰਡੀਗੜ੍ਹ ਅਤੇ ਮੁਹਾਲੀ ਦੇ ਲੋਕਾਂ ਨੂੰ ਦਰਪੇਸ਼ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਇਹ ਹੁਕਮ ਇੱਕ ਐਨ ਜੀ ਓ ਦੀ ਪਟੀਸ਼ਨ 'ਤੇ ਦਿੱਤੇ ਗਏ ਸੀ ਜਿਸ 'ਚ ਦਲੀਲ ਦਿੱਤੀ ਗਈ ਸੀ ਕਿ ਫਰਵਰੀ 2023 ਤੋਂ ਚੱਲ ਰਹੇ ਚੰਡੀਗੜ੍ਹ-ਮੁਹਾਲੀ ਸੜਕ 'ਤੇ ਪ੍ਰਦਰਸ਼ਨ ਕਾਰਨ ਸਥਾਨਕ ਲੋਕਾਂ ਅਤੇ ਯਾਤਰੀਆਂ ਨੂੰ ਬੇਲੋੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਤੇ ਮੁਹਾਲੀ ਦੀ ਹੱਦ 'ਤੇ ਪ੍ਰਦਰਸ਼ਨਕਾਰੀ ਸਿੱਖ ਬੰਦੀਆਂ ਦੀ ਰਿਹਾਈ ਮੰਗ ਰਹੇ ਹਨ।

## ਜੰਗਲਾਤ ਵਰਕਰ ਯੂਨੀਅਨ ਰੇਂਜ ਸਮਰਾਲਾ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਗੜ੍ਹੀ ਤਰਖਾਣਾ ਵਿਖੇ ਸਥਿਤ ਨਰਸਰੀ ਵਿੱਚ ਜੰਗਲਾਤ ਵਰਕਰ ਯੂਨੀਅਨ ਜ਼ਿਲ੍ਹਾ ਲੁਧਿਆਣਾ, ਰੇਂਜ ਸਮਰਾਲਾ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਰੇਂਜ ਪ੍ਰਧਾਨ ਵਿਜੇ ਕੁਮਾਰ, ਜਰਨਲ ਸਕੱਤਰ ਮਨਪ੍ਰੀਤ ਸਿੰਘ, ਵਿੱਤ ਸਕੱਤਰ ਹਾਕਮ ਸਿੰਘ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵਰਕਰਾਂ ਦੀਆਂ ਬਕਾਇਆ ਤਨਖ਼ਾਹਾਂ ਨਹੀਂ ਦਿੱਤੀਆਂ ਗਈਆਂ, ਜਿਸ ਕਰਕੇ ਉਨ੍ਹਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ 22 ਜੁਲਾਈ ਨੂੰ ਸਮਰਾਲਾ ਰੇਂਜ ਦਫ਼ਤਰ ਅੱਗੇ ਰੋਸ ਰੈਲੀ ਕਰ ਮਾਛੀਵਾੜਾ ਮਾਰਗ ਜਾਮ ਕੀਤਾ ਜਾਵੇਗਾ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਵਣ ਰੇਂਜ ਅਫ਼ਸਰ ਸਮਰਾਲਾ ਤੇ ਵਣ ਗਾਰਡ ਦੀ ਹੋਵੇਗੀ। ਸੀਨੀਅਰ ਮੀਤ ਪ੍ਰਧਾਨ ਬੂਟਾ ਸਿੰਘ ਤੇ ਰਵੀ ਮਾਛੀਵਾੜਾ ਨੇ ਦੱਸਿਆ ਕਿ ਜੰਗਲਾਤ ਵਰਕਰ ਯੂਨੀਅਨ ਪੰਜਾਬ ਨੇ ਫੈਸਲਾ ਕੀਤਾ ਹੈ ਕਿ ਪਿਛਲੇ 20 ਤੋਂ 25 ਸਾਲ ਵਿਭਾਗ 'ਚ ਕੰਮ ਕਰਦੇ ਕੱਚੇ ਵਰਕਰਾਂ ਨੂੰ ਪੱਕਾ ਨਹੀਂ ਕੀਤਾ ਗਿਆ, ਜਿਸ ਲਈ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਹਲਕਾ ਦਿੜ੍ਹਬਾ ਵਿੱਚ 3 ਅਗਸਤ ਨੂੰ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਮੌਕੇ ਨਰਿੰਦਰ ਸਿੰਘ, ਭਾਗ ਖਾਂ, ਪ੍ਰਗਟ ਸਿੰਘ, ਜਸਪ੍ਰੀਤ ਸਿੰਘ, ਜਸਵੰਤ ਸਿੰਘ, ਮਨਜੀਤ ਸਿੰਘ, ਰਣਜੀਤ ਸਿੰਘ, ਗੁਰਨਾਮ ਸਿੰਘ, ਗੁਰਦੀਪ ਸਿੰਘ, ਕਮਲਜੀਤ ਸਿੰਘ, ਜੱਗੀ ਰਾਮ, ਰਾਜਪਾਲ ਸਿੰਘ, ਹੰਸਰਾਜ ਹੰਸ, ਸੰਦੀਪ ਕੁਮਾਰ, ਮੁਨੀ ਲਾਲ, ਵਿਜੇ ਮੰਡਲ, ਮਦੁਰੀ ਦੇਵੀ, ਕਰਮਜੀਤ ਕੌਰ, ਲਖਵਿੰਦਰ ਸਿੰਘ ਲੱਖੀ, ਲਖਵਿੰਦਰ ਸਿੰਘ, ਸੁਖਜੋਤ ਸਿੰਘ, ਅਮਰ ਸਿੰਘ, ਬੁੱਧ ਰਾਮ, ਬਲਵਿੰਦਰ ਸਿੰਘ, ਅਜੇ ਕੁਮਾਰ, ਹਰਜਿੰਦਰ ਸਿੰਘ ਆਦਿ ਮੌਜੂਦ ਸਨ।

## ਦੁੱਧ ਖਪਤਕਾਰ ਜਾਗਰੂਕਤਾ ਕੈਂਪ ਲਗਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਡੇਅਰੀ ਵਿਕਾਸ ਵਿਭਾਗ ਸੰਗਰੂਰ/ਮਾਲੇਰਕੋਟਲਾ ਵੱਲੋਂ ਵਾਰਡ ਨੰਬਰ 19 ਦੀ ਨਰਿੰਦਰਾ ਕਲੋਨੀ ਵਿਖੇ ਮਦਨ ਮਦਹੋਸ਼ ਮਾਲਤੀ ਸਿੰਗਲਾ ਮਿਉਂਸਪਲ ਕੌਂਸਲਰ ਦੀ ਦੇਖ-ਰੇਖ ਹੇਠ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਲਾਇਆ ਗਿਆ। ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਡੇਅਰੀ ਵਿਕਾਸ ਵਿਭਾਗ ਪੰਜਾਬ, ਕੁਲਦੀਪ ਸਿੰਘ ਜੱਸੋਵਾਲ ਡਾਇਰੈਕਟਰ ਡੇਅਰੀ ਵਿਕਾਸ, ਚਰਨਜੀਤ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸੰਗਰੂਰ/ਮਾਲੇਰਕੋਟਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਗਾਏ ਉਕਤ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਵਿੱਚ ਕੁੱਲ 20 ਦੁੱਧ ਖਪਤਕਾਰਾਂ ਨੇ ਭਾਗ ਲਿਆ ਤੇ ਘਰਾਂ ਤੋਂ ਲਿਆਂਦੇ ਗਏ ਸਾਰੇ ਸੈਂਪਲ ਚੈੱਕ ਕੀਤੇ ਗਏ, ਜਿਨ੍ਹਾਂ ਵਿੱਚੋਂ 05 ਸੈਂਪਲ ਪਾਸ ਤੇ 15 ਸੈਂਪਲਾਂ ਵਿੱਚ 10% ਤੋਂ 25% ਪਾਣੀ ਦੀ ਮਾਤਰਾ ਪਾਈ ਗਈ, ਜਦਕਿ ਟੈਸਟ ਕੀਤੇ ਸੈਂਪਲਾਂ 'ਚ ਕੋਈ ਵੀ ਹਾਨੀਕਾਰਕ ਤੱਤ ਨਹੀਂ ਪਾਇਆ ਗਿਆ। ਇਸ ਮੌਕੇ ਮਾਲਤੀ ਸਿੰਗਲਾ, ਨਿਰਮਲਾ ਦੇਵੀ ਮਿੱਤਲ, ਪ੍ਰੇਮ ਲਤਾ ਜੈਨ, ਅਮਨਦੀਪ ਕੌਰ, ਯਸ਼ੋਦਾ, ਸੁਸ਼ਮਾ ਗੋਇਲ, ਰਮਨਦੀਪ ਕੌਰ, ਸਵਿੱਤਰੀ ਦੇਵੀ ਸ਼ਰਮਾ, ਸਾਕਸ਼ੀ ਵਰਮਾ, ਨੀਲਮ ਜਿੰਦਲ, ਮਨਪ੍ਰੀਤ ਸਿੰਘ, ਰੰਜਨਾ ਜਿੰਦਲ, ਰਜਨੀ ਬਾਲਾ, ਸਤਿੰਦਰ ਪਾਲ ਸਿੰਘ ਆਦਿ ਖਪਤਕਾਰ ਹਾਜ਼ਰ ਸਨ।

## ਪੰਜਾਬੀ ਸਾਹਿਤ ਸਭਾ ਵੱਲੋਂ ਸਾਹਿਤਕ ਮਸਲਿਆਂ ਬਾਰੇ ਵਿਚਾਰਾਂ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬੀ ਸਾਹਿਤ ਸਭਾ (ਰਜਿ.) ਸੰਗਰੂਰ ਮੀਟਿੰਗ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭਵਿੱਖ ਦੇ ਕਾਰਜਾਂ ਦੀ ਰੂਪ ਰੇਖ ਉਲੀਕੀ ਗਈ। ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰ ਚਰਚਾ ਕੀਤੀ ਗਈ। ਨਿਕਟ ਭਵਿੱਖ ਵਿੱਚ ਸਾਹਿਤ ਸਭਾ ਸੰਗਰੂਰ ਵੱਲੋਂ ਕੀਤੇ ਜਾਣ ਵਾਲੇ ਸਮਾਗਮਾਂ ਵਿੱਚ ਉਤਕ੍ਰਿਸ਼ਟ ਵਿਦਵਾਨਾਂ ਤੇ ਲੇਖਕਾਂ ਨਾਲ ਸੰਵਾਦ ਰਚਾਇਆ ਜਾਵੇਗਾ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਰਿਲੀਜ਼ ਕਰਦੇ ਹੋਏ ਗੁਰਨਾਮ ਸਿੰਘ ਨੇ ਦੱਸਿਆ ਕਿ ਏ. ਪੀ. ਸਿੰਘ ਆਸਟ੍ਰੇਲੀਆ ਨੇ ਸੁਹਜ ਭਰਪੂਰ ਗਜ਼ਲਾਂ ਦਾ ਗਾਇਨ ਕੀਤਾ। ਡਾ. ਦਵਿੰਦਰ ਕੌਰ ਨੇ ਸਾਹਿਤਕ ਸੰਦਰਭਾਂ ਬਾਰੇ ਚਰਚਾ ਕੀਤੀ। ਡਾ. ਭਗਵੰਤ ਸਿੰਘ ਨੇ ਸਾਹਿਤ ਸਭਾ ਦੇ ਪਿਛਲੇ ਕਾਰਜਾਂ ਦੀ ਤਫ਼ਸੀਲ ਪੇਸ਼ ਕਰਦੇ ਹੋਏ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਸੰਗ ਵਿੱਚ ਅਜੋਕੀਆਂ ਹਾਲਤਾਂ ਵਿੱਚ ਸਥਿਤੀ ਨੂੰ ਪ੍ਰਸਤੁਤ ਕੀਤਾ। ਗੁਰਨਾਮ ਸਿੰਘ ਨੇ ਛਪਾਈ ਅਧੀਨ ਨਾਵਲ ਬਾਰੇ ਦੱਸਿਆ। ਡਾ. ਤੇਜਾ ਸਿੰਘ ਤਿਲਕ ਨੇ ਅਜੋਕੀਆਂ ਛਪ ਰਹੀਆਂ ਪੁਸਤਕਾਂ ਦਾ ਸੰਖੇਪ ਮੁਲਾਂਕਣ ਕੀਤਾ। ਪ੍ਰਸਿੱਧ ਵਾਰਤਕ ਲੇਖਕ ਅਨੋਖ ਸਿੰਘ ਵਿਰਕ ਨੇ ਆਪਣੀ ਰਚਨਾ ਪ੍ਰਸਤੁਤ ਕਰਦੇ ਹੋਏ ਆਪਣੀ ਪੁਸਤਕ ਜੀਵਨ ਦਰਿਆ ਸਿਰਜਣਾਤਮਕ ਸਫਰ ਬਾਰੇ ਚਾਨਣਾ ਪਾਇਆ। ਸਵਾਮੀ ਡਾ. ਈਸ਼ਵਰਦਾਸ ਸਿੰਘ ਮਹਾਂਮੰਡਲੇਸ਼ਵਰ ਨੇ ਸੂਫੀਆਨਾ ਰਮਜ਼ਾਂ ਦੇ ਸੰਦਰਭ ਵਿੱਚ ਕਾਵਿ ਵੰਨਗੀਆਂ ਪੇਸ਼ ਕੀਤੀਆਂ। ਮਹਿੰਦਰ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਸੁਖਪ੍ਰੀਤ ਸਿੰਘ ਵੀ ਮੀਟਿੰਗ ਵਿੱਚ ਹਾਜ਼ਰ ਸਨ।

## ਅਜਲਾਸ ਦੌਰਾਨ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ ਫੋਟੋਗ੍ਰਾਫਰ : ਮਨਦੀਪ, ਜੀਵਨ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਪੰਜਾਬ ਦਾ ਤੀਸਰਾ ਆਮ ਅਜਲਾਸ ਆਲ ਇੰਡੀਆ ਫੋਟੋਗ੍ਰਾਫਿਕ ਫੈਡਰੇਸ਼ਨ ਦੇ ਸਹਿਯੋਗ ਨਾਲ ਸੋਨਾ ਗਰੈਂਡ ਪੈਲੇਸ ਮੁੱਲਾਂਪੁਰ ਵਿਖੇ 12-13 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਆਗੂ ਮਨਦੀਪ ਸਿੰਗਲਾ ਨੇ ਦੱਸਿਆ ਕਿ ਫੋਟੋਗ੍ਰਾਫੀ ਦੇ ਕੰਮ ਵਿੱਚ ਪੈਦਾ ਹੋ ਰਹੇ ਨਿਘਾਰ ਨੂੰ ਦੇਖਦਿਆਂ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਕਿ ਫੋਟੋਗ੍ਰਾਫਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਕੀਤਾ ਜਾ ਸਕੇ ਤੇ ਫੋਟੋਗ੍ਰਾਫੀ ਖੇਤਰ ਵਿੱਚ ਆ ਰਹੀਆਂ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਉਨ੍ਹਾਂ ਸਮੂਹ ਫੋਟੋਗ੍ਰਾਫਰ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਫੋਟੋਗ੍ਰਾਫੀ ਖੇਤਰ ਵਿੱਚ ਨਵੀਆਂ ਤਕਨੀਕਾਂ ਸੰਬੰਧੀ ਜਾਣਕਾਰੀ ਹਾਸਲ ਕਰਨ ਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ। ਇਸ ਮੌਕੇ ਗਿਆਨ ਚੰਦ ਸ਼ਰਮਾ ਬੁਢਲਾਡਾ, ਜੀਵਨ ਸਿੰਗਲਾ, ਜੱਗਾ ਪੰਜਾਬ, ਜਸਵੀਰ ਸਿੰਘ, ਸਿੰਗਾਰਾ ਖਾਂ, ਮਣਾ ਖਿਆਲਾ, ਸਿੱਧੂ ਚੀਮਾ, ਜਗਦੀਪ ਸ਼ਰਮਾ, ਰਿੱਕੀ ਸਿੰਗਲਾ, ਕੰਵਰਪਾਲ ਬਾਵਾ, ਦਲਵੀਰ ਸਿੰਘ ਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## ਬਾਬਾ ਫ਼ਰੀਦ ਪਬਲਿਕ ਸਕੂਲ 'ਚ ਈ ਪੀ ਐੱਫ ਵਿਭਾਗ ਨੇ ਪੌਦੇ ਲਗਾਏ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ ਵਿਖੇ ਮੈਨੇਜਮੈਂਟ ਦੇ ਦਿਸ਼ਾ-ਨਿਰਦੇਸ਼ਾਂ ਤੇ ਪ੍ਰਿੰਸੀਪਲ ਸ੍ਰੀਮਤੀ ਸੁਖਦੀਪ ਕੌਰ ਦੀ ਅਗਵਾਈ ਹੇਠ ਈ ਪੀ ਐੱਫ ਵਿਭਾਗ ਵੱਲੋਂ ਕਈ ਕਿਸਮਾਂ ਦੇ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਕਰਨ ਪ੍ਰਤੀ ਅਹਿਦ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸ੍ਰੀਮਤੀ ਸੁਖਦੀਪ ਕੌਰ ਨੇ ਦੱਸਿਆ ਕਿ ਈ ਪੀ ਐੱਫ ਵਿਭਾਗ ਤੇ ਬਾਬਾ ਫ਼ਰੀਦ ਪਬਲਿਕ ਸਕੂਲ ਦੀ ਮੈਨੇਜਮੈਂਟ ਦੇ ਸਾਂਝੇ ਉੱਦਮਾਂ ਸਦਕਾ ਵੱਖ-ਵੱਖ ਕਿਸਮਾਂ ਦੇ ਪੌਦੇ, ਜਿਨ੍ਹਾਂ ਵਿੱਚ ਸੁਖਚੈਨ, ਨਿੰਮ੍ਹ, ਟਾਹਲੀ, ਬੋਹੜ, ਪਿਲਕਨ ਆਦਿ ਸ਼ਾਮਲ ਹਨ, ਲਗਾ ਕੇ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ ਗਈ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਵਾਤਾਵਰਨ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਤ ਰਹਿਤ ਬਣਾਉਣ ਲਈ ਕਰੋੜਾਂ ਨਵੇਂ ਰੁੱਖ-ਪੌਦਿਆਂ ਦੀ ਜ਼ਰੂਰਤ ਹੈ, ਧਰਤੀ ਉੱਤੇ ਵੱਧ ਰਹੇ ਤਾਪਮਾਨ ਤੇ ਰੁੱਤਾਂ ਵਿੱਚ ਆ ਰਹੇ ਬਦਲਾਅ ਨੂੰ ਕਾਬੂ ਹੇਠ ਰੱਖਣ ਲਈ ਅੱਜ ਹਰ ਇੱਕ ਇਨਸਾਨ ਨੂੰ ਘੱਟੋ-ਘੱਟ ਤਿੰਨ ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰ. ਸੁਰਿੰਦਰ ਸਿੰਘ ਰੋਮਾਣਾ, ਸ੍ਰ. ਦੀਪਿੰਦਰ ਸਿੰਘ, ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ, ਕੋਆਰਡੀਨੇਟਰ, ਅਧਿਆਪਕ, ਇੰਨਫੋਰਸਮੈਂਟ ਅਫ਼ਸਰ ਮਿਸਟਰ ਦੀਪਕ ਸਿੰਗਲਾ ਏ ਪੀ ਐੱਫ ਵਿਭਾਗ ਦੇ ਅਧਿਕਾਰੀ ਤੇ ਵਿਦਿਆਰਥੀ ਹਾਜ਼ਰ ਸਨ।

## ਆਂਗਣਵਾੜੀ ਸੈਂਟਰ ਲੱਖੋਵਾਲ ਕਲਾਂ ਵਿਖੇ ਜਾਗਰੂਕਤਾ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਜਗਮੋਹਨ ਕੌਰ ਦੇ ਦਿਸ਼ਾ-ਨਿਰਦੇਸ਼ ਤਹਿਤ ਸੁਪਰਵਾਈਜ਼ਰ ਅਮਨਦੀਪ ਕੌਰ ਦੀ ਅਗਵਾਈ ਪਿੰਡ ਲੱਖੋਵਾਲ ਕਲਾਂ ਵਿਖੇ ਸਖ਼ੀ ਸਟਾਪ ਕੇਂਦਰ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਸੁਪਰਵਾਈਜ਼ਰ ਅਮਨਦੀਪ ਕੌਰ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਕੀਮ ਅਪ੍ਰੈਲ 2015 ਤੋਂ ਲਾਗੂ ਕੀਤੀ ਗਈ ਸੀ, ਜਿਸ ਦਾ ਮੁੱਖ ਆਦੇਸ਼ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਸੇਵਾਵਾਂ ਦੇਣਾ ਹੈ। ਵੂਮੈਨ ਹੈਲਪ ਲਾਈਨ ਦਾ ਸਟਾਫ਼ ਸੈਂਟਰ ਸਕੀਮ ਦੇ ਨਾਲ ਚੱਲ ਕੇ ਕੰਮ ਕਰ ਰਿਹਾ ਹੈ। ਉਨ੍ਹਾ ਦੱਸਿਆ ਘਰੇਲੂ ਹਿੰਸਾ ਆਧਨਿਯਮ-2005 ਬਣਾਇਆ ਗਿਆ ਹੈ ਅਤੇ 28 ਅਕਤੂਬਰ 2006 ਨੂੰ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਮਹਿਲਾ ਨਾਲ ਘਰੇਲੂ ਹਿੰਸਾ ਜਿਵੇਂ ਕਿ ਕੁੱਟਮਾਰ, ਉਤਪੀੜਨ, ਗਾਲੀ ਦੇਣਾ, ਤਾਹਨੇ ਮਾਰਨਾ, ਅਪਮਾਨ ਕਰਨਾ, ਦਹੇਜ ਮੰਗਣਾ, ਸਰੀਰਕ ਹਿੰਸਾ, ਯੌਨ ਸ਼ੋਸ਼ਣ, ਮਾਨਸਿਕ ਹਿੰਸਾ, ਭਾਵਨਾਤਮਕ ਹਿੰਸਾ, ਆਰਥਿਕ ਤੰਗੀ ਆਦਿ ਘਰੇਲੂ ਹੁੰਦੀ ਹੈ। ਪੀੜਤ ਔਰਤ ਹੈਲਪ ਲਾਈਨ ਨੰਬਰ 181, 1091 ਤੇ 112 'ਤੇ ਘਰੇਲੂ ਹਿੰਸਾ ਸਬੰਧੀ ਫੋਨ ਕਰਕੇ ਜਾਣਕਾਰੀ ਦੇ ਸਕਦੀ ਹੈ। ਇਸ ਮੌਕੇ ਸੁਪਰਵਾਈਜ਼ਰ ਕਮਲੇਸ਼ ਰਾਣੀ, ਗੁਰਮੀਤ ਕੌਰ, ਰਾਜਿੰਦਰ ਕੌਰ, ਸੁਰਿੰਦਰ ਕੌਰ, ਕੁਲਵੰਤ ਕੌਰ ਨੀਲੋਂ, ਨੀਲਮ ਰਾਣੀ ਆਦਿ ਮੌਜੂਦ ਸਨ।

## ਗਲਾਡਾ ਨੇ ਵੱਖ-ਵੱਖ ਪਿੰਡਾਂ 'ਚ 300 ਏਕੜ ਤੋਂ ਵੱਧ ਜ਼ਮੀਨ ਤੋਂ ਕਬਜ਼ੇ ਹਟਾਏ



**ਲੁਧਿਆਣਾ (ਰਾਜ ਸਿੰਗਲਾ)**-ਐੱਸ ਸੰਦੀਪ ਰਿਸ਼ੀ ਮੁੱਖ ਪ੍ਰਸ਼ਾਸਕ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੇ ਜ਼ਿਲ੍ਹੇ ਦੇ ਕੂੰਮਕਲਾਂ ਖੇਤਰ ਅਧੀਨ ਪੈਂਦੇ ਸੇਖੋਵਾਲ, ਸਲੇਮਪੁਰ, ਸੈਲਕੀਆਣਾ, ਹੈਦਰ ਨਗਰ, ਗੜ੍ਹੀ ਫੈਜ਼ਲ ਅਤੇ ਗਰਚਾ ਪਿੰਡਾਂ ਵਿੱਚ 300 ਏਕੜ ਤੋਂ ਵੱਧ ਜ਼ਮੀਨ ਵਿੱਚੋਂ ਬੀਜੀਆਂ ਫਸਲਾਂ ਦੇ ਕਬਜ਼ੇ ਹਟਾਏ। ਗਲਾਡਾ ਨੇ ਪੰਚਾਇਤ ਅਤੇ ਸਰਕਾਰ ਤੋਂ ਲਗਭਗ 957 ਏਕੜ ਜ਼ਮੀਨ ਇਕੱਠੀ ਕੀਤੀ ਸੀ।ਪੰਜਾਬ ਸਰਕਾਰ ਦੀ ਤਰਫੋਂ ਭਾਰਤ ਦੇ ਵਿਭਾਗਾਂ ਪ੍ਰਧਾਨ ਮੰਤਰੀ ਮਿੱਤਰ ਸਕੀਮ ਤਹਿਤ ਮੈਗਾ ਟੈਕਸਟਾਈਲ ਪਾਰਕ ਸਥਾਪਤ ਕਰਨ ਲਈ ਜ਼ਮੀਨ ਦੀ ਤਜਵੀਜ਼ ਸੀ।ਓਜਸਵੀ ਅਲੰਕਾਰ ਵਧੀਕ ਮੁੱਖ ਪ੍ਰਸ਼ਾਸਕ ਗਲਾਡਾ ਨੇ ਗਲਾਡਾ ਦੇ ਅਧਿਕਾਰੀਆਂ, ਮਾਲ ਵਿਭਾਗ ਅਤੇ ਪੀ ਐਸ ਪੀ ਸੀ ਐਲ ਦੀ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ, ਜਿਸ ਵਿੱਚ ਭਾਰੀ ਪੁਲਸ ਬਲ ਦੇ ਨਾਲ ਅਭਿਆਨ ਚਲਾਇਆ ਗਿਆ।ਇਸ ਮੁਹਿੰਮ ਦੌਰਾਨ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਮਨਵੀਰ ਕੌਰ, ਨਾਇਬ ਤਹਿਸੀਲਦਾਰ, ਕੂੰਮਕਲਾਂ ਨੂੰ ਸਪੈਸ਼ਲ ਡਿਊਟੀ ਮੈਜਿਸਟਰੇਟ ਨਿਯੁਕਤ ਕੀਤਾ ਗਿਆ ਹੈ, ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੰਕੁਰ ਮਹਿੰਦਰੂ ਅਸਟੇਟ ਅਫਸਰ ਗਲਾਡਾਦੋ ਪੜਾਵਾਂ ਵਿੱਚ ਚਲਾਈ ਗਈ ਇਹ ਮੁਹਿੰਮ 28 ਜੂਨ ਅਤੇ 18 ਜੁਲਾਈ ਦੇ ਪਹਿਲੇ ਪੜਾਅ ਵਿੱਚ ਲਗਭਗ 180 ਏਕੜ ਜ਼ਮੀਨ ਨੂੰ ਬੀਜੀਆਂ ਫਸਲਾਂ ਆਦਿ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਗਿਆ ਹੈ। ਗਲਾਡਾ ਨੇ ਇਸ ਮੁਹਿੰਮ ਦੌਰਾਨ ਭਾਰੀ ਮਸ਼ੀਨਰੀ ਤਾਇਨਾਤ ਕੀਤੀ ਜਿਸ ਵਿੱਚ 6 ਨੰ. ਜੇ ਸੀ ਬੀ ਮਸ਼ੀਨਾਂ ਅਤੇ 07 ਨੰ. ਗਲਾਡਾ ਨੇ ਅਭਿਆਨ ਦੌਰਾਨ ਟਰੈਕਟਰ/ਟਰਾਲੀਆਂ ਆਦਿ ਅਣ-ਅਧਿਕਾਰਤ ਢਾਂਚੇ ਨੂੰ ਢਾਹ ਦਿੱਤਾ, ਬੋਰ ਖੂਹਾਂ, ਇੰਜਣਾਂ ਅਤੇ ਮੋਟਰਾਂ ਨੂੰ ਉਖਾੜ ਦਿੱਤਾ। ਗਲਾਡਾ ਦੀਆਂ ਹਦਾਇਤਾਂ ਅਨੁਸਾਰ ਇਸ ਮੁਹਿੰਮ ਦੌਰਾਨ ਪੀ ਐਸ ਪੀ ਸੀ ਐਲ ਵਿਭਾਗ ਵੱਲੋਂ ਅਣ-ਅਧਿਕਾਰਤ ਬਿਜਲੀ ਕੁਨੈਕਸ਼ਨ ਵੀ ਕੱਟ ਦਿੱਤੇ ਗਏ।

## ਗੁਰੂ ਨਾਨਕ ਕਾਲਜ ਵੱਲੋਂ ਸਾਈਕਲ ਰੈਲੀ ਤੇ ਪੌਦੇ ਲਾਉਣ ਦੀ ਮੁਹਿੰਮ ਦਾ ਆਗਾਜ਼

**ਬੁਢਲਾਡਾ (ਅਸ਼ੋਕ ਲਾਕੜਾ)**-ਕੌਮੀ ਸੇਵਾ ਯੋਜਨਾ ਵਿਭਾਗ, ਈਕੋ ਕਲੱਬ, ਗ੍ਰੀਨ ਬ੍ਰਿਗੇਡ ਸੈੱਲ, ਨੰਨ੍ਹੀ ਛਾਂ ਸੈੱਲ ਤੇ ਸਰੀਰਕ ਸਿੱਖਿਆ ਵਿਭਾਗ ਗੁਰੂ ਨਾਨਕ ਕਾਲਜ ਬੁਢਲਾਡਾ ਵੱਲੋਂ ਵਾਤਾਵਰਨ ਪ੍ਰਤੀ ਜਾਗਰੂਕਤਾ ਮੁਹਿੰਮ ਦਾ ਆਗਾਜ਼ ਬੁਢਲਾਡਾ ਸ਼ਹਿਰ ਵਿੱਚ ਸਾਈਕਲ ਰੈਲੀ ਕੱਢ ਕੇ ਤੇ ਵੱਖ ਵੱਖ ਥਾਵਾਂ 'ਤੇ ਛਾਂਦਾਰ ਤੇ ਫਲਦਾਰ ਬੂਟੇ ਲਗਾ ਕੇ ਕੀਤਾ ਗਿਆ।ਇਸ ਰੈਲੀ ਵਿੱਚ 100 ਦੇ ਕਰੀਬ ਵਲੰਟੀਅਰਾਂ ਨੇ ਹਿੱਸਾ ਲਿਆ ਤੇ ਇਸ ਰੈਲੀ ਨੂੰ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਗੁਰੂ ਨਾਨਕ ਕਾਲਜ ਦੇ ਗੇਟ ਤੋਂ ਸਵੇਰੇ ਸੱਤ ਵਜੇ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੁਹਿੰਮ ਦੀ ਸ਼ਲਾਘਾ ਕਰਦਿਆਂ ਸ੍ਰ. ਗਗਨਦੀਪ ਸਿੰਘ, ਉਪ-ਮੰਡਲ ਮੈਜਿਸਟ੍ਰੇਟ ਬੁਢਲਾਡਾ ਨੇ ਕਿਹਾ ਕਿ ਸੰਸਥਾਵਾਂ ਦੇ ਅਜਿਹੇ ਯਤਨਾਂ ਨਾਲ ਨੌਜਵਾਨਾਂ ਵਰਗ ਨੂੰ ਉਤਸ਼ਾਹ ਮਿਲਦਾ ਹੈ ਤੇ ਉਹ ਪਿੰਡਾਂ/ਸ਼ਹਿਰਾਂ ਵਿੱਚ ਆਪਣੇ ਹਮ-ਉਮਰ ਵਿਦਿਆਰਥੀਆਂ ਨਾਲ ਰਲ ਕੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦੇ ਹਨ।ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਕਿਹਾ ਕਿ ਸਾਈਕਲ ਰੈਲੀ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕਰਨਾ ਹੈ ਤੇ ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਪ੍ਰਸ਼ਾਸਨ ਦੀ ਮਦਦ ਨਾਲ 10000 ਫਲਦਾਰ ਤੇ ਛਾਂਦਾਰ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ।

# ਡਰੇਨ 'ਚ ਉੱਗੀ ਬੂਟੀ ਬਣ ਸਕਦੀ ਐ ਖਤਰੇ ਦੀ ਘੰਟੀ!



**ਭਗਤਾ ਭਾਈ ਕਾ (ਰਾਜੀਵ ਗੋਇਲ)**-ਇੱਕ ਪਾਸੇ ਸੂਬਾ ਸਰਕਾਰ ਆਉਣ ਵਾਲੇ ਸੰਭਾਵੀਂ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਢੁੱਕਵੇਂ ਪ੍ਰਬੰਧ ਕਰ ਰਹੀ ਹੈ ਤੇ ਸੂਬੇ ਅੰਦਰੋਂ ਲੰਘਦੀਆਂ ਡਰੇਨਾਂ, ਨਾਲਿਆਂ ਤੇ ਚੋਆਂ ਦੀ ਸਫਾਈ ਕਰਵਾਏ ਜਾਣ ਦੇ ਦਾਅਵੇ ਠੋਕ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਹਕੀਕਤ ਕੁਝ ਹੋਰ ਹੀ ਹੈ। ਸਥਾਨਕ ਸ਼ਹਿਰ ਵਿੱਚੋਂ ਲੰਘਦੀ ਡਰੇਨ ਬੀਤੇ ਕਈ ਸਾਲਾਂ ਤੋਂ ਸਫਾਈ ਦੀ ਉਡੀਕ ਕਰ ਰਹੀ ਹੈ। ਇਸ ਡਰੇਨ ਵਿੱਚ ਪਹਾੜੀ ਕਿੱਕਰਾਂ ਵੀ ਵੱਡੇ ਦਰੱਖਤਾਂ ਦੇ ਰੂਪ ਵਿੱਚ ਉੱਗੀਆਂ ਦੇਖੀਆਂ ਜਾ ਸਕਦੀਆਂ ਹਨ। ਡਰੇਨ ਵਿੱਚ ਲੰਮੀ-ਲੰਮੀ ਬੂਟੀ ਉੱਗੀ ਪਈ ਹੈ ਤੇ ਕੂੜੇ ਦੇ ਢੇਰ ਲੱਗੇ ਪਏ ਹਨ, ਪਰ ਮਹਿਕਮੇ ਵੱਲੋਂ ਇਸ ਡਰੇਨ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਧਰ ਇੱਕ ਪੰਜਾਬੀ ਅਖਬਾਰ ਦੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਖਬਰ ਅਨੁਸਾਰ ਮਾਲ, ਮੁੜ-ਵਸੇਬਾ ਤੇ ਆਫਤ ਪ੍ਰਬੰਧਨ ਮੰਤਰੀ ਬ੍ਰਹਮਸ਼ੰਕਰ ਜਿੰਪਾ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸੂਬੇ ਦੇ ਸਾਰੇ ਹੀ 23 ਜ਼ਿਲ੍ਹਿਆਂ ਵਿੱਚ ਡਰੇਨਾਂ ਤੇ ਨਾਲਿਆਂ ਦੀ ਸਫਾਈ ਕਰਵਾ ਦਿੱਤੀ ਗਈ ਹੈ, ਜਿਸ ਲਈ ਵਿੱਤੀ ਸਹਾਇਤਾ ਪਹਿਲਾਂ ਤੋਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਜਿਉਂ ਹੀ ਇਹ ਖਬਰ ਸਥਾਨਕ ਸਟੇਸ਼ਨ ਦੇ 'ਨਵਾਂ ਜ਼ਮਾਨਾ' ਅਖ਼ਬਾਰ ਦੇ ਪੱਤਰਕਾਰ ਦੇ ਕੰਨਾਂ ਤੱਕ ਪਈ ਤਾਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਡਰੇਨ ਦਾ ਬਹੁਤ ਭੈੜਾ ਹਾਲ ਦੇਖਣ ਨੂੰ ਮਿਲਿਆ। ਦੇਖਿਆ ਗਿਆ ਕਿ ਡਰੇਨ ਵਿੱਚ ਉੱਘੀ ਇਹ ਬੂਟੀ ਤੇ ਹੋਰ ਕੂੜਾ ਕਰਕਟ ਕਦੇ ਵੀ ਸਥਾਨਕ ਨਗਰ ਲਈ ਖਤਰੇ ਦੀ ਘੰਟੀ ਬਣ ਸਕਦੀ ਹੈ। ਜਦੋਂ ਇਹ ਮਾਮਲਾ ਨਾਇਬ ਤਹਿਸੀਲਦਾਰ ਭਗਤਾ ਰਮਨਦੀਪ ਕੌਰ ਦੇ ਧਿਆਨ ਹਿੱਤ ਕਰਵਾਇਆ ਗਿਆ ਤਾਂ ਉਨ੍ਹਾਂ ਵੱਲੋਂ ਅਗਲੇਰੀ ਕਾਰਵਾਈ ਕੀਤੇ ਜਾਣ ਸੰਬੰਧੀ ਵਿਸ਼ਵਾਸ ਦਿੱਤਾ ਗਿਆ। ਹੁਣ ਦੇਖਣਾ ਇਹ ਹੋਵੇਗਾ ਕਿ ਮਹਿਕਮੇ ਵੱਲੋਂ ਕਦੋਂ ਤੱਕ ਇਸ ਡਰੇਨ ਦੀ ਸਫਾਈ ਕਰਵਾਈ ਜਾਂਦੀ ਹੈ ਜਾਂ ਫਿਰ ਸਥਾਨਕ ਲੋਕਾਂ ਨੂੰ ਭਵਿੱਖ ਲਈ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਜਾਵੇਗਾ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

## 'ਆਪ ਦੀ ਸਰਕਾਰ ਆਪ ਦੇ ਦੁਆਰ' ਕੈਂਪ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਸਹਾਈ ਸਿੱਧ ਹੋ ਰਹੀ ਹੈ।ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਦੇ ਦਰਾਂ ਨੇੜੇ ਸਪੈਸ਼ਲ ਕੈਂਪ ਲਗਾ ਕੇ ਉਨ੍ਹਾਂ ਦੀਆਂ ਸਾਂਝੀਆਂ, ਨਿੱਜੀ ਤੇ ਜਾਇਜ਼ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਦਫ਼ਤਰ ਪੰਚਾਇਤ ਮੰਡੀ ਕਲਾਂ ਵਿਖੇ ਲਗਾਏ ਗਏ ਲੋਕ ਭਲਾਈ ਕੈਂਪ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਲਤੀਫ ਅਹਿਮਦ ਨੇ ਸਾਂਝੀ ਕੀਤੀ।ਕੈਂਪ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਲਤੀਫ ਅਹਿਮਦ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿਹਤ, ਸਿੱਖਿਆ ਤੋਂ ਇਲਾਵਾ ਵਿਕਾਸ ਦੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਹਰ ਸੰਭਵ ਯਤਨ ਤੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ।ਇਸ ਦੌਰਾਨ ਉਨ੍ਹਾਂ ਆਮ ਲੋਕਾਂ ਨੂੰ ਇਹ ਵੀ ਖਾਸ ਅਪੀਲ ਕੀਤੀ ਕਿ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਇਨ੍ਹਾਂ ਕੈਂਪਾਂ ਦਾ ਲਾਹਾ ਜ਼ਰੂਰ ਲੈਣ ਤੇ ਆਪਣੀਆਂ ਸਮੱਸਿਆਵਾਂ ਸਬੰਧੀ ਲਿਖਤੀ ਦਰਖਾਸਤਾਂ ਲਿਆਉਣੀਆਂ ਯਕੀਨੀ ਬਣਾਉਣ।

ਕੈਂਪ ਮੌਕੇ ਪਿੰਡ ਮੰਡੀ ਕਲਾਂ ਤੋਂ ਇਲਾਵਾ ਪਿੰਡ ਖੋਖਰ, ਢੱਡੇ, ਰਾਮਣਵਾਸ, ਮੰਡੀ ਖੁਰਦ ਆਦਿ ਨੇੜਲੇ ਪਿੰਡਾਂ ਦੇ ਲੋਕ ਆਪਣੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਲੈ ਕੇ ਪਹੁੰਚੇ, ਜਿਨ੍ਹਾਂ 'ਚੋਂ ਬਹੁਤੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਤੇ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।ਇਸ ਮੌਕੇ ਐੱਸ ਡੀ ਐੱਮ ਮੌੜ ਨਰਿੰਦਰ ਸਿੰਘ ਧਾਲੀਵਾਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਰਿਮਟ ਵਿਖੇ ਜਾਗਰੂਕਤਾ ਸੈਮੀਨਾਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਮਾਜ ਦੇ ਹਰ ਵਰਗ ਨੂੰ ਇਨਸਾਫ ਦਿਵਾਉਣ ਵਾਸਤੇ ਹੇਠਲੇ ਪੱਧਰ 'ਤੇ ਜਾ ਕੇ ਉਨ੍ਹਾਂ ਦੀ ਜੀਵਨ ਪ੍ਰਣਾਲੀ ਦਾ ਵਿਸ਼ਲੇਸ਼ਣ ਕਰਕੇ ਹੀ ਜਾਣਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਸਹੀ ਅਰਥਾਂ ਵਿੱਚ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਹਰ ਵਰਗ ਨੂੰ ਪਹੁੰਚਾਉਣ ਲਈ ਨਿਆਂ ਪ੍ਰਣਾਲੀ ਵਿਸ਼ੇਸ਼ ਤੌਰ 'ਤੇ ਸਹਾਈ ਹੁੰਦੀ ਹੈ, ਤਾਂ ਜੋ ਕਿਸੇ ਵੀ ਵਿਅਕਤੀ ਨੂੰ ਨਾਇਨਸਾਫੀ ਦਾ ਸਾਹਮਣਾ ਨਾ ਕਰਨਾ ਪਵੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪ੍ਰਤੀਨਿਧ ਐਡਵੋਕੇਟ ਪ੍ਰਵੀਨ ਕੌਰ ਨੇ ਰਿਮਟ ਯੂਨੀਵਰਸਿਟੀ ਵਿਖੇ ਵਿਸ਼ਵ ਨਿਆਂ ਦਿਵਸ ਮੌਕੇ ਕਾਨੂੰਨ ਵਿਭਾਗ ਵੱਲੋਂ ਆਯੋਜਤ ਜਾਗਰੂਕਤਾ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਐਡਵੋਕੇਟ ਪ੍ਰਵੀਨ ਕੌਰ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾਂਦੀਆਂ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਣੂ ਕਰਵਾਇਆ।ਉਨ੍ਹਾ ਦੱਸਿਆ ਕਿ ਹਿਰਾਸਤ ਵਿੱਚ ਵਿਅਕਤੀ, ਔਰਤਾਂ, ਬੱਚੇ, ਬੇਗਾਰ ਦੇ ਸ਼ਿਕਾਰ, ਅਨੁਸੂਚਿਤ ਜਾਤੀ ਜਾਂ ਕਬੀਲੇ ਦੇ ਮੈਂਬਰ, ਮਾਨਸਿਕ ਰੋਗੀ, ਕੁਦਰਤੀ ਆਫਤਾਂ ਦੇ ਮਾਰੇ, ਉਦਯੋਗਿਕ ਕਾਮੇ ਤੇ ਹਰ ਉਹ ਵਿਅਕਤੀ, ਜਿਸ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਵੇ, ਨੂੰ ਮੁਫਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਇਹ ਵੀ ਜਾਣੂ ਕਰਵਾਇਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਮਝੌਤਾ ਸਦਨ ਵਿਖੇ ਇੱਕ ਵਿਚੋਲਗਿਰੀ ਕੇਂਦਰ ਵੀ ਸਥਾਪਤ ਕੀਤਾ ਗਿਆ ਹੈ, ਜਿੱਥੇ ਕਿ ਵੱਖ-ਵੱਖ ਅਦਾਲਤਾਂ ਵੱਲੋਂ ਭੇਜੇ ਗਏ ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਂਦਾ ਹੈ।

## ਸੇਵਾ ਭਾਵਨਾ ਸੁਸਾਇਟੀ ਨੇ ਵੱਖ ਵੱਖ ਥਾਈਂ ਬੂਟੇ ਲਗਾਏ



**ਮੱਖੂ (ਰਛਪਾਲ ਸਿੰਘ ਸੰਧੂ)**-ਵਾਤਾਵਰਣ ਨੂੰ ਬਚਾਉਣ ਦਾ ਸੰਕਲਪ ਲੈਂਦਿਆਂ ਸੇਵਾ ਭਾਵਨਾ ਸੁਸਾਇਟੀ ਮੱਖੂ ਦੇ ਮੈਂਬਰਾਂ ਵੱਲੋਂ ਸ਼ਹਿਰ ਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਬੂਟੇ ਲਗਾਏ ਗਏ।ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਜਸਬੀਰ ਸਿੰਘ ਭੁੱਲਰ ਤੇ ਡਾ. ਰਜੀਵ ਅਹੂਜਾ ਨੇ ਕਿਹਾ ਕਿ ਵਾਤਾਵਰਣ ਨੂੰ ਹਰਾ ਭਰਾ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਕਿਉਂਕਿ ਦਿਨੋਂ ਦਿਨ ਪਾਣੀ ਹੇਠਾਂ ਜਾ ਰਿਹਾ ਹੈ, ਧਰਤੀ ਦੀ ਤਪਸ਼ ਵਧਦੀ ਰਹੀ ਹੈ ਤੇ ਵਾਤਾਵਰਣ ਗੰਧਲਾ ਹੁੰਦਾ ਜਾ ਰਿਹਾ ਹੈ।ਇਸ ਲਈ ਸਾਨੂੰ ਸਾਰਿਆਂ ਨੂੰ ਛਾਂਦਾਰ, ਫਲਾਂ ਤੇ ਫੁੱਲਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਸਾਡਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਸਭ ਕੁਦਰਤ ਨਾਲ ਇੱਕ ਮਿੱਕ ਹੋ ਕੇ ਵੱਧ ਤੋਂ ਵੱਧ ਬੂਟੇ ਤੇ ਰੁੱਖ ਲਗਾਈਏ ਤਾਂ ਜੋ ਸਾਡਾ ਜੀਵਨ ਖੁਸ਼ਹਾਲ ਹੋ ਸਕੇ।ਇਸ ਮੌਕੇ ਸੇਵਾ ਭਾਵਨਾ ਸੁਸਾਇਟੀ ਮਖੂ ਦੇ ਮੈਂਬਰ ਰਾਜ ਪਾਲ ਕੰਧਾਰੀ, ਸੌਰਵ ਅਹੂਜਾ, ਸੁਰਜੀਤ ਸਿੰਘ ਯੂ ਕੇ, ਦਲਜੀਤ ਸਿੰਘ ਕੈਨੇਡਾ, ਗੁਰਪ੍ਰੀਤ ਸਿੰਘ ਪ੍ਰੀਤਾ, ਅਮਿਤ ਅਰੋੜਾ, ਕੁਲਵਿੰਦਰ ਸਿੰਘ, ਗਗਨਦੀਪ ਸਿੰਘ ਢਿੱਲੋਂ, ਕੁਲਦੀਪ ਸਿੰਘ ਆਸ਼ੀਕੇ, ਡਾ. ਸੁਖਚੈਨ ਸਿੰਘ ਵਰਪਾਲ, ਸਤਨਾਮ ਸਿੰਘ ਕਿੱਲੀ ਬੋਦਲਾਂ ਆਦਿ ਹਾਜ਼ਰ ਸਨ।

## ਪ੍ਰਾਪਰਟੀ ਡੀਲਰ ਵੱਲੋਂ ਖ਼ੁਦਕੁਸ਼ੀ, ਪੰਜ ਵਿਅਕਤੀਆਂ ਖਿਲਾਫ ਮਾਮਲਾ ਦਰਜ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)**-ਹਲਕਾ ਖੇਮਕਰਨ ਅਧੀਨ ਪੈਂਦੇ ਪਿੰਡ ਰਾਜੋਕੇ ਤੋਂ ਮਨਦੀਪ ਸਿੰਘ ਨਾਮਕ ਪ੍ਰਾਪਰਟੀ ਡੀਲਰ ਵੱਲੋਂ ਖ਼ੁਦ ਨੂੰ ਗੋਲੀ ਮਾਰ ਕੇ ਆਤਮਹੱਤਿਆ ਕਰ ਲੈਣ ਦੀ ਖ਼ਬਰ ਸਾਹਮਣੇ ਆਈ ਹੈ।ਪੁਲਸ ਨੂੰ ਦਰਜ ਕਰਵਾਏ ਬਿਆਨਾਂ ਵਿੱਚ ਮ੍ਰਿਤਕ ਵਿਅਕਤੀ ਦੀ ਪਤਨੀ ਰਮਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਖੇਤੀਬਾੜੀ ਦੇ ਨਾਲ-ਨਾਲ ਪ੍ਰਾਪਰਟੀ ਡੀਲਰ ਦਾ ਸਾਂਝਾ ਕੰਮ ਪ੍ਰਭਜੀਤ ਸਿੰਘ ਤੇ ਪਰਮਜੀਤ ਪੁੱਤਰ ਬਖਸ਼ੀਸ਼ ਸਿੰਘ ਵਾਸੀ ਭਿੱਖੀਵਿੰਡ ਨਾਲ ਕਰਦਾ ਸੀ।ਰਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਨੇ ਪ੍ਰਭਜੀਤ ਸਿੰਘ ਤੇ ਪਰਮਜੀਤ ਸਿੰਘ ਤੋਂ ਪੈਸੇ ਲੈਣੇ ਸਨ, ਪ੍ਰੰਤੂ ਉਪਰੋਕਤ ਦੋਵੇਂ ਵਿਅਕਤੀ ਉਨ੍ਹਾਂ ਦੇ ਪੈਸੇ ਨਹੀਂ ਦੇ ਰਹੇ ਸਨ।ਰਮਨਦੀਪ ਕੌਰ ਨੇ ਕਿਹਾ ਕਿ ਉਸ ਦਾ ਪਤੀ ਪੈਸਿਆਂ ਨੂੰ ਲੈ ਕੇ ਬਹੁਤ ਚਿੰਤਿਤ ਸੀ।ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਪਰਸੋਂ ਰਾਤ ਉਸ ਦਾ ਪਤੀ ਉਪਰੋਕਤ ਵਿਅਕਤੀਆਂ ਦੇ ਘਰ ਪੈਸੇ ਲੈਣ ਲਈ ਗਿਆ ਸੀ, ਪ੍ਰੰਤੂ ਪੈਸੇ ਦੇਣ ਦੀ ਬਜਾਏ ਪ੍ਰਭਜੀਤ ਸਿੰਘ, ਪਰਮਜੀਤ ਸਿੰਘ, ਅਮਰਬੀਰ ਸਿੰਘ, ਅਰਸ਼ ਤੇ ਹਰਮਨ ਨੇ ਉਸ ਦੇ ਪਤੀ ਨੂੰ ਗਾਲੀ ਗਲੋਚ ਕਰਕੇ ਘਰੋਂ ਕੱਢ ਦਿੱਤਾ।ਇਸ ਤੋਂ ਬਾਅਦ ਉਸ ਦਾ ਪਤੀ ਆਪਣੇ ਦੋਸਤ ਦੇ ਘਰ ਪਹੂਵਿੰਡ ਵਿਖੇ ਚਲਾ ਗਿਆ, ਜਿੱਥੇ ਮਾਨਸਿਕ ਚਿੰਤਾ ਦੇ ਚੱਲਦਿਆਂ ਉਸ ਨੇ ਆਪਣੇ ਹੀ ਲਾਇਸੰਸੀ ਪਿਸਤੌਲ ਨਾਲ ਖੁਦ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।ਮ੍ਰਿਤਕ ਦੀ ਪਤਨੀ ਰਮਨਦੀਪ ਕੌਰ ਨੇ ਪੁਲਸ ਪ੍ਰਸ਼ਾਸਨ ਪਾਸੋਂ ਉਕਤ ਵਿਅਕਤੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਭੇਜਣ ਦੀ ਮੰਗ ਕੀਤੀ ਹੈ।

ਇਸ ਮੌਕੇ ਥਾਣਾ ਮੁਖੀ ਭਿੱਖੀਵਿੰਡ ਹਰਪ੍ਰੀਤ ਸਿੰਘ ਵਿਰਕ ਨੇ ਕਿਹਾ ਕਿ ਮ੍ਰਿਤਕ ਵਿਅਕਤੀ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

## ਪੀ ਟੀ ਏ ਫੰਡ ਵਸੂਲਣ ਖਿਲਾਫ ਵਿਦਿਆਰਥੀਆਂ ਨੇ ਦਿੱਤਾ ਮੰਗ ਪੱਤਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਸੁਖਦੀਪ ਸਿੰਘ ਹਥਨ ਤੇ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਵੱਲੋਂ ਕਰਨਵੀਰ ਸਿੰਘ ਵਾਲੀਆ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪਿਛਲੇ ਦਿਨਾਂ ਵਿੱਚ ਕਾਂਸਟੀਚੁਐਂਟ ਕਾਲਜਾਂ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਹੋਇਆ ਹੈ, ਜਿਸ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਆ ਰਹੇ ਦਲਿਤ ਵਿਦਿਆਰਥੀਆਂ ਤੋਂ ਪੀ.ਟੀ.ਏ. ਫੰਡ ਵਸੂਲਣ ਹਦਾਇਤ ਦਿੱਤੀ ਗਈ ਹੈ, ਜੋ ਕਿ ਆਪਣੇ ਆਪ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਉਲੰਘਣਾ ਹੈ।ਇਸ ਨਾਲ ਪ੍ਰਤੀ ਵਿਦਿਆਰਥੀ 1650 ਰੁਪਏ ਦੇ ਕਰੀਬ ਪੀ.ਟੀ.ਏ. ਫੰਡ ਵਸੂਲਿਆ ਜਾਵੇਗਾ, ਜਿਸ ਨਾਲ ਵਿਦਿਆਰਥੀਆਂ ਉਪਰ ਆਰਥਿਕ ਬੋਝ ਪਵੇਗਾ।

ਇਸ 'ਤੇ ਪੰਜਾਬ ਸਟੂਡੈਂਟਸ ਯੂਨੀਅਨ ਤੇ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਦੇ ਨਾਂ ਯੂਨੀਵਰਸਿਟੀ ਕਾਲਜ ਬੇਨੜਾ ਰਾਹੀਂ ਮੰਗ ਪੱਤਰ ਭੇਜਿਆ ਗਿਆ, ਜਿਸ ਵਿੱਚ ਉਨ੍ਹਾਂ ਮੰਗ ਕੀਤੀ ਕਿ ਵਿਦਿਆਰਥੀਆਂ ਤੋਂ ਪੀ.ਟੀ.ਏ. ਫੰਡ ਲੈਣ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਾਲਜ ਇਕਾਈ ਦੇ ਸ਼ੈਰੀ ਕਹੇਰੂ ਮਨਪ੍ਰੀਤ ਸਿੰਘ ਟਿੱਬਾ ਤੇ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੇ ਹੈਪੀ ਸਿੰਘ ਸਾਰੋ ਤੇ ਗੁਰਮੀਤ ਸਿੰਘ ਬੇਨੜਾ ਆਦਿ ਹਜ਼ਰ ਸਨ।

## ਲੱਖੋਕੇ ਬਹਿਰਾਮ ਚੱਲੀਆਂ ਗੋਲੀਆਂ, ਦੋ ਜ਼ਖਮੀ

### *ਇਕ ਗ੍ਰਿਫਤਾਰ, 6 ਖਿਲਾਫ ਕੀਤਾ ਮਾਮਲਾ ਦਰਜ*

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੱਖੋਕੇ ਬਹਿਰਾਮ ਵਿਖੇ ਬਿਜਲੀ ਦੇ ਟਰਾਂਸਫਾਰਮਰ ਦੀ ਬਹਿਸ ਨੂੰ ਲੈ ਕੇ ਚੱਲੀਆਂ ਗੋਲੀਆਂ ਵਿੱਚ ਦੋ ਵਿਅਕਤੀਆਂ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ 6 ਖਿਲਾਫ 109 ਬੀਐੱਨਐੱਸ ਅਤੇ 27, 45, 59 ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਖਸ਼ੀਸ਼ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਲੱਖੋਕੇ ਬਹਿਰਾਮ ਨੇ ਦੱਸਿਆ ਕਿ ਉਸ ਦੀ ਗਲੀ ਵਿੱਚ ਬਿਜਲੀ ਮਹਿਕਮੇ ਵੱਲੋਂ ਕੇਬਲ ਪਾਈ ਜਾ ਰਹੀ ਸੀ, ਜਿਸ ਵਿੱਚ ਉਸ ਦਾ ਲੜਕਾ ਵਿਪਨਜੀਤ ਸਿੰਘ ਵੀ ਉਨ੍ਹਾਂ ਦੇ ਨਾਲ ਕੰਮ ਕਰ ਰਿਹਾ ਸੀ ਤਾਂ ਦੋਸ਼ੀਆਨ ਮਾਸਟਰ ਸਤਵਿੰਦਰ ਸਿੰਘ ਪੁੱਤਰ ਦਲਜੀਤ ਸਿੰਘ, ਗੁਰਪ੍ਰੀਤ ਸੰਘਿ ਉਰਫ ਸੋਨੂੰ ਪੁੱਤਰ ਬਲਵਿੰਦਰ ਸਿੰਘ, ਤਰਸੇਮ ਸਿੰਘ ਪੁੱਤਰ ਬਚਨ ਸਿੰਘ, ਮਨਜੀਤ ਸਿੰਘ ਪੁੱਤਰ ਤਰਸੇਮ ਸਿੰਘ, ਰਣਜੀਤ ਸਿੰਘ ਪੁੱਤਰ ਤਰਸੇਮ ਸਿੰਘ ਤੇ ਮਨਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਲੱਖੋਕੇ ਬਹਿਰਾਮ, ਜੋ ਉਸ ਦੇ ਲੜਕੇ ਨਾਲ ਟਰਾਂਸਫਾਰਮਰ ਨੂੰ ਲੈ ਕੇ ਬਹਿਸ ਕਰਨ ਲੱਗ ਪਏ, ਜਿਨ੍ਹਾਂ ਨੂੰ ਰੋਕਣ 'ਤੇ ਦੋਸ਼ੀਆਨ ਨੇ ਹਮਮਸ਼ਵਰਾ ਹੋ ਕੇ ਉਸ ਦੇ ਅਤੇ ਚਰਨ ਸਿੰਘ ਪੁੱਤਰ ਬੂਟਾ ਸਿੰਘ ਦੋਵਾਂ ਉਪਰ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਉਹ ਤੇ ਚਰਨ ਸਿੰਘ ਜ਼ਖਮੀਂ ਹੋ ਗਏ। ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਆਵਾਸ ਯੋਜਨਾ ਤਹਿਤ ਲਾਭਪਾਤਰੀਆਂ ਨੂੰ 17.30 ਲੱਖ ਦੀ ਰਾਸ਼ੀ ਵੰਡੀ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦੀ ਯੋਗ ਅਗਵਾਈ ਹੇਠ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਤੇ ਸਰਕਾਰੀ ਯੋਜਨਾਵਾਂ ਦੀ ਚੱਲ ਰਹੀ ਲੜੀ ਵਜੋਂ ਅੱਜ ਅਵਾਸ ਯੋਜਨਾ ਤਹਿਤ ਨਗਰ ਪੰਚਾਇਤ ਮਮਦੋਟ ਅਧੀਨ ਆਉਂਦੇ ਖੇਤਰ ਦੇ 47 ਲਾਭਪਾਤਰੀਆਂ ਨੂੰ ਮਕਾਨ (ਘਰ) ਬਣਾਉਣ ਵਾਸਤੇ 17 ਲੱਖ 30 ਹਜ਼ਾਰ ਰੁਪਏ ਦੀ ਰਾਸ਼ੀ ਤਕਸੀਮ ਕੀਤੀ ਗਈ। ਹਾਜ਼ਰ ਲਾਭ ਪਾਤਰੀਆਂ ਨੂੰ ਸੰਬੋਧਨ ਕਰਦਿਆਂ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ ਤੇ ਉਪ ਪ੍ਰਧਾਨ ਦਲਜੀਤ ਸਿੰਘ ਬਾਬਾ ਨੇ ਦੱਸਿਆ ਕਿ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਦਿੱਤੇ ਨਾਅਰੇ ਪੰਜਾਬ ਸਰਕਾਰ ਲੋਕਾਂ ਦੇ ਦੁਆਰ ਤਹਿਤ ਹੁਣ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਵਾਸਤੇ ਲਾਭਪਾਤਰੀਆਂ ਨੂੰ ਸਰਕਾਰੀ ਦਫਤਰਾਂ ਵਿੱਚ ਖੱਜਲ ਖੁਆਰ ਨਹੀਂ ਹੋਣਾ ਪਵੇਗਾ ਤੇ ਅੱਜ ਦੀ ਤਰ੍ਹਾਂ ਹੀ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਆਵਾਸ ਯੋਜਨਾ ਤਹਿਤ ਮਿਲਣ ਵਾਲੀ ਰਾਸ਼ੀ ਦੀਆਂ ਕਿਸ਼ਤਾਂ ਉਨ੍ਹਾਂ ਦੇ ਬੈਂਕ ਖਾਤਿਆਂ ਰਾਹੀਂ ਮੁਹੱਈਆ ਕਰਾ ਦਿੱਤੀਆਂ ਜਾਣਗੀਆਂ। ਇਸ ਮੌਕੇ ਹਾਜ਼ਰ ਲਾਭਪਾਤਰੀਆਂ ਨੂੰ ਨਗਰ ਪੰਚਾਇਤ ਦੀ ਤਰਫੋਂ ਲੱਡੂ ਵੀ ਵੰਡੇ ਗਏ ਤੇ ਚਾਹ ਪਾਣੀ ਵੀ ਪਿਲਾਇਆ ਗਿਆ। ਇਸ ਮੌਕੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ, ਅਨੁਰਾਧਾ ਐਮ ਸੀ, ਐਲਸ ਬੀਬੀ ਐੱਮ ਸੀ, ਕੇਵਲ ਕ੍ਰਿਸ਼ਨ ਵਿਪਿਨ, ਸੁਰਿੰਦਰ ਕੁਮਾਰ ਸੋਨੂੰ ਸੇਠੀ ਐੱਮ ਸੀ, ਸਾਜਨ ਮਮਦੋਟ, ਗੁਰਪ੍ਰੀਤ ਬਹਿਲ, ਤ੍ਰਿਪਤਾ ਰਾਣੀ ਜਨਰਲ ਇੰਸਪੈਕਟਰ, ਗੁਰਪ੍ਰੀਤ ਬਹਿਲ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਹਾਜ਼ਰ ਸਨ।


AXIS BANK

**Axis Bank Ltd. : Retail Asset Center** : 2nd and 3rd Floor, Property No. # 7-E, Municipal 3903/1142/16, Malhar Road, Saraabha Nagar, Ludhiana -141001
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਅੰਤਿਕਾ IV ਹਵਾਲਾ ਰੂਲ 8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਦੇ ਨਾਤੇ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸ : ਅਨੰਦ ਲਾਈਮ ਸਟੋਨਜ਼ ਨੂੰ ਕਰਜ਼ਾ ਖਾਤਾ ਨੰ. 917030085284669 ਅਤੇ 921060051495343 ਵਿਰੁੱਧ 01.03.2024 ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁ. 16,90,402/- (ਸੋਲਾਂ ਲੱਖ ਨੱਬੇ ਹਜ਼ਾਰ ਚਾਰ ਸੌ ਦੋ ਰੁਪਏ ਕੇਵਲ) ਸਮੇਤ ਇਸ 'ਤੇ ਭਵਿੱਖੀ ਅਨਲਾਗੂ ਵਿਆਜ ਅਤੇ ਲਾਗਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 04 ਮਾਰਚ 2024 ਨੂੰ ਜਾਰੀ ਕੀਤਾ ਸੀ। ਉਪਰੋਕਤ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ/ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ /ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 17 ਜੁਲਾਈ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਨ੍ਹਾਂ ਜਾਇਦਾਦਾਂ ਸੰਬੰਧੀ ਕਿਸਮੇ ਕਿਸਮ ਦੀ ਸੌਦੇਬਾਜ਼ੀ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਜਾਇਦਾਦਾਂ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ 01-03-2024 ਨੂੰ ਬਕਾਇਆ ਰਕਮ ਰੁ. 16,90,402/- (ਸੋਲਾਂ ਲੱਖ ਨੱਬੇ ਹਜ਼ਾਰ ਚਾਰ ਸੌ ਦੋ ਰੁਪਏ ਕੇਵਲ) ਸਮੇਤ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਇਕਰਾਰਨਾਮੇ ਅਨੁਸਾਰ ਵਿਆਜ ਦੀ ਦਰ ਨਾਲ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 6383 ਮਿਤੀ 11.03.2004 ਅਨੁਸਾਰ ਕਮਲ ਅਨੰਦ ਪੁੱਤਰ ਵਿਜੇ ਕੁਮਾਰ ਅਨੰਦ ਅਤੇ ਪੂਜਾ ਅਨੰਦ ਪਤਨੀ ਕਮਲ ਅਨੰਦ ਦੀ ਮਲਕੀਅਤ ਗੈਰ ਖੇਤੀਬਾੜੀ ਵਾਲੀ ਜਾਇਦਾਦ ਜੋ ਕਿ ਮਕਾਨ ਨੰ. 12, ਖਸਰਾ ਨੰ. 542/324, 325, ਰਕਬਾ 8 ਮਰਲੇ, 164 ਵਰਗ ਫੁੱਟ, ਗਰੀਨ ਮਾਡਲ ਟਾਊਨ, ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ

ਮਿਤੀ : 17.07.2024, ਸਥਾਨ : ਜਲੰਧਰ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ


## ਡੀ ਈ ਓ ਵੱਲੋਂ ਸਕੂਲ ਮੁਖੀਆਂ ਨੂੰ ਜਾਰੀ 'ਕਾਰਨ ਦੱਸੋ' ਨੋਟਿਸ ਤੁਰੰਤ ਵਾਪਸ ਹੋਣ : ਡੀ ਟੀ ਐੱਫ

**ਲੰਬੀ ਗੈਰ-ਹਾਜ਼ਰੀ ਜਾਂ ਦੂਜੇ ਸਕੂਲਾਂ 'ਚ ਸ਼ਿਫਟ ਬੱਚਿਆਂ ਦੇ ਨਾਂਅ ਕੱਟਣੇ ਗੈਰ-ਕਾਨੂੰਨੀ ਨਹੀਂ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿ) ਵੱਲੋਂ ਜਾਰੀ 'ਕਾਰਨ ਦੱਸੋ' ਨੋਟਿਸ ਦਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਗੈਰ ਹਾਜ਼ਰ ਤੇ ਦੂਜੀਆਂ ਵਿੱਦਿਅਕ ਸੰਸਥਾਵਾਂ ਵਿੱਚ ਸ਼ਿਫਟ ਹੋਏ ਵਿਦਿਆਰਥੀਆਂ ਦੇ ਨਾਂ ਕੱਟਣਾ ਕੋਈ ਗੈਰ-ਕਾਨੂੰਨੀ ਪ੍ਰਕਿਰਿਆ ਨਹੀਂ ਹੈ, ਜੇਕਰ ਕੋਈ ਮਾਪੇ ਆਪਣੇ ਬੱਚੇ ਦਾ ਸਕੂਲ ਵਿੱਚੋਂ ਨਾਂ ਕਟਵਾਉਣਾ ਚਾਹੁੰਦੇ ਹਨ ਜਾਂ ਵਿਦਿਆਰਥੀ ਲਗਾਤਾਰ ਕਈ ਕਈ ਮਹੀਨੇ ਗੈਰ-ਹਾਜ਼ਰ ਰਹਿੰਦਾ ਹੈ ਜਾਂ ਮਾਪਿਆਂ ਨੇ ਪਿੰਡ/ਸ਼ਹਿਰ ਛੱਡ ਦਿੱਤਾ ਹੈ ਤਾਂ ਅਜਿਹੀ ਹਾਲਤ ਵਿੱਚ ਵਿਦਿਆਰਥੀਆਂ ਦੇ ਨਾਂ ਕੱਟਣੇ ਹੀ ਪੈਂਦੇ ਹਨ।ਸਕੂਲ ਨਾ ਆਉਣ ਵਾਲੇ ਅਜਿਹੇ ਵਿਦਿਆਰਥੀਆਂ ਦੇ ਨਾਮ ਰਿਕਾਰਡ ਵਿੱਚ ਬੋਲਦੇ ਰਹਿਣ ਕਾਰਨ ਸਰਕਾਰੀ ਸ੍ਰੋਤਾਂ ਤੇ ਗ੍ਰਾਂਟਾਂ ਦੀ ਦੁਰਵਰਤੋਂ ਹੋਣ ਦੇ ਵੀ ਆਸਾਰ ਬਣੇ ਰਹਿੰਦੇ ਹਨ।ਇਸ ਤੋਂ ਇਲਾਵਾ ਕੁਝ ਪ੍ਰਾਈਵੇਟ ਸਕੂਲਾਂ ਵਿੱਚ ਡੰਮੀ ਦਾਖਲੇ ਦੀ ਸਹੂਲਤ ਵੀ ਵਿਦਿਆਰਥੀਆਂ ਨੂੰ ਅਜਿਹੇ ਸਕੂਲਾਂ ਵਿੱਚ ਦਾਖਲੇ ਲੈਣ ਲਈ ਪ੍ਰੇਰਦੀ ਹੈ ਅਤੇ ਵਿਭਾਗ ਅਜਿਹੇ ਸਕੂਲਾਂ 'ਤੇ ਕੋਈ ਕਾਰਵਾਈ ਕਰਨ ਦੀ ਥਾਂ ਇਨ੍ਹਾਂ ਪ੍ਰਤੀ ਨਰਮੀ ਵਾਲਾ ਵਤੀਰਾ ਹੀ ਰੱਖਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਫਿਰੋਜ਼ਪੁਰ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਤੋਂ ਪਹਿਲਾਂ ਸਕੂਲ ਮੁਖੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਤੋਂ ਲਿਖਤੀ ਰੂਪ ਵਿੱਚ ਵਿਦਿਆਰਥੀਆਂ ਦੇ ਨਾਂ ਕੱਟਣ ਸਬੰਧੀ ਕਾਰਨਾਂ ਦਾ ਵੇਰਵਾ ਲਿਆ ਗਿਆ ਸੀ ਤੇ ਹੁਣ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਸਕੂਲ ਮੁਖੀਆਂ 'ਤੇ ਗੈਰ ਵਾਜਬ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਨੋਟਿਸ ਜਾਰੀ ਹੋਣ ਵਾਲੇ ਸਕੂਲ ਮੁਖੀਆਂ ਵਿੱਚੋਂ ਕੁਝ ਸਕੂਲ ਅਜਿਹੇ ਵੀ ਹਨ, ਜਿਨ੍ਹਾਂ ਵਿੱਚ 1000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ, ਇਨ੍ਹਾਂ ਸਕੂਲਾਂ ਵਿੱਚੋਂ ਜੇਕਰ ਲੰਬੀ ਗੈਰ-ਹਾਜ਼ਰੀ ਵਾਲੇ 8-10 ਵਿਦਿਆਰਥੀਆਂ ਦੇ ਨਾਂ ਕੱਟੇ ਵੀ ਗਏ ਹਨ ਤਾਂ ਇਹ ਘਾਟਾ ਨਿਗੂਣਾ ਹੈ ਤੇ ਇਨ੍ਹਾਂ ਸਕੂਲ ਮੁਖੀਆਂ ਨੂੰ ਨੋਟਿਸ ਜਾਰੀ ਕਰਨੇ ਸਰਾਸਰ ਧੱਕੇਸ਼ਾਹੀ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਜਾਰੀ ਨੋਟਿਸ ਸਬੰਧਤ ਮੁਖੀਆਂ ਕੋਲ ਪਹੁੰਚਣ ਤੋਂ ਪਹਿਲਾਂ ਸੋਸ਼ਲ ਮੀਡੀਆ ਕੋਲ ਪਹੁੰਚਣੇ ਵੀ ਜ਼ਿਲ੍ਹਾ ਅਧਿਕਾਰੀ ਦੀ ਗੈਰ-ਜ਼ਿੰਮੇਵਾਰਾਨਾ ਕਾਰਵਾਈ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾਈ ਆਗੂਆਂ ਮਹਿੰਦਰ ਕੌੜਿਆਂਵਾਲੀ ਤੇ ਪਵਨ ਕੁਮਾਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਫਿਰੋਜ਼ਪੁਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕਰਦੇ ਹੋਏ ਉਨ੍ਹਾਂ ਨੂੰ ਇਹ ਨੋਟਿਸ ਵਾਪਸ ਲੈਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਇਸ ਪ੍ਰੈੱਸ ਨੋਟ ਰਾਹੀਂ ਸਿੱਖਿਆ ਮੰਤਰੀ ਪੰਜਾਬ ਤੇ ਡਾਇਰੈਕਟਰ ਸਕੂਲ ਸਿੱਖਿਆ (ਸੈ. ਸਿ.) ਪਾਸੋਂ ਮੰਗ ਕੀਤੀ ਕਿ ਅਜਿਹੇ ਅਧਿਕਾਰੀਆਂ ਨੂੰ ਕਾਬੂ ਵਿੱਚ ਰੱਖਿਆ ਜਾਵੇ ਤਾਂ ਜੋ ਸਕੂਲ ਮੁਖੀ ਬਿਨਾਂ ਦਬਾਅ ਦੇ ਆਪਣਾ ਕੰਮ ਵਧੀਆ ਢੰਗ ਨਾਲ ਕਰ ਸਕਣ।


# ਪੰਜਾਬ ਮੰਡੀ ਬੋਰਡ

**ਈ-ਟੈਂਡਰਿੰਗ ਨੋਟਿਸ ਨੰ: 13 ਮਿਤੀ 19.07.2024**

ਦਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ **Repair of Internal Roads and Parking No. 1 to 6 & Construction of Boundary Wall (W2) and construction of 2.Nos. Sliding Gate, Cattle Catcher & Cow Catcher at Purchase Centre of Goindwal Sahib in MC Khadoor Sahib & Distt. Tarn Taran. (Work code : TT-2024-033)** ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਿਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ-ਟੈਂਡਰਿੰਗ ਸਾਈਟ **http://eproc.punjab.gov.in** ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ **http://eproc.punjab.gov.in** ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ **http://eproc.punjab.gov.in** ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/-ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਤਰਨ ਤਾਰਨ।

ਨੰ: 3221 ਮਿਤੀ : 19.07.24



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

20-JULY-PAGE-3.qxd---ADVT.qxd 7/19/2024 10:06 PM Page 1





ਨਵਾਂ ਜ਼ਮਾਨਾ

ਸ਼ਨੀਵਾਰ, 20 ਜੁਲਾਈ 2024

# ਫਿਰਕੂ ਧਰੁਵੀਕਰਨ

ਲੋਕ ਸਭਾ ਚੋਣਾਂ ਵਿੱਚ ਬਹੁਸੰਮਤੀ ਹਾਸਲ ਨਾ ਕਰ ਸਕਣ ਦੇ ਬਾਵਜੂਦ ਭਾਜਪਾ ਆਪਣੀ ਫਿਰਕੂ ਧਰੁਵੀਕਰਨ ਦੀ ਨੀਤੀ ਨੂੰ ਹੋਰ ਤੇਜ਼ ਕਰਨ ਵਿੱਚ ਲੱਗ ਚੁੱਕੀ ਹੈ। ਚੋਣਾਂ ਤੋਂ ਬਾਅਦ ਭੀੜਤੰਤਰ ਹੱਤਿਆਵਾਂ ਲਗਾਤਾਰ ਜਾਰੀ ਹਨ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕਾਂਵੜ ਯਾਤਰਾ ਮਾਰਗ ਬਾਰੇ ਜਾਰੀ ਕੀਤਾ ਗਿਆ ਹਾਲੀਆ ਹੁਕਮ ਇਸੇ ਦਿਸ਼ਾ ਵੱਲ ਵਧਣ ਦਾ ਸਬੂਤ ਹੈ। ਇਸ ਹੁਕਮ ਰਾਹੀਂ ਕਾਂਵੜ ਯਾਤਰਾ ਦੇ ਰਸਤੇ ਵਿੱਚ ਪੈਂਦੇ ਸਭ ਦੁਕਾਨਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਆਪਣੇ ਨਾਂ ਲਿਖਣ ਤਾਂ ਕਿ ਕਾਂਵੜੀਆਂ ਨੂੰ ਪਤਾ ਲੱਗ ਸਕੇ ਕਿ ਕਿਹੜੀ ਦੁਕਾਨ ਜਾਂ ਰੇਹੜੀ ਮੁਸਲਮਾਨ ਦੀ ਹੈ ਤੇ ਕਿਹੜੀ ਹਿੰਦੂ ਦੀ। ਇਹ ਸਿੱਧੇ ਤੌਰ ਉਤੇ ਮੁਸਲਮਾਨ ਦੁਕਾਨਦਾਰਾਂ ਦੇ ਆਰਥਿਕ ਬਾਈਕਾਟ ਲਈ ਜਾਰੀ ਕੀਤਾ ਗਿਆ ਫੁਰਮਾਨ ਹੈ।

ਇਸ ਹੁਕਮ ਬਾਰੇ ਸਰਕਾਰ ਦੀ ਦਲੀਲ ਵੀ ਹਾਸੋਹੀਣੀ ਹੈ। ਉਸ ਨੇ ਕਿਹਾ ਹੈ ਕਿ ਢਾਬਿਆਂ ਉਤੇ ਹਲਾਲ ਜਾਂ ਝਟਕਾ ਲਿਖੇ ਜਾਣ ’ਤੇ ਜਦੋਂ ਕੋਈ ਇਤਰਾਜ਼ ਨਹੀਂ ਕਰਦਾ ਤਦ ਨਾਂ ਲਿਖੇ ਜਾਣ ਵਿੱਚ ਕੀ ਬੁਰਾਈ ਹੈ। ਇਸ ਦਾ ਜਵਾਬ ਹੈ ਕਿ ਕਿਸੇ ਹੋਟਲ ਉੱਤੇ ਸ਼ੁੱਧ ਸ਼ਾਕਾਹਾਰੀ, ਝਟਕਾ ਜਾਂ ਹਲਾਲ ਲਿਖੇ ਜਾਣ ਨਾਲ ਗਾਹਕ ਨੂੰ ਆਪਣੀ ਪਸੰਦ ਦਾ ਭੋਜਨ ਚੁਣਨ ਵਿੱਚ ਸਹਾਇਤਾ ਹੁੰਦੀ ਹੈ ਪਰ ਗਾਹਕ ਇਹ ਨਹੀਂ ਪੁੱਛਦਾ ਕਿ ਹੋਟਲ ਦੇ ਮਾਲਕ ਜਾਂ ਰਸੋਈਏ ਦਾ ਨਾਂ ਕੀ ਹੈ। ਭਾਰਤ ਵਿੱਚ ਵੱਡੇ ਮੀਟ ਵਪਾਰੀ ਹਿੰਦੂ ਹਨ। ਕੀ ਉਨ੍ਹਾਂ ਵੱਲੋਂ ਵੇਚਿਆ ਜਾਂਦਾ ਮੀਟ ਦਾਲ-ਸਬਜ਼ੀ ਬਣ ਜਾਂਦਾ ਹੈ ਤੇ ਮੁਹੰਮਦ ਤੇ ਰਫੀਕ ਵੱਲੋਂ ਵੇਚੇ ਅੰਬ ਗੋਸ਼ਤ ਬਣ ਜਾਣਗੇ। ਸਰਕਾਰ ਦੇ ਇਸ ਆਦੇਸ਼ ਦਾ ਅਸਰ ਇਹ ਹੋਇਆ ਹੈ ਕਿ ਮੁਜ਼ੱਫਰਨਗਰ ਦੇ ਦੁਕਾਨਦਾਰਾਂ ਨੇ ਆਪਣੇ ਮੁਸਲਮਾਨ ਮੁਲਾਜ਼ਮਾਂ ਨੂੰ ਕੰਮ ਤੋਂ ਹਟਾ ਦਿੱਤਾ ਹੈ। ਇਹੋ ਹੀ ਭਾਜਪਾ ਚਾਹੁੰਦੀ ਹੈ।

ਅਸਲ ਵਿੱਚ ਭਾਜਪਾ ਸ਼ਾਸਤ ਰਾਜ ਸਰਕਾਰਾਂ ਤੇ ਸਰਕਾਰੀ ਮਸ਼ੀਨਰੀ ਮੁਸਲਮਾਨਾਂ ਉੱਪਰ ਜਬਰ ਲਈ ਸਦਾ ਮੌਕੇ ਦੀ ਤਲਾਸ਼ ਵਿੱਚ ਰਹਿੰਦੀ ਹੈ। ਹੁਣ ਉਸ ਨੇ ਫਲਸਤੀਨ ਦੇ ਝੰਡੇ ਲਹਿਰਾਉਣ ਨੂੰ ਵੀ ਜੁਰਮ ਕਰਾਰ ਦੇ ਦਿੱਤਾ ਹੈ। ਪਿਛਲੇ ਦਿਨੀਂ ਮੱਧ ਪ੍ਰਦੇਸ਼, ਬਿਹਾਰ, ਜੰਮੂ-ਕਸ਼ਮੀਰ ਤੇ ਉੱਤਰ ਪ੍ਰਦੇਸ਼ ਵਿੱਚ ਇਸ ਜੁਰਮ ਵਿੱਚ ਮੁਸਲਮਾਨ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ।

ਭਾਰਤ ਦੇ ਫਲਸਤੀਨ ਨਾਲ ਹਮੇਸ਼ਾ ਚੰਗੇ ਸੰਬੰਧ ਰਹੇ ਹਨ। ਭਾਰਤ 1988 ਵਿੱਚ ਫਲਸਤੀਨ ਦੇਸ਼ ਨੂੰ ਮਾਨਤਾ ਦੇਣ ਵਾਲੇ ਪਹਿਲੇ ਦੇਸ਼ਾਂ ਵਿੱਚ ਸ਼ਾਮਲ ਹੈ। ਫਲਸਤੀਨ ਦੇ ਮੁੱਦੇ ’ਤੇ ਭਾਰਤ ਦਾ ਸਮਰਥਨ ਅੱਜ ਵੀ ਸਾਡੀ ਵਿਦੇਸ਼ ਨੀਤੀ ਦਾ ਅਹਿਮ ਅੰਗ ਹੈ। ਨਵੀਂ ਦਿੱਲੀ ਵਿੱਚ ਫਲਸਤੀਨ ਦਾ ਬਾਕਾਇਦਾ ਦੂਤਾਵਾਸ ਹੈ। ਹਾਲੇ ਹੁਣੇ 15 ਜੁਲਾਈ ਨੂੰ ਭਾਰਤ ਨੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਰਾਹਤ ਏਜੰਸੀ ਨੂੰ 25 ਲੱਖ ਡਾਲਰ ਦਾਨ ਵਜੋਂ ਦਿੱਤੇ ਹਨ।

ਅਕਤੂਬਰ 2023 ਵਿੱਚ ਇਜ਼ਰਾਈਲ ਵੱਲੋਂ ਕੀਤੇ ਗਏ ਹਮਲੇ ਵਿੱਚ ਹੁਣ ਤੱਕ 36 ਹਜ਼ਾਰ ਫਲਸਤੀਨੀ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਬਹੁਤੇ ਬਜ਼ੁਰਗ, ਬੱਚੇ ਤੇ ਔਰਤਾਂ ਹਨ। ਇਸ ਨਸਲਘਾਤ ਵਿਰੁੱਧ ਫਲਸਤੀਨੀਆਂ ਨਾਲ ਇੱਕਜੁਟਤਾ ਅਪਰਾਧ ਨਹੀਂ ਮਾਨਵਵਾਦੀ ਪਹੁੰਚ ਹੈ।

ਮੁਹੱਰਮ ਤੋਂ ਪਹਿਲਾਂ ਇਕ ਜਲੂਸ ਦੌਰਾਨ ਫਲਸਤੀਨੀ ਝੰਡੇ ਲਹਿਰਾਉਣ ਦੇ ਦੋਸ਼ ਵਿੱਚ ਬਿਹਾਰ ਦੇ ਨਵਾਦਾ ਤੇ ਦਰਭੰਗਾ ਵਿੱਚ 4 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕੁਝ ਕੇਸਾਂ ਵਿੱਚ ਭਾਜਪਾ, ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਉਤੇ ਯੂ ਏ ਪੀ ਏ ਵਰਗੀਆਂ ਸਖ਼ਤ ਧਾਰਾਵਾਂ ਹੇਠ ਕੇਸ ਦਰਜ ਕੀਤੇ ਗਏ ਹਨ।

ਸ੍ਰੀਨਗਰ ਦੇ ਸਾਂਸਦ ਆਗਾ ਰੂਹੁਲਾ ਮੇਂਹਦੀ ਨੇ ਕਿਹਾ, ਫਲਸਤੀਨ ਦਾ ਸਮਰਥਨ ਕਰਨਾ ਅਪਰਾਧ ਨਹੀਂ, ਭਾਰਤ ਦੀ ਵਿਦੇਸ਼ ਨੀਤੀ ਦੇ ਅਨੁਕੂਲ ਹੈ। ਜੇਕਰ ਫਲਸਤੀਨ ਦਾ ਸਮਰਥਨ ਕਰਨ ’ਤੇ ਯੂ ਏ ਪੀ ਏ ਲਾਇਆ ਜਾਂਦਾ ਹੈ ਤਾਂ ਸਰਕਾਰ ਦੇ ਇਰਾਦੇ ਸਪੱਸ਼ਟ ਹੋ ਜਾਂਦੇ ਹਨ। ਅਸਲ ਵਿੱਚ ਫਲਸਤੀਨ ਤਾਂ ਇੱਕ ਬਹਾਨਾ ਹੈ, ਮਕਸਦ ਤਾਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਹੈ।

**-ਚੰਦ ਫਤਿਹਪੁਰੀ**

## ਯਲਗਾਰ

ਥੋੜ੍ਹੇ ਜਿਹੇ ਧਿਆਨ ਨਾਲ ਦੇਖ ਲਈਏ,  
ਦੁਨੀਆ ਸਾਰੀ ਹੀ ਸੱਟਾ ਬਜ਼ਾਰ ਲੱਗਦੀ।  
ਅਮਨ ਵਾਲੇ ਮਿਆਨ ਵੀ ਲਾਕ ਹੋ ਗਏ,  
ਬਾਗੀ ਹੋ ਗਈ ਨੰਗੀ ਤਲਵਾਰ ਲਗਦੀ।  
ਪਿਛਲੇ ਬਾਰ ਤੋਂ ਐਂਟਰੀ ਮਾਰ ਗਈ ਹੈ,  
ਪੋਰਸ ’ਤੇ ਸਿਕੰਦਰੀ ਧਾਰ ਲਗਦੀ।  
‘ਪਾਣੀ’ ਹੋਇਆ ਪੰਜਾਬ ਦਾ ਆਬ ਸਾਰਾ,  
ਦਸਤਕ ਦਿੰਦੀ ਕੋਈ ਯਲਗਾਰ ਲਗਦੀ।  
ਬਚ ਕੇ ਰਿਹੋ ਸਿਆਸਤੀ ਮੁਰਸ਼ਿਦਾਂ ਤੋਂ,  
ਬੁਰਕਾ ਪਾ ਕੇ ਧਰਮ ਦਾ ਆਉਣਗੇ ਏਹ।  
ਘਾਣ ਕਰਨ ਦੇ ਲਈ ਜਵਾਨੀਆਂ ਦਾ,  
ਖੁਸ਼ਹਾਲੀ ਦੇ ਅਰਥ ਸਮਝਾਉਣਗੇ ਏਹ।

**-ਗੁਲਪੁਰ**

# ਕਾਨੂੰਨ ਦੀ ਪੜ੍ਹਾਈ ’ਚ ਮਨੂੰ ਸਿਮਰਤੀ ਸ਼ਾਮਲ

**ਨਰਭਿੰਦਰ**

ਨਵੇਂ ਅਪਰਾਧਿਕ ਕਾਨੂੰਨ ਵਿੱਚ ਜਿਸ ਦੇ ਮੱਧਮ ਪ੍ਰਛਾਵੇਂ ਦੀ ਝਲਕ ਪੈਂਦੀ ਨਜ਼ਰ ਆਉਂਦੀ ਸੀ, ਉਹਦਾ ਪਰਦਾ ਉਦੋਂ ਲਹਿ ਗਿਆ, ਜਦੋਂ ਇਸੇ ਸਾਲ ਦਿੱਲੀ ਯੂਨੀਵਰਸਿਟੀ ਨੇ ਕਾਨੂੰਨ ਦੀ ਪੜ੍ਹਾਈ ਵਿੱਚ ਮਨੂੰ ਸਿਮਰਤੀ ਦੇ ਪਾਠ ਨੂੰ ਸ਼ਾਮਲ ਕਰਨ ਦੀ ਸਿਫ਼ਾਰਸ਼ ਕਰ ਦਿੱਤੀ ਹੈ। ਕਾਨੂੰਨੀ ਗਿਆਨ ਹਾਸਲ ਕਰਨ ਵਾਲੇ ਨਵੇਂ ਵਿਦਿਆਰਥੀ ਜਿਨ੍ਹਾਂ ਐੱਲ ਐੱਲ ਬੀ ਦੀ ਡਿਗਰੀ ਹਾਸਲ ਕਰਨੀ ਹੈ, ਕੋਰਸ ਦੇ ਪਹਿਲੇ ਸਮੈਸਟਰ ਨਿਆਂ ਸ਼ਾਸਤਰ ਵਿਸ਼ੇ ਨਾਲ ਸੰਬੰਧਤ ਮਨੂੰ ਸਿਮਰਤੀ ਦਾ ਪਾਠ ਸ਼ਾਮਲ ਕਰ ਦਿੱਤਾ ਜਾਵੇਗਾ। ਇਸ ਨਾਲ ਸੰਬੰਧਤ ਸਰੋਤ ਕਿਤਾਬ ਜਿਹੜੀ ਗੰਗਾ ਨਾਥ ਝਾ ਨੇ ਲਿਖੀ ਹੈ, ਜਿਹੜੀ-‘ਮਨੂੰ ਸਿਮਰਤੀ ਵਿਦ ਦਾ ਮਹਾਂਭਾਸ਼ਯ ਆਫ਼ ਮੇਧਾਨਿਥੀ’ ਨਾਲ ਜਾਣੀ ਜਾਂਦੀ ਹੈ, ਕੋਰਸ ਵਿੱਚ ਸ਼ਾਮਲ ਕਰਨ ਦੀ ਸਿਫ਼ਾਰਸ਼ ਹੈ। ਹਾਲਾਂਕਿ ਅਜੇ ਯੂਨੀਵਰਸਿਟੀ ਦੇ ਅਕਾਦਮਿਕ ਮਾਮਲਿਆਂ ਬਾਰੇ ਵਿੱਦਿਅਕ ਕਮੇਟੀ ਨੇ ਇਸ ਨੂੰ ਅੰਤਿਮ ਮਨਜ਼ੂਰੀ ਦੇਣੀ ਹੈ ਅਤੇ ਜਿਵੇਂ ਇਹ ਸਿਫਾਰਸ਼ ਆਈ ਹੈ, ਉਵੇਂ ਹੀ ਇਹ ਮਨਜ਼ੂਰੀ ਵਿੱਚ ਕੋਈ ਅੜਿੱਕਾ ਨਹੀਂ ਆਉਣਾ, ਕਿਉਂਕਿ ਯੂਨੀਵਰਸਿਟੀਆਂ ਦੇ ਪ੍ਰਬੰਧਕੀ ਆਲ ਜੰਜਾਲ ਨੂੰ ਪਿਛਲੇਰੇ ਸਾਲਾਂ ਵਿੱਚ ਸੰਘ/ਭਾਜਪਾ ਨੇ ਆਪਣੇ ਅਨੁਸਾਰੀ ਇਉਂ ਢਾਲਿਆ ਹੋਇਆ ਹੈ, ਕਿ ਵਿਰੋਧ ਲਈ ਕੋਈ ਥਾਂ ਹੀ ਨਹੀਂ।

ਵਿੱਦਿਅਕ ਖੇਤਰ ਵਿੱਚ ਸੰਘ/ਭਾਜਪਾ ਦੀ ਦਖ਼ਲ-ਅੰਦਾਜ਼ੀ ਕੌਮੀ ਵਿਦਿਅਕ ਨੀਤੀ 2020 ਤੋਂ ਪਿੱਛੋਂ ਬਹੁਤ ਤੇਜ਼ ਹੋਈ ਹੈ। ਪੁਰਾਤਨ ਭਾਰਤੀ ਦ੍ਰਿਸ਼ਟੀਕੋਣ ਦੇ ਨਾਂਅ ਉੱਤੇ ਕਈ ਅਜਿਹੀਆਂ ਤਬਦੀਲੀਆਂ ਪਹਿਲਾਂ ਹੀ ਕੀਤੀਆਂ ਜਾ ਚੁੱਕੀਆਂ ਹਨ। ਇਤਿਹਾਸ ਨਾਲ ਸੰਬੰਧਤ ਬਹੁਤ ਸਾਰੇ ਪਾਠਾਂ ਨੂੰ ਖਾਰਜ ਕਰਕੇ ਨਵੇਂ ਜੋੜੇ ਗਏ ਹਨ। ਪ੍ਰਾਚੀਨ ਸੰਸਕ੍ਰਿਤੀ ਦੇ ਨਾਂਅ ਉਤੇ ਜੋ ਪ੍ਰੋਸਿਆ ਜਾ ਰਿਹਾ ਹੈ, ਉਹ ਮਿਥਿਹਾਸਕ ਤੇ ਗੈਰ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨ ਵਾਲਾ ਹੈ, ਭਾਜਪਾ ਵਿੱਦਿਆ ਦੇ ਰਾਹੀਂ ਇਕ ਬੌਣੀ ਨਸਲ ਸਿਰਜਣ ਦੇ ਰਾਹ ਸੁਚੇਤ ਰੂਪ ਵਿੱਚ ਚੱਲ ਰਹੀ ਹੈ ਅਤੇ ਹੁਣ ਕਾਨੂੰਨ ਦੀ ਪੜ੍ਹਾਈ ਵਿੱਚ ਮਨੂੰ ਸਿਮਰਤੀ ਨੂੰ ਸ਼ਾਮਲ ਕਰਨਾ ਕੀ ਸੰਦੇਸ਼ ਦੇ ਰਿਹਾ ਹੈ, ਸਭ ਜਾਣਦੇ ਹਨ। ਅਮਿਤ ਸ਼ਾਹ ਦੇ ਉਸ ਜ਼ੁਮਲੇ ਕਿ ਬਸਤੀਵਾਦੀ ਗੁਲਾਮੀ ਵਾਲੇ ਕਾਨੂੰਨ ਜੋ ਦੰਡ ਪ੍ਰਕ੍ਰਿਆ ਨਾਲ ਸੰਬੰਧਤ ਸਨ, ਖ਼ਤਮ ਕਰਕੇ ਨਿਆਂ ਸ਼ੀਲ ਕਾਨੂੰਨ ਲਿਆਂਦੇ ਜਾ ਰਹੇ ਹਨ, ਦਾ ਹੀਜ਼ ਪਿਆਜ਼ ਕਾਨੂੰਨ ਦੀ ਪੜ੍ਹਾਈ ’ਚ ਮਨੂੰ ਸਿਮਰਤੀ ਦੇ ਸ਼ਾਮਲ ਹੋਣ ਨਾਲ ਹੀ ਨਿਕਲ ਜਾਂਦਾ ਹੈ।

ਮਨੂੰ ਸਿਮਰਤੀ ਕੀ ਹੈ? ਇਹ ਘੋਰ ਔਰਤ ਅਧਿਕਾਰਾਂ ਵਿਰੋਧੀ, ਦਲਿਤ ਅਤੇ ਆਦਿਵਾਸੀ ਅਧਿਕਾਰਾਂ ਵਿਰੋਧੀ ਹੈ ਅਤੇ ਉਨ੍ਹਾਂ ਨੂੰ ਸਾਰੇ ਅਧਿਕਾਰਾਂ ਤੋਂ ਵਾਂਝਿਆਂ ਕਰਦੀ ਹੈ। ਇਹ ਜਾਤੀ ਤੇ ਵਰਣ ਵਿਵਸਥਾ ਉੱਤੇ ਟਿਕੀ ਹੋਈ ਹੈ ਅਤੇ ਉੱਚ ਸ੍ਰੇਸ਼ਟ ਵਰਣ ਬ੍ਰਾਹਮਣਵਾਦ ਅਤੇ ਬ੍ਰਾਹਮਣਵਾਦੀ ਜੀਵਨ ਸ਼ੈਲੀ ਤੇ ਸੰਸਕ੍ਰਿਤੀ ਦੀ ਵਕਾਲਤ ਕਰਦੀ ਹੈ। ਇਸ ਗੈਰ ਮਾਨਵੀ ਚਰਿੱਤਰ ਵਾਲੇ ਗ੍ਰੰਥ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਪਿਛਲੀਆਂ ਸਦੀਆਂ ’ਚ ਨਾ ਸਿਰਫ਼ ਰੱਦ ਕੀਤਾ ਹੈ, ਸਗੋਂ ਭੀਮ ਰਾਓ ਅੰਬੇਦਕਰ ਨੇ ਤਾਂ ਇਸ ਨੂੰ ਸਾੜਨ ਦਾ ਵੀ ਸੱਦਾ ਦਿੱਤਾ ਸੀ। ਮਨੂੰ ਸਿਮਰਤੀ ਵਿੱਚ ਪਰੋਸਿਆ ਨਿਆਂ ਸ਼ਾਸਤਰ ਮੱਧ ਯੁਗੀ ਘੋਰ ਮਨੁੱਖ ਵਿਰੋਧੀ ਜਗੀਰੂ ਪ੍ਰਬੰਧ ਦੀ ਤਰਜਮਾਨੀ ਕਰਦਾ ਹੈ। ਇਸ ਪੁਰਾਤਨ ਗ੍ਰੰਥ ਨੂੰ ਸਦੀਆਂ ਤੋਂ ਨਕਾਰਿਆ ਜਾਂਦਾ ਰਿਹਾ ਹੈ ਅਤੇ ਅੱਜ ਦੇ ਅਤਿ ਆਧੁਨਿਕ ਯੁੱਗ ਵਿੱਚ ਇਸ ਦੀ ਕੋਈ ਥਾਂ ਨਹੀਂ ਸੀ ਹੋਣੀ ਚਾਹੀਦੀ, ਪਰ ਸੰਘ ਦਾ ਪਿਛਲੇਰੇ 100 ਸਾਲ ਤੋਂ ਇਸ ਦੀ ਪੂਜਾ ਅਤੇ ਹਿੰਦੂਤਵੀ ਰਾਸ਼ਟਰ ਦੀ ਸਥਾਪਤੀ ਪਿੱਛੋਂ ਇਸ ਨੂੰ ਸਰਵੋਤਮ ਨਿਆਂ ਸ਼ਾਸ਼ਤਰ ਦੇ ਤੌਰ ’ਤੇ ਪ੍ਰਵਾਨਤ ਕਰਨ ਦਾ ਵਿਚਾਰਧਾਰਕ ਏਜੰਡਾ ਰਿਹਾ ਹੈ, ਜਿਸ ਦਾ ਮੌਕਾ ਭਾਜਪਾ ਦੇ ਹੱਥ ਲੱਗਾ ਹੈ।

ਭਾਜਪਾ ਇਹ ਜਾਣਦੀ ਹੈ ਕਿ ਇਹ ਕੰਮ ਐਨਾ ਆਸਾਨ ਨਹੀਂ। ਸੋ ਉਹ ਇਕ ਲੰਮੀ ਤਿਆਰੀ ਵਜੋਂ ਪਹਿਲਾਂ ਪਾਠ ਪੁਸਤਕਾਂ ਤੇ ਵਿਸ਼ਿਆਂ ਰਾਹੀਂ ਇਸ ਨੂੰ ਲੈ ਕੇ ਆ ਰਹੀ ਹੈ ਅਤੇ ਫਿਰ ਸਹਿਜੇ-ਸਹਿਜੇ ‘ਸੁਝਾਏ ਪਾਠ’ ਨੂੰ ‘ਮੂਲ ਪਾਠ’ ਵਿੱਚ ਬਦਲ ਦੇਵੇਗੀ ਅਤੇ ਇਉਂ ਹਿੰਦੂਤਵੀ ਫਾਸ਼ੀਵਾਦੀ ਤੰਤਰ ਵਿੱਚ ਪ੍ਰਵੇਸ਼ ਕਰੇਗੀ। ਯੂਨੀਵਰਸਿਟੀ ਦੇ ਸਿਲੇਬਸ ਵਿੱਚ ਤੇ ਕਾਨੂੰਨ ਦੀ ਪੜ੍ਹਾਈ ’ਚ ਬੜੀ ਹੁਸ਼ਿਆਰੀ ਨਾਲ ਸ਼ਾਮਲ ਕਰਨਾ ਇਸ ਦਾ ਸੂਚਿਕ ਹੈ ਕਿ ਉਹ ਭਾਰਤੀ ਸੰਵਿਧਾਨ ਨੂੰ ਮਹਿਜ਼ ਇੱਕ ਮੱਥਾ ਟੇਕਣ ਵਾਲੀ ਪੋਥੀ ਹੀ ਬਣਾ ਕੇ ਰੱਖ ਰਹੀ ਹੈ। ਉਹ ਸੰਵਿਧਾਨ ਜਿਹੜਾ ਸਭ ਲਈ ਬਰਾਬਰ ਨਾਗਰਿਕ ਅਧਿਕਾਰ ਦੀ ਦਾਅਵੇਦਾਰੀ ਕਰਦਾ ਸੀ, ਹੁਣ ਮਹਿਜ਼ ਸੁਨਹਿਰੀ ਕਿਤਾਬ ਬਣਾ ਕੇ ਰੱਖ ਦਿੱਤਾ ਜਾਵੇਗਾ।

ਮਨੂੰ ਸਿਮਰਤੀ ਦੇ ਕਾਨੂੰਨ ਦੀ ਪੜ੍ਹਾਈ ਵਿੱਚ ਸ਼ਾਮਲ ਕਰਨ ਪਿੱਛੋਂ ਪੂਰੇ ਨਿਆਂ ਤੇ ਕਾਨੂੰਨ ਤੰਤਰ ਵਿੱਚ ਬੁਨਿਆਦੀ ਤਬਦੀਲੀਆਂ ਆ ਜਾਣਗੀਆਂ। ਵੈਸੇ ਵੀ ਨਵੇਂ ਅਪਰਾਧਿਕ ਕਾਨੂੰਨਾਂ ਦੇ ਲਾਗੂ ਹੋਣ ਪਿੱਛੋਂ ਸਾਫ਼ ਸੰਕੇਤ ਆ ਗਿਆ ਹੈ ਕਿ ਹੁਣ ਮੌਜੂਦਾ ਰਾਜ ਵਿੱਚ ਨਿਆਂ ਤੁਹਾਡੀ ਸਮਾਜਿਕ ਹੈਸੀਅਤ ਦੇ ਮੁਤਾਬਕ ਹਾਸਲ ਹੋਵੇਗਾ, ਜਿਹੜਾ ਸੰਵਿਧਾਨ ਔਰਤਾਂ, ਦਲਿਤਾਂ ਤੇ ਆਦਿਵਾਸੀਆਂ ਦੇ ਅਧਿਕਾਰਾਂ ਦੀ ਵਚਨਬੱਧਤਾ ਦਿੰਦਾ ਸੀ, ਨੂੰ ਨਵੇਂ ਕਾਨੂੰਨਾਂ ’ਚ ਪੇਤਲਾ ਕਰ ਦਿੱਤਾ ਗਿਆ ਹੈ ਅਤੇ ਮਨੂੰ ਸਿਮਰਤੀ ਦੇ ਪੜ੍ਹਾਏ ਜਾਣ ਪਿੱਛੋਂ ਅਧਿਕਾਰ ਵਿਹੂਣੇ ਕਰਨ ਤੱਕ ਪਹੁੰਚ ਜਾਵੇਗਾ।

ਜਿਸ ਪ੍ਰਾਚੀਨ ਸੰਸਕ੍ਰਿਤੀ ਦੀ ਦਾਅਵੇਦਾਰੀ ਕੀਤੀ ਜਾ ਰਹੀ ਹੈ, ਉਹ ਅਜੋਕੇ ਯੁੱਗ ’ਚ ਵੇਲਾ ਵਿਹਾ ਚੁੱਕੀ ਹੈ। ਚਾਹੀਦਾ ਤਾਂ ਇਹ ਸੀ ਕਿ ਨਾਗਰਿਕ ਅਧਿਕਾਰਾਂ ਸੰਬੰਧੀ ਪਿਛਲੇ ਦੌਰ ਵਿੱਚ ਸਮਾਜਿਕ ਤੇ ਨਿਆਂ ਖੇਤਰ ਦੇ ਚਿੰਤਕਾਂ ਵੱਲੋਂ ਜੋ ਨਵੀਆਂ ਪ੍ਰੀਭਾਸ਼ਾਵਾਂ ਆਈਆਂ ਸਨ, ਪਾਠ ਪੁਸਤਕਾਂ ਵਿੱਚ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਂਦਾ। ਕਾਨੂੰਨ ਤੇ ਨਿਆਂ ਦੀ ਪੜ੍ਹਾਈ ’ਚ ਉਹਨੂੰ ਸ਼ਾਮਲ ਕੀਤਾ ਜਾਦਾ ਤਾਂ ਕਿ ਇਕ ਸਰਵੋਤਮ ਕਿਸਮ ਦੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਪ੍ਰਤੀ ਵੱਚਨਬੱਧਤਾ ਦੀ ਪਾਲਣਾ ਹੁੰਦੀ ਅਤੇ ਇਉਂ ਮੌਜੂਦਾ ਗੈਰ ਪੱਖਪਾਤੀ ਸੰਵਿਧਾਨ ਵੀ ਅਮੀਰ ਹੁੰਦਾ, ਪਰ ਸੰਘ ਤੇ ਭਾਜਪਾ ਤਾਂ ਇਸ ਨੂੰ ਮੱਧ ਕਾਲ ਦੇ ਘੋਰ ਹਨੇਰੇ ਯੁੱਗ ਵਿੱਚ ਧੱਕਣ ’ਤੇ ਉਤਾਰੂ ਹਨ।

**# ਸੰਪਰਕ : 93544-30211**

**ਬਰਸੀ ’ਤੇ ਵਿਸ਼ੇਸ਼**

# ਜਥੇਦਾਰ ਭੱਠਲ ਅਤੇ ਮਾਤਾ ਜਗੀਰ ਕੌਰ ਭੱਠਲ ਨੂੰ ਚੇਤੇ ਕਰਦਿਆਂ

**ਕੁਲਦੀਪ ਸਿੰਘ ਧਨੌਲਾ**

ਉੱਘੇ ਆਜ਼ਾਦੀ ਘੁਲਾਟੀਏ ਮਰਹੂਮ ਹਰਦਿੱਤ ਸਿੰਘ ਭੱਠਲ ਦੇਸ਼ ਦੀ ਆਜ਼ਾਦੀ ਤੋਂ ਪਹਿਲੇ ਸਮੇਂ ਦੇ ਲਾਸਾਨੀ ਯੋਧਿਆਂ ਵਿੱਚੋਂ ਸਨ, ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਹੀ ਆਪਸੀ ਬਰਾਬਰੀ ਉਤੇ ਆਧਾਰਤ ਮਨੁੱਖੀ ਸਮਾਜ ਦੀ ਸਿਰਜਣਾ ਕਰਨ ਦੇ ਲੇਖੇ ਲਾ ਦਿੱਤੀਆਂ।

ਉਹ 1919 ਵਿਚ ਜਲ੍ਹਿਆਂਵਾਲਾ ਬਾਗ ਦਾ ਸਾਕਾ ਵਾਪਰਨ ਪਿੱਛੋਂ ਪੰਜਾਬ ਦੇ ਦੂਰ-ਦੁਰਾਡੇ ਖਿੱਤਿਆਂ ਦੇ ਸਾਧਾਰਨ ਪੇਂਡੂ ਲੋਕਾਂ ਦੇ ਮਨਾਂ ਅੰਦਰ ਰਾਜਸੀ ਚੇਤਨਾ ਦੇ ਜਾਗਰਿਤ ਹੋਣ ਦੇ ਦੌਰ ਦੌਰਾਨ ਸਰਗਰਮ ਸਮਾਜਿਕ ਤੇ ਸਿਆਸੀ ਜੀਵਨ ਵਿਚ ਆਏ। ਇਨ੍ਹੀਂ ਦਿਨੀਂ ਸਿੱਖੀ ਦੇ ਪ੍ਰਚਾਰ ਲਈ ਚੀਫ ਖਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਦੇ ਹੋਂਦ ਵਿਚ ਆਉਣ ਕਾਰਨ ਧਨੌਲੇ ਦੇ ਇਲਾਕੇ ’ਚ ਸ਼ਬਦ ਕੀਰਤਨ ਦੀ ਲਹਿਰ ਸ਼ੁਰੂ ਹੋ ਚੁੱਕੀ ਸੀ। ਜਥੇਦਾਰ ਭੱਠਲ ਇਸ ਲਹਿਰ ਦੇ ਪ੍ਰਭਾਵ ਹੇਠ ਆਏ। 1922 ਵਿਚ ਜਦੋਂ ਗੁਰਦੁਆਰਾ ਸੁਧਾਰ ਲਹਿਰ ਦੇ ਸਿਲਸਿਲੇ ਵਿਚ ਗੁਰੂ ਕੇ ਬਾਗ ਦਾ ਮੋਰਚਾ ਲੱਗਿਆ ਤਾਂ ਸਤਿਆਗ੍ਰਹਿ ਵਿਚ ਸ਼ਾਮਲ ਹੋ ਕੇ ਉਨ੍ਹਾਂ ਗ੍ਰਿਫਤਾਰੀ ਦਿੱਤੀ। ਇਸ ਸਿਲਸਿਲੇ ਵਿਚ ਉਨ੍ਹਾ ਨੂੰ ਇਕ ਸਾਲ ਲਈ ਬਾਮੁਸ਼ੱਕਤ ਮੁਲਤਾਨ ਜੇਲ੍ਹ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ।

ਜਦੋਂ ਉਹ ਜੇਲ੍ਹੋਂ ਬਾਹਰ ਆਏ ਤਾਂ ਉਸ ਸਮੇਂ ਜੈਤੋ ਦਾ ਮੋਰਚਾ ਸਿਖਰ ’ਤੇ ਸੀ। ਧਨੌਲੇ ਦੇ ਇਲਾਕੇ ਵਿਚ ਰੋਸ ਜਲੂਸ ਕੱਢੇ ਗਏ, ਜਿਸ ਦੀ ਅਗਵਾਈ ਉਹ ਖੁਦ ਕਰ ਰਹੇ ਸਨ। ਇਸ ਤੋਂ ਬਾਅਦ ਉਨ੍ਹਾਂ ਨੂੰ ਸ੍ਰੀ ਨੰਦ ਸਿੰਘ ਧਨੌਲਾ ਨਾਲ ਹਿਰਾਸਤ ਵਿਚ ਲੈ ਕੇ ਅੰਗਰੇਜ਼ ਹਕੂਮਤ ਨੇ ਇਕ ਸਾਲ ਦੀ ਸਜ਼ਾ ਸੁਣਾ ਦਿੱਤੀ। ਜਾਇਦਾਦ ਜ਼ਬਤ ਕਰ ਲਈ ਅਤੇ ਨਾਲ ਹੀ ਰਿਆਸਤ ਨਾਭਾ ਤੋਂ ਜਲਾਵਤਨ ਕਰਨ ਦੇ ਆਦੇਸ਼ ਵੀ ਦਿੱਤੇ ਗਏ।

1927 ਵਿਚ ਰਿਆਸਤ ਦੇ ਰਾਜਸੀ ਕਾਰਕੁਨਾਂ ਨੇ ਰਿਆਸਤੀ ਪਰਜਾ ਮੰਡਲ ਨਾਂਅ ਦਾ ਸੰਗਠਨ ਕਾਇਮ ਕਰ ਲਿਆ। ਬਾਅਦ ਵਿਚ ਜੀਂਦ ਰਿਆਸਤ ਨੇ ਕਿਸਾਨਾਂ ਨੂੰ ਜ਼ਮੀਨ ਦੇ ਅਸਲੀ ਮਾਲਕ ਕਰਾਰ ਦੇਣ ਲਈ ਮੋਰਚਾ ਲਾਇਆ ਤਾਂ ਨਾਭਾ ਰਿਆਸਤ ਦੇ ਅਕਾਲੀਆਂ ਨੇ ਜਥੇਦਾਰ ਭੱਠਲ ਦੀ ਅਗਵਾਈ ਹੇਠ ਮੋਰਚੇ ਵਿਚ ਹਿੱਸਾ ਲਿਆ।

ਇਨ੍ਹੀਂ ਦਿਨੀਂ ਹੀ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਖਾਤਮੇ ਲਈ ਕਿਸਾਨ ਸਭਾ ਕਾਇਮ ਹੋ ਗਈ। ਜਥੇਦਾਰ ਭੱਠਲ ਨਾਭਾ ਰਿਆਸਤ ਦੀ ਕਿਸਾਨ ਸਭਾ ਦੇ ਮੀਤ ਪ੍ਰਧਾਨ ਚੁਣੇ ਗਏ। ਇਸ ਤੋਂ ਬਾਅਦ ਉਹ ਪੰਜਾਬ ਕਿਸਾਨ ਸਭਾ ਦੇ ਮੀਤ ਪ੍ਰਧਾਨ ਚੁਣੇ ਗਏ। 1946 ਵਿਚ ਪਰਜਾ ਮੰਡਲ ਨੇ ਰਿਆਸਤ ਨਾਭਾ ਵਿਚ ਕਿਸਾਨੀ ਮੰਗਾਂ ਨੂੰ ਲੈ ਕੇ ਮੋਰਚਾ ਲਾਇਆ, ਪ੍ਰੰਤੂ ਮੋਰਚਾ ਅਸਫਲ ਹੁੰਦਾ ਦੇਖ ਕੇ ਪਰਜਾ ਮੰਡਲ ਨੇ ਕਿਸਾਨ ਸਭਾ ਨਾਲ ਸੰਪਰਕ ਕੀਤਾ। ਕਿਸਾਨ ਸਭਾ ਨੇ 13 ਕਿਸਾਨੀ ਮੰਗਾਂ ਨੂੰ ਲੈ ਕੇ ਮੋਰਚਾ ਲਾਇਆ, ਜੋ ਕਾਫੀ ਸਫਲ ਹੋਇਆ। ਜਥੇਦਾਰ ਭੱਠਲ ਦੀ ਅਗਵਾਈ ਹੇਠ ਸਾਰੇ ਗ੍ਰਿਫਤਾਰ ਸਾਥੀ ਰਿਹਾਅ ਕੀਤੇ ਗਏ। ਜੇਲ੍ਹ ਵਿਚ ਜਥੇਦਾਰ ਭੱਠਲ ਨੇ ਉਮਰ ਕੈਦ 14 ਸਾਲ ਕਰਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਭੁੱਖ ਹੜਤਾਲ ਕੀਤੀ। ਸਰਕਾਰ ਨੂੰ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਅੱਗੇ ਝੁਕਣਾ ਪਿਆ ਤੇ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਹੋਈਆਂ।

ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਵੀ ਉਨ੍ਹਾ ਥੋੜ੍ਹ-



ਚਿਰੇ ਸੁੱਖ-ਆਰਾਮ ਲਈ ਜਾਂ ਮੁਨਾਫੇ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਦੀ ਬਹਾਲੀ ਲਈ ਸੰਘਰਸ਼ ਜਾਰੀ ਰੱਖਿਆ।

1959 ਵਿਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਖੁਸ਼-ਹੈਸੀਅਤ ਟੈਕਸ ਵਿਰੁੱਧ ਮੋਰਚੇ ਦੀ ਅਗਵਾਈ ਜਥੇਦਾਰ ਭੱਠਲ ਨੇ ਹੀ ਕੀਤੀ। ਉਨ੍ਹਾਂ ਦੀ ਧਰਮ ਪਤਨੀ ਮਾਤਾ ਜਗੀਰ ਕੌਰ ਭੱਠਲ ਵੀ ਨੇ ਇਸਤਰੀਆਂ ਦੇ ਜਥੇ ਲਿਜਾ ਕੇ ਗ੍ਰਿਫਤਾਰੀਆਂ ਦਿੱਤੀਆਂ। ਸਰਕਾਰ ਨੇ ਉਨ੍ਹਾਂ ਦੀ ਸਾਰੀ ਜਾਇਦਾਦ ਕੁਰਕ ਕਰ ਲਈ ਅਤੇ ਘਰ ਢਾਹ ਦਿੱਤਾ, ਪ੍ਰੰਤੂ ਸਰਕਾਰ ਲੋਕਾਂ ਦੇ ਜਥੇਦਾਰ ਭੱਠਲ ਵਿਚਲੇ ਦ੍ਰਿੜ੍ਹ ਵਿਸ਼ਵਾਸ ਨੂੰ ਖਤਮ ਨਾ ਕਰ ਸਕੀ। ਜਥੇਦਾਰ ਭੱਠਲ ਅਡੋਲ, ਸ਼ਾਂਤ-ਚਿੱਤ ਅਤੇ ਦ੍ਰਿੜ੍ਹ ਇਰਾਦੇ ਨਾਲ ਗੁਪਤ ਰਹਿ ਕੇ ਜਥੇ ਭੇਜਦੇ ਰਹੇ ਅਤੇ ਸਰਕਾਰ ਨੂੰ ਝੁਕਣਾ ਪਿਆ। ਇਸ ਮੋਰਚੇ ਤੋਂ ਬਾਅਦ ਲੋਕ ਹਿੱਤਾਂ ਖਾਤਰ 1962 ਤੇ 1965 ਵਿਚ ਆਪ ਨੂੰ ਆਜ਼ਾਦ ਭਾਰਤ ਦੀਆਂ ਜੇਲ੍ਹਾਂ ਵਿਚ ਵੀ ਨਜ਼ਰਬੰਦ ਰਹਿਣਾ ਪਿਆ।

1954 ਤੋਂ ਲੱਗਭੱਗ ਦੋ ਦਹਾਕੇ ਉਹ ਪੰਜਾਬ ਅਸੈਂਬਲੀ ਦੇ ਧਨੌਲਾ ਹਲਕੇ ਤੋਂ ਨੁਮਾਇੰਦਗੀ ਕਰਦੇ ਰਹੇ। ਉਹ ਵਿਧਾਨ ਸਭਾ ਵਿਚ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਦਰਮਿਆਨੇ ਵਰਗ ਦੇ ਲੋਕਾਂ ਲਈ ਆਵਾਜ਼ ਉਠਾਉਂਦੇ ਰਹੇ। ਅੰਤ ਪੰਜਾਬ ਦੀ ਲੋਕ ਲਹਿਰ ਦਾ ਇਕ ਸਰਗਰਮ ਆਜ਼ਾਦੀ ਘੁਲਾਟੀਆ 20 ਜੁਲਾਈ 1980 ਨੂੰ ਦਿਲ ਦਾ ਦੌਰਾ ਪੈਣ ਕਾਰਨ ਸਾਥੋਂ ਸਦਾ ਲਈ ਵਿੱਛੜ ਗਿਆ। ਉਨ੍ਹਾਂ ਤੋਂ ਬਾਅਦ 29 ਅਗਸਤ 2007 ਨੂੰ ਮਾਤਾ ਜਗੀਰ ਕੌਰ ਵੀ ਇਸ ਜਹਾਨ ਤੋਂ ਕੂਚ ਕਰ ਗਏ ਸਨ।

ਜਿੱਥੇ ਲੋਕਾਂ ਨੇ ਆਪਣੇ ਇਸ ਸੱਚੇ-ਸੁੱਚੇ ਆਗੂ ਨੂੰ ਪੂਰਨ ਸਨੇਹ ਦਿੱਤਾ, ਉੱਥੇ ਮੌਕੇ ਦੀਆਂ ਸਰਕਾਰਾਂ ਨੇ ਹਮੇਸ਼ਾ ਹੀ ਉਨ੍ਹਾਂ ਪ੍ਰਤੀ ਬੇਰੁਖੀ ਵਰਤੀ। 18 ਫਰਵਰੀ 1987 ਨੂੰ ਬਰਨਾਲਾ ਸਰਕਾਰ ਨੂੰ ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਵਿਚ ਹੈਲਥ ਸੈਂਟਰ ਖੋਲ੍ਹਣ ਦੀ ਯਾਦ ਆਈ ਪ੍ਰੰਤੂ ਹੈਰਾਨੀ ਤੇ ਦਿਲਚਸਪ ਗੱਲ ਇਹ ਹੈ ਜਿਸ ਜੋੜੀ ਨੇ ਆਪਣਾ ਸਾਰਾ ਜੀਵਨ ਦੇਸ਼-ਕੌਮ ਦੇ ਲੇਖੇ ਲਾ ਦਿੱਤਾ, ਪਰ ਉਨ੍ਹਾਂ ਦੀ ਯਾਦ ਲਈ ਸਰਕਾਰ ਵੱਲੋਂ ਜ਼ਮੀਨ ਵੀ ਨਹੀਂ ਸਰੀ, ਜਿਸ ਕਾਰਨ ਉਨ੍ਹਾਂ ਦੀ ਯਾਦ ’ਚ ਬਣੇ ਹਸਪਤਾਲ ਲਈ 6 ਕਨਾਲ ਜ਼ਮੀਨ ਜਥੇਦਾਰ ਭੱਠਲ ਦੇ ਪਰਵਾਰ ਵੱਲੋਂ ਹੀ ਦਿੱਤੀ ਗਈ।

**# ਸੰਪਰਕ: 94642-91023**

# ਵਧ ਰਹੀ ਅਸਹਿਣਸ਼ੀਲਤਾ ਲਈ ਜ਼ਿੰਮੇਵਾਰ ਕੌਣ ?



ਡਾ. ਇਕਬਾਲ ਸਿੰਘ ਸਕਰੌਦੀ

ਜੇਕਰ ਇਸ ਸੰਸਾਰ ਦੇ ਸਾਰੇ ਧਾਰਮਿਕ, ਨੈਤਿਕ ਅਤੇ ਨੀਤੀ ਸਿੱਖਿਆ ਦੇ ਗ੍ਰੰਥਾਂ ਦਾ ਅਧਿਐਨ ਕਰੀਏ ਤਾਂ ਉਨ੍ਹਾਂ ਵਿੱਚੋਂ ਮੂਲ਼ ਧੁਨੀ ਇਹੋ ਉਜਾਗਰ ਹੁੰਦੀ ਹੈ ਕਿ ਮਨੁੱਖ ਨੂੰ ਸ਼ਾਂਤ, ਸਹਿਜ, ਸੰਜਮ, ਸੰਤੋਖ ਅਤੇ ਸਹਿਣਸ਼ੀਲਤਾ ਦੇ ਧਾਰਨੀ ਹੋਣ ਦੀ ਸਿੱਖਿਆ ਅਤੇ ਸੰਦੇਸ਼ ਦਿੱਤਾ ਗਿਆ ਹੈ, ਪਰੰਤੂ ਇਹ ਵੀ ਕਿਹਾ ਜਾਂਦਾ ਹੈ ਕਿ ਸਮੁੱਚੇ ਸੰਸਾਰ ਵਿੱਚ ਸਭ ਤੋਂ ਵੱਧ ਝਗੜੇ, ਕਲੇਸ਼, ਈਰਖਾ, ਦਵੈਸ਼ ਅਤੇ ਅਸ਼ਾਂਤੀ ਵੀ ਧਰਮ ਦੇ ਨਾਂਅ ਉੱਤੇ ਹੀ ਫ਼ੈਲਾਈ ਜਾਂਦੀ ਰਹੀ ਹੈ। ਅੱਜ ਦੇ ਦੌਰ ਵਿੱਚ ਸ਼ਾਂਤੀ ਦਾ ਉਪਦੇਸ਼ ਦੇਣ ਵਾਲ਼ੇ ਤਥਾ ਕਥਿਤ ਬਾਬੇ, ਸੰਤ, ਪੁਜਾਰੀ, ਭਾਈ ਜੀ ਅਤੇ ਹੋਰ ਵੱਖ-ਵੱਖ ਡੇਰਿਆਂ ਉੱਤੇ ਕਬਜ਼ਾ ਕਰੀਂ ਬੈਠੇ ਇਹ ਲੋਕ ਜਨ-ਸਧਾਰਨ ਨੂੰ ਗਿਆਨ ਦੇਣ ਲਈ ਅਧਿਆਤਮਕਤਾ ਦੀ ਗੱਲ ਤਾਂ ਕਰਦੇ ਹਨ, ਪਰੰਤੂ ਉਹ ਆਪਣੀ ਸੁਰੱਖਿਆ ਲਈ ਆਪਣੇ ਆਲੇ-ਦੁਆਲ਼ੇ ਬੰਦੂਕਧਾਰੀਆਂ ਅਤੇ ਸਟੇਨਗੰਨਾਂ ਲਈ ਖੜ੍ਹੇ ਸ਼ਰਧਾਲੂਆਂ, ਸ਼ਾਗਿਰਦਾਂ ਦੀ ਇੱਕ ਵੱਡੀ ਭੀੜ ਵੀ ਜਮ੍ਹਾਂ ਰੱਖਦੇ ਹਨ।

ਸਿੱਖਿਆ ਖੇਤਰ ਨਾਲ਼ ਜੁੜੇ ਵਿਦਵਾਨ, ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇ, ਜਿਸ ਵਿੱਚ ਸਹਿਹੋਂਦ ਅਤੇ ਭਰਾਤਰੀ ਭਾਵ ਪੈਦਾ ਕਰਨ ਵਾਲ਼ਾ ਗਿਆਨ ਹੋਵੇ। ਹਰ ਮਨੁੱਖ ਵਿੱਚ ਇੱਕ ਦੂਜੇ ਨੂੰ ਬਰਦਾਸ਼ਤ ਕਰਨ ਦਾ ਮਾਦਾ ਹੋਵੇ। ਉਹ ਆਮ ਗੱਲਬਾਤ ਅਤੇ ਵਿਚਾਰ ਚਰਚਾ ਕਰਦੇ ਹੋਏ ਸਹਿਜ ਹੋਣ। ਇੱਕ ਦੂਜੇ ਦੀ ਭਾਵਨਾ ਨੂੰ ਸਮਝਣ ਅਤੇ ਸਤਿਕਾਰ ਕਰਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਦਰਭ ਵਿੱਚ ਆਪਣੀ ਕ੍ਰਿਤ ਜਪੁਜੀ ਸਾਹਿਬ ਵਿੱਚ ਦਰਜ ਕਰਦੇ ਹਨ-

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*  
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥*

ਪਰੰਤੂ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਮਾਜ ਵਿੱਚ ਵਧ ਰਹੇ ਅਕਾਦਮਿਕ ਅਤੇ ਆਰਥਕ ਮੁਕਾਬਲੇ ਨੇ ਵਿਦਿਆਰਥੀਆਂ ਵਿੱਚੋਂ ਸਹਿਣਸ਼ੀਲਤਾ ਦਾ ਮਾਦਾ ਲਗਭੱਗ ਖ਼ਤਮ ਕਰ ਦਿੱਤਾ ਹੈ।

ਇਸ ਘਟ ਰਹੀ ਸਹਿਣਸ਼ੀਲਤਾ ਅਤੇ ਵਧ ਰਹੀ ਅਸਹਿਣਸ਼ੀਲਤਾ ਕਾਰਨ ਹਰ ਪਾਸੇ ਝਗੜੇ, ਕਲੇਸ਼, ਦਵੈਸ਼, ਨਫ਼ਰਤ ਵਧ ਰਹੀ ਹੈ। ਹੁਣ ਕੋਈ ਵੀ ਵਿਅਕਤੀ ਦੋ ਮਿੰਟ ਲਈ ਇੰਤਜ਼ਾਰ ਕਰਨ ਨੂੰ ਤਿਆਰ ਨਹੀਂ।

ਅਸੀਂ ਹੁਣ ਧਾਰਮਿਕ ਸਥਾਨਾਂ ਉੱਤੇ ਜਾ ਕੇ ਵੀ ਸਹਿਜ ਨਹੀਂ ਹੁੰਦੇ। ਮੰਦਰ, ਮਸਜਿਦ, ਗੁਰਦੁਆਰੇ, ਚਰਚ ਆਦਿ ਵਿੱਚ ਮੱਥਾ ਟੇਕਣ ਵੇਲੇ ਵੀ ਮਨ ਵਿੱਚ ਕਾਹਲ ਪਈ ਰਹਿੰਦੀ ਹੈ। ਕਿਸੇ ਧਾਰਮਿਕ ਸਥਾਨ ਉੱਤੇ ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਵੱਲੋਂ ਮੱਥਾ ਟੇਕਣ ਜਾਣ ਦੀ ਸੂਰਤ ਵਿੱਚ ਉਥੋਂ ਦੇ ਪ੍ਰਬੰਧਕਾਂ ਵੱਲੋਂ ਬਹੁਤ ਹੀ ਮਹੱਤਵਪੂਰਨ ਪੂਰਨ ਵਿਅਕਤੀਆਂ, ਰਾਜਸੀ ਲੀਡਰਾਂ, ਹੋਰ ਸਮਾਜ ਦੇ ਧਨੀ ਲੋਕਾਂ ਲਈ ਜਨ-ਸਧਾਰਨ ਵਾਲ਼ੇ ਮਾਰਗ ਤੋਂ ਇਲਾਵਾ ਇੱਕ ਹੋਰ ਛੋਟਾ ਰਸਤਾ ਵੀ ਰੱਖਿਆ ਗਿਆ ਹੁੰਦਾ ਹੈ, ਜੋ ਕਿ ਲੋੜ ਅਨੁਸਾਰ ਹੀ ਖੋਲ੍ਹਿਆ ਜਾਂਦਾ ਹੈ, ਤਾਂ ਜੋ ਵਧੇਰੇ ਮਹੱਤਵਪੂਰਨ ਵਿਅਕਤੀਆਂ ਨੂੰ ਮੱਥਾ ਟੇਕਣ ਵਿੱਚ ਦੇਰੀ ਨਾ ਹੋਵੇ।

ਬੱਸ ਸਟੈਂਡ, ਰੇਲਵੇ ਸਟੇਸ਼ਨ ਉੱਤੇ ਲਾਈਨ ਵਿੱਚ ਖੜ੍ਹ ਕੇ ਟਿਕਟ ਕਟਾਉਂਦਿਆਂ ਹੋਇਆਂ, ਪੋਸਟ ਆਫ਼ਿਸ, ਬੈਂਕ, ਬੀਮਾ ਕੰਪਨੀ ਜਾਂ ਹੋਰ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਦਫ਼ਤਰ ਵਿੱਚ ਕੋਈ ਵੀ ਕੰਮ ਕਰਵਾਉਂਦਿਆਂ ਅਸੀਂ ਸਹਿਜਤਾ ਬਿਲਕੁਲ ਛੱਡ ਚੁੱਕੇ ਹਾਂ।

ਜੇਕਰ ਸੜਕ ਉੱਤੇ ਚੱਲਦੇ ਸਮੇਂ ਕੋਈ ਅੱਗੇ ਜਾ ਰਿਹਾ ਵਾਹਨ ਆਪਣੇ ਤੋਂ ਪਿਛਲੇ ਵਾਹਨ ਨੂੰ ਸਮੇਂ ਸਿਰ ਰਸਤਾ ਨਾ ਦੇ ਸਕੇ ਤਾਂ ਸਹਿਜਤਾ ਗੁਆ ਕੇ ਇੱਕ ਧਿਰ ਦੂਜੀ ਧਿਰ ਨੂੰ ਕੋਸਣ ਲੱਗ ਪੈਂਦੀ ਹੈ। ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਕਈ ਵਾਰੀ ਤਾਂ ਹੱਥੋਪਾਈ ਤੱਕ ਨੌਬਤ ਆ ਜਾਂਦੀ ਹੈ। ਇਹ ਸਭ ਕੁਝ ਘੱਟ ਰਹੀ ਸਹਿਣਸ਼ੀਲਤਾ ਦਾ ਹੀ ਸਿੱਟਾ ਹੈ। ਗੁੱਸਾ ਆਉਣਾ, ਗੁੱਸੇ ਵਿੱਚ ਬੇਕਾਬੂ ਹੋ ਕੇ ਕੁੱਟਮਾਰ ਤੱਕ ਪਹੁੰਚ ਜਾਣਾ ਬਹੁਤ ਹੀ ਮਾੜੀ ਗੱਲ ਹੈ।

ਸਾਡੀ ਸਿੱਖਿਆ ਪ੍ਰਣਾਲੀ ਵਿੱਚ ਸਾਨੂੰ ਇਹ ਸਿਖਾਉਣ ਵਿੱਚ ਕਿਧਰੇ ਕਮੀ ਰਹਿ ਗਈ ਹੈ ਕਿ ਦੂਜੇ ਇਨਸਾਨ ਦੀ ਕਿਸ ਪ੍ਰਕਾਰ ਕਦਰ ਕਰਨੀ ਹੈ? ਮਾਨਸ ਦੀ ਜਾਤ ਨੂੰ ਇੱਕ ਸਮਾਨ ਸਮਝਣਾ ਹੈ। ਮਾਨਵ ਦਾ ਸਤਿਕਾਰ ਕਿਸ ਤਰ੍ਹਾਂ ਕਰਨਾ ਹੈ? ਦੂਜਿਆਂ ਦਾ ਸਤਿਕਾਰ ਕਰਨਾ ਤਾਂ ਬਹੁਤ ਵੱਡੀ ਗੱਲ ਹੈ। ਹੁਣ ਹਾਲਾਤ ਇਹ ਬਣੇ ਪਏ ਹਨ ਕਿ ਬਹੁਤੇ ਆਪਣੇ ਆਪ ਦਾ, ਆਪਣੇ ਮਾਂ-ਬਾਪ ਦਾ ਸਤਿਕਾਰ ਵੀ ਨਹੀਂ ਕਰਦੇ। ਪਤੀ-ਪਤਨੀ ਵਿੱਚ ਤਣਾਓ ਵਧ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੋ ਚੁੱਕਾ ਹੈ। ਅਜਿਹੇ ਹਾਲਾਤ ਵਿੱਚ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਪਿੱਛੇ ਜਿਹੇ ਕੁਝ ਵਿਅਕਤੀਆਂ ਨੇ ਇੱਕ ਨੌਜਵਾਨ ਦਾ ਕਤਲ ਇਸ ਲਈ ਕਰ ਦਿੱਤਾ, ਕਿਉਂਕਿ ਉਸ ਨੇ ਉਨ੍ਹਾਂ ਦੀ ਕਾਰ ਨੂੰ ਸਾਈਡ ਦੇਣ ਵਿੱਚ ਕੁਤਾਹੀ ਕਰ ਦਿੱਤੀ ਸੀ। ਇਸੇ ਪ੍ਰਕਾਰ ਪਿਛਲੇ ਸਾਲ ਕਮਰੇ ਦਾ ਕਿਰਾਇਆ ਸਮੇਂ ਸਿਰ ਨਾ ਦੇਣ ਕਾਰਨ ਮਾਮੂਲੀ ਤਕਰਾਰ ਉੱਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੜ੍ਹਦੇ ਇੱਕ ਵਿਦਿਆਰਥੀ ਦਾ ਛੁਰਾ ਮਾਰ ਕੇ ਕਤਲ ਕਰ ਦਿੱਤਾ ਗਿਆ।

ਅਜਿਹੀਆਂ ਘਟਨਾਵਾਂ ਸਮਾਜ ਨੂੰ ਕਿਸ ਪਾਸੇ ਲੈ ਕੇ ਜਾ ਰਹੀਆਂ ਹਨ? ਅਜਿਹੀਆਂ ਦਰਦਨਾਕ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ? ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਅਜਿਹੀ ਮਾਨਸਿਕਤਾ ਕਿਉਂ ਬਣ ਰਹੀ ਹੈ? ਕੀ ਇਸ ਸਭ ਕੁਝ

> *ਵਧ ਰਹੀ ਅਸਹਿਣਸ਼ੀਲਤਾ ਦੇ ਕਾਰਨ ਜਿੱਤ ਅਤੇ ਮੁਕਾਬਲੇ ਦੀ ਲਾਲਸਾ ਨੇ ਖੇਡਾਂ ਨੂੰ ਵੀ ਇੱਕ ਜੰਗ ਦਾ ਰੂਪ ਦੇ ਦਿੱਤਾ ਹੈ। ਹੁਣ ਖਿਡਾਰੀ ਕਬੱਡੀ, ਹਾਕੀ , ਫੁੱਟਬਾਲ, ਕ੍ਰਿਕਟ ਆਦਿ ਖੇਡ ਖੇਡਣ ਲਈ ਟੀਕੇ ਤੱਕ ਲਾਉਣ ਲੱਗ ਪਏ ਹਨ, ਤਾਂ ਜੋ ਉਹ ਹਰ ਹਾਲਤ ਵਿੱਚ ਜਿੱਤ ਹਾਸਲ ਕਰ ਸਕਣ। ਜੇਕਰ ਫਿਰ ਵੀ ਵਿਰੋਧੀ ਟੀਮ ਜਿੱਤ ਜਾਂਦੀ ਹੈ ਤਾਂ ਗਾਲੀ-ਗਲੋਚ, ਹੱਥੋਪਾਈ ਅਤੇ ਕਤਲ ਕਰ ਦੇਣ ਤੱਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।*

ਦਾ ਜ਼ਿੰਮੇਵਾਰ ਸਮਾਜ ਹੈ? ਕੀ ਇਸ ਦਾ ਜ਼ਿੰਮੇਵਾਰ ਸਾਡਾ ਸਿੱਖਿਆ ਤੰਤਰ ਹੈ? ਕੀ ਇਸ ਦੇ ਜ਼ਿੰਮੇਵਾਰ ਸਾਡੇ ਪਰਵਾਰ ਹਨ? ਕੀ ਇਸ ਦੇ ਜ਼ਿੰਮੇਵਾਰ ਸਾਡੇ ਨੌਜਵਾਨ ਖ਼ੁਦ ਹਨ? ਕੀ ਇਸ ਦੇ ਜ਼ਿੰਮੇਵਾਰ ਨਸ਼ੇ ਹਨ ਜਾਂ ਇਸ ਕਿਸਮ ਦੀਆਂ ਹੋਰ ਚੀਜ਼ਾਂ ਹਨ?

ਬਿਲਕੁਲ ਇਸੇ ਪ੍ਰਕਾਰ ਹੀ ਅੱਜ ਮਾਪਿਆਂ ਦੀ, ਵਿਦਿਆਰਥੀਆਂ ਦੀ, ਹਰੇਕ ਵਿਅਕਤੀ ਦੀ ਅਮੀਰ ਬਣਨ ਲਈ ਲਾਲਸਾ ਏਨੀ ਜ਼ਿਆਦਾ ਵਧ ਗਈ ਹੈ ਕਿ ਪੈਸਾ ਕਮਾਉਣ ਲਈ ਯੋਗ ਸਾਧਨ ਜਾਂ ਅਯੋਗ ਸਾਧਨ ਕੋਈ ਮਾਇਨੇ ਨਹੀਂ ਰੱਖਦੇ?

ਅਜਿਹੀ ਸਥਿਤੀ ਵਿੱਚ ਕਿਸ ਤਰ੍ਹਾਂ ਦੇ ਨਾਗਰਿਕ ਤਿਆਰ ਹੋ ਰਹੇ ਹਨ। ਅੱਜ ਦਾ ਨੌਜਵਾਨ ਵਰਗ ਨਾ ਤਾਂ ਹੱਥੀਂ ਕੰਮ ਕਰਨਾ ਚਾਹੁੰਦਾ ਹੈ, ਨਾ ਵੱਡਿਆਂ ਦੀ ਇੱਜ਼ਤ ਕਰਨੀ ਚਾਹੁੰਦਾ ਹੈ, ਨਾ ਆਪਣੇ ਮਾਪਿਆਂ ਨੂੰ ਸਤਿਕਾਰ ਦੇਣਾ ਚਾਹੁੰਦਾ ਹੈ। ਸੋਚਣ ਅਤੇ ਵਿਚਾਰਨ ਵਾਲ਼ੀ ਗੱਲ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਵਿੱਚ ਸਾਡੇ ਸਮਾਜ ਦੀ ਸਿਰਜਣਾ ਕਿਹੋ ਜਿਹੀ ਹੋਵੇਗੀ, ਸਾਡਾ ਸਮਾਜ ਕਿੱਧਰ ਨੂੰ ਜਾਵੇਗਾ?

ਹੁਣ ਸਮਾਜ ਸ਼ਾਸਤਰੀਆਂ ਨੂੰ ਤਾਂ ਇੰਝ ਲੱਗਣ ਲੱਗ ਪਿਆ ਹੈ ਕਿ ਕੀ ਅਸੀਂ ਹੌਲੀ-ਹੌਲੀ ਅਮਰੀਕਾ ਵਿਚਲੀਆਂ ‘ਸ਼ੂਟ-ਆਊਟ’ ਕਰਨ ਵਾਲ਼ੀਆਂ ਘਟਨਾਵਾਂ ਵੱਲ ਤਾਂ ਨਹੀਂ ਵਧ ਰਹੇ? ਅਜਿਹੀਆਂ ਪ੍ਰਸਥਿਤੀਆਂ ਵਿੱਚ ਸਾਡੇ ਸਿੱਖਿਆ ਸ਼ਾਸਤਰੀਆਂ, ਸਮਾਜ ਦੇ ਸੂਝਵਾਨ ਤੇ ਜ਼ਹੀਨ ਸੋਚ ਦੇ ਧਾਰਨੀ ਪਤਵੰਤਿਆਂ, ਸਾਡੀਆਂ ਸਰਕਾਰਾਂ ਨੂੰ ਸਾਡੇ ਵਿੱਦਿਅਕ ਢਾਂਚੇ ਉੱਪਰ ਗੌਰ, ਨਜ਼ਰਸਾਨੀ ਜ਼ਰੂਰ ਕਰਨੀ ਚਾਹੀਦੀ ਹੈ। ਕਿਤੇ ਅਜਿਹਾ ਤਾਂ ਨਹੀਂ ਕਿ ਵਿਦਿਆਰਥੀਆਂ ਨੂੰ ਜੋ ਪੜ੍ਹਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਜੋ ਸਿਖਾਇਆ ਜਾ ਰਿਹਾ ਹੈ, ਉਹ ਚੰਗੇ ਨਾਗਰਿਕ ਪੈਦਾ ਕਰਨ ਵਿੱਚ ਸਹਾਈ ਨਾ ਹੋ ਰਿਹਾ ਹੋਵੇ।

ਹੁਣ ਅਜਿਹੀ ਸਮਾਜਿਕ ਹਾਲਤ ਬਣ ਗਈ ਹੈ ਕਿ ਕੋਈ ਕਿਸੇ ਨੂੰ ਰੋਕ-ਟੋਕ ਨਹੀਂ ਰਿਹਾ। ਕੋਈ ਕਿਸੇ ਨੂੰ ਵਰਜ ਨਹੀਂ ਰਿਹਾ, ਜਿਸ ਦਾ ਜੋ ਦਿਲ ਕਰਦਾ ਹੈ, ਉਹੀ ਕਰ ਰਿਹਾ ਹੈ। ਇਹ ਸਮੱਸਿਆ ਨਸ਼ੇ ਤੋਂ ਵੀ ਕਿਤੇ ਵੱਧ ਗੰਭੀਰ ਹੈ। ਜੇਕਰ ਇਸ ਗੰਭੀਰ ਮਸਲੇ ਵੱਲ ਫੌਰੀ ਤੌਰ ਉੱਤੇ ਸਾਡੇ ਸਮਾਜ ਸ਼ਾਸਤਰੀਆਂ, ਅਧਿਆਪਕਾਂ ਅਤੇ ਪਰਵਾਰਾਂ ਦੇ ਮੁਖੀਆਂ ਨੇ ਧਿਆਨ ਨਾ ਦਿੱਤਾ ਤਾਂ ਹਾਲਾਤ ਹੋਰ ਵੀ ਜ਼ਿਆਦਾ ਵਿਗੜਨ ਦੀਆਂ ਸੰਭਾਵਨਾਵਾਂ ਹਨ। ਅੱਜ ਅਸਹਿਣਸ਼ੀਲਤਾ ਨਾਂ ਦੀ ਇਹ ਬਿਮਾਰੀ ਸਾਰੇ ਸਮਾਜ ਵਿੱਚ ਅਮਰ ਵੇਲ ਵਾਂਗ ਵਧ ਰਹੀ ਹੈ। ਜੇਕਰ ਇਸ ਦਾ ਫੌਰੀ ਕੋਈ ਹੱਲ ਨਾ ਕੀਤਾ ਗਿਆ, ਇਸ ਨੂੰ ਜਲਦੀ ਨਾ ਰੋਕਿਆ ਗਿਆ ਤਾਂ ਇਹ ਸਾਡੇ ਸਮਾਜ ਲਈ ਬਹੁਤ ਹੀ ਘਾਤਕ ਸਿੱਧ ਹੋ ਸਕਦੀ ਹੈ।

ਕੋਈ ਸਮਾਂ ਸੀ, ਜਦੋਂ ਖੇਡਾਂ ਆਪਸੀ ਪਿਆਰ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਖੇਡੀਆਂ ਜਾਂਦੀਆਂ ਸਨ। ਖੇਡ ਵਿੱਚ ਜੇਤੂ ਧਿਰ ਨੇ ਆਪਣੀ ਖ਼ੁਸ਼ੀ ਦੂਜਿਆਂ ਨਾਲ਼ ਸਲੀਕੇ ਨਾਲ਼ ਸਾਂਝੀ ਕਰਨੀ ਹੁੰਦੀ ਹੈ ਅਤੇ ਹਾਰੀ ਹੋਈ ਧਿਰ ਨੇ ਆਪਣੀ ਹਾਰ ਨੂੰ ਸਹਿਜਤਾ ਨਾਲ਼ ਲੈਂਦੇ ਹੋਏ ਖੇਡ ਦੌਰਾਨ ਕੀਤੀਆਂ ਆਪਣੀਆਂ ਗ਼ਲਤੀਆਂ ਉੱਤੇ ਨਜ਼ਰਸਾਨੀ ਕਰਕੇ ਅੱਗੋਂ ਲਈ ਆਪਣੀ ਖੇਡ ਨੂੰ ਬਿਹਤਰ ਬਣਾਉਣਾ ਹੁੰਦਾ ਹੈ, ਪਰੰਤੂ ਵਧ ਰਹੀ ਅਸਹਿਣਸ਼ੀਲਤਾ ਦੇ ਕਾਰਨ ਜਿੱਤ ਅਤੇ ਮੁਕਾਬਲੇ ਦੀ ਲਾਲਸਾ ਨੇ ਖੇਡਾਂ ਨੂੰ ਵੀ ਇੱਕ ਜੰਗ ਦਾ ਰੂਪ ਦੇ ਦਿੱਤਾ ਹੈ। ਹੁਣ ਖਿਡਾਰੀ ਕਬੱਡੀ, ਹਾਕੀ , ਫੁੱਟਬਾਲ, ਕ੍ਰਿਕਟ ਆਦਿ ਖੇਡ ਖੇਡਣ ਲਈ ਟੀਕੇ ਤੱਕ ਲਾਉਣ ਲੱਗ ਪਏ ਹਨ, ਤਾਂ ਜੋ ਉਹ ਹਰ ਹਾਲਤ ਵਿੱਚ ਜਿੱਤ ਹਾਸਲ ਕਰ ਸਕਣ। ਜੇਕਰ ਫਿਰ ਵੀ ਵਿਰੋਧੀ ਟੀਮ ਜਿੱਤ ਜਾਂਦੀ ਹੈ ਤਾਂ ਗਾਲੀ-ਗਲੋਚ, ਹੱਥੋਪਾਈ ਅਤੇ ਕਤਲ ਕਰ ਦੇਣ ਤੱਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਵਧ ਰਹੀ ਇਸ ਅਸਹਿਣਸ਼ੀਲਤਾ ਕਾਰਨ ਜਦੋਂ ਸਾਡੇ ਸਮਾਜ ਵਿੱਚ ਦਰਦਨਾਕ, ਖੌਫ਼ਨਾਕ ਘਟਨਾਵਾਂ ਵਾਪਰਦੀਆਂ ਹਨ, ਉਦੋਂ ਹੀ ਸਮਾਜ ਸ਼ਾਸਤਰੀਆਂ ਨੂੰ ਚਿੰਤਾ ਅਤੇ ਫ਼ਿਕਰ ਸਤਾਉਣ ਲੱਗ ਪੈਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਸ ਗੰਭੀਰ ਮਸਲੇ ਉੱਤੇ ਸੋਚ-ਵਿਚਾਰ ਅਤੇ ਚਿੰਤਨ ਕਰਨ ਦੀ ਲੋੜ ਹੈ।

**# ਸੰਪਰਕ : 84276-85020**

# ਹੱਡਾਰੋੜੀ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਲਿਜਾਣ ਲਈ ਪੀੜਤਾਂ ਵੱਲੋਂ ਪ੍ਰਦੂਸ਼ਣ ਬੋਰਡ ਦੇ ਉੱਚ ਅਧਿਕਾਰੀਆਂ ਕੋਲ ਗੁਹਾਰ !

- ਘਰਾਂ ਅੱਗੇ ਸੀਵਰੇਜ ਦੇ ਪਾਣੀ ਨਾਲ ਬਣੇ ਟੋਭੇ ਦੇ ਰਹੇ ਨੇ ਭਿਆਨਕ ਬਿਮਾਰੀਆਂ ਨੂੰ ਸੱਦਾ
- ਹਲਕਾ ਵਿਧਾਇਕ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਨਹੀਂ ਹੋਇਆ ਹੱਲ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਹੱਡਾਰੋੜੀ ਰਿਹਾਇਸ਼ੀ ਏਰੀਏ ਤੋਂ ਦੂਰ ਸ਼ਿਫਟ ਕਰਨ ਸਬੰਧੀ ਨੌਂਧਰਾਣੀ ਰੋਡ ਮਾਲੇਰਕੋਟਲਾ 'ਤੇ ਸਥਿੱਤ ਮੁਹੱਲਾ ਗੋਬਿੰਦ ਨਗਰ, ਗਾਂਧੀ ਨਗਰ ਦੇ ਨਿਵਾਸੀਆਂ ਤੇ ਫੈਕਟਰੀ ਮਾਲਕਾਂ, ਮਜ਼ਦੂਰਾਂ ਵੱਲੋਂ ਸਿਵਲ ਪ੍ਰਸ਼ਾਸਨ ਨੂੰ ਵਾਰ ਵਾਰ ਕੀਤੀਆਂ ਅਪੀਲਾਂ ਨੂੰ ਬੂਰ ਨਾ ਪੈਣ 'ਤੇ ਹੁਣ ਚੇਅਰਮੈਨ ਪ੍ਰਦੂਸ਼ਣ ਬੋਰਡ ਪੰਜਾਬ ਤੇ ਉੱਚ ਅਧਿਕਾਰੀਆਂ ਕੋਲ ਗੁਹਾਰ ਲਾਈ ਹੈ। ਪੀੜਤ ਲੋਕਾਂ ਵੱਲੋਂ ਬਿਨੈ ਪੱਤਰ ਵਿੱਚ ਲਿਖਿਆ ਕਿ ਹੱਡਾਰੋੜੀ ਚੋਂ ਹਰ ਸਮੇਂ ਆ ਰਹੀ ਭੈੜੀ ਬਦਬੂ ਕਾਰਨ ਅਸੀਂ ਪ੍ਰਦੂਸ਼ਤ ਏਰੀਏ 'ਚ ਰਹਿਣ ਲਈ ਮਜਬੂਰ ਹਾਂ ਤੇ ਸਾਡੇ ਬੱਚੇ ਬੀਮਾਰ ਹੋ ਰਹੇ ਹਨ। ਇਸ ਤੋਂ ਇਲਾਵਾ ਮੁਹੱਲੇ ਵਿੱਚ ਸੀਵਰੇਜ ਬੰਦ ਹੋਣ ਕਾਰਨ ਗਟਰ ਓਵਰਫਲੋ ਹੋ ਕੇ ਗਲੀਆਂ ਵਿੱਚ ਗੰਦੇ ਪਾਣੀ ਦੇ ਟੋਭੇ ਬਣ ਰਹੇ ਹਨ, ਜੋ ਭਿਆਨਕ ਬੀਮਾਰੀਆਂ ਨੂੰ ਹੋਕਾ ਦੇ ਰਹੇ ਹਨ, ਇਸ ਲਈ ਪੀੜਤ ਲੋਕਾਂ ਦੀ ਪੁਰਜ਼ੋਰ ਮੰਗ ਹੈ ਕਿ ਨੌਂਧਰਾਣੀ ਰੋਡ ਦੇ ਫਾਟਕਾਂ ਨਜ਼ਦੀਕ ਲਗਾਈ ਹੱਡਾਰੋੜੀ ਨੂੰ ਤੁਰੰਤ ਰਿਹਾਇਸ਼ੀ ਇਲਾਕਿਆਂ ਤੇ ਉਦਯੋਗਿਕ ਖੇਤਰ ਤੋਂ ਦੂਰ ਸਿਫਟ ਕੀਤਾ ਜਾਵੇ ਅਤੇ ਸੀਵਰੇਜ ਦੇ ਗੰਦੇ ਪਾਣੀ ਨਾਲ ਗਲੀਆਂ 'ਚ ਬਣੇ ਟੋਭਿਆਂ ਦਾ ਤੁਰੰਤ ਹੱਲ ਕੀਤਾ ਜਾਵੇ। ਮੁਹੱਲਾ ਨਿਵਾਸੀ ਤੇ ਮੁਲਾਜ਼ਮਾਂ ਦੇ ਸੂਬਾਈ ਆਗੂ ਰਣਜੀਤ ਸਿੰਘ ਰਾਣਵਾਂ, ਮਹਿੰਦਰ ਸਿੰਘ, ਲਾਲ ਸਿੰਘ, ਸਤਨਾਮ ਸਿੰਘ, ਸੁਖਦੇਵ ਸਿੰਘ, ਗੋਲੂ, ਰੋਸਾ ਖਾਂ, ਅਜੇ ਕੁਮਾਰ ਤੇ ਸੰਜੇ ਕੁਮਾਰ ਨੇ ਕਿਹਾ ਕਿ ਹੱਡਾਰੋੜੀ ਦੇ 100 ਗਜ਼ ਨਜ਼ਦੀਕ ਤਾਰਾ ਕਾਨਵੈਂਟ ਸਕੂਲ ਵੀ ਹੈ, ਜਿੱਥੇ 1400 ਦੇ ਕਰੀਬ ਬੱਚੇ ਪੜ੍ਹਦੇ ਹਨ, ਜੋ ਗੰਦੀ ਬਦਬੋ ਕਾਰਨ ਪ੍ਰੇਸ਼ਾਨ ਹਨ ਅਤੇ ਬੀਮਾਰ ਹੋ ਰਹੇ ਹਨ। ਮਹੱਲਾ ਵਾਸੀਆਂ ਨੇ ਕਿਹਾ ਕਿ ਉੱਕਤ ਮਾਮਲੇ ਸਬੰਧੀ ਮਾਨਯੋਗ ਡੀ ਸੀ ਸਾਹਿਬ ਮਾਲੇਰਕੋਟਲਾ, ਹਲਕਾ ਵਿਧਾਇਕ ਜਮੀਲ ਉਰ ਰਹਿਮਾਨ ਤੇ ਲੋਕ ਸਭਾ ਸਾਂਸਦ ਗੁਰਮੀਤ ਸਿੰਘ ਮੀਤ ਹੇਅਰ ਦੇ ਲਿਖਤੀ ਧਿਆਨ ਵਿੱਚ ਲਿਆ ਚੁੱਕੇ ਹਾਂ, ਪਰ ਸਿਵਾਏ ਭਰੋਸਿਆਂ ਦੇ ਕੁੱਝ ਨਹੀਂ ਹੋਇਆ। ਇਸ ਲਈ ਪੀੜਤਾਂ ਵੱਲੋਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹੱਡਾਰੋੜੀ ਸਮੇਤ ਹੋਰ ਮੁਸ਼ਕਲਾਂ ਦਾ ਜਲਦੀ ਕੋਈ ਹੱਲ ਨਾ ਕੀਤਾ ਤਾਂ ਦੁਖੀ ਲੋਕ ਹੱਡਾਰੋੜੀ 'ਚੋਂ ਮੁਰਦਾ ਪਸ਼ੂਆਂ ਦੇ ਹੱਡ ਖੁੱਦ ਚੁੱਕ ਕੇ ਡੀ ਸੀ ਮਾਲੇਰਕੋਟਲਾ ਦੇ ਦਫਤਰ ਅੱਗੇ ਢੇਰ ਲਾਉਣ ਲਈ ਮਜਬੂਰ ਹੋਣਗੇ ਤੇ ਪਰਵਾਰਾਂ ਸਮੇਤ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਨਿੱਜੀ ਹੋਵੇਗੀ।

# ਖੁਦਕੁਸ਼ੀ ਮਾਮਲੇ 'ਚ ਪੰਜ ਅਧਿਆਪਕ ਆਗੂਆਂ ਨੂੰ ਨਾਮਜ਼ਦ ਕਰਨ ਤੋਂ ਪਹਿਲਾਂ ਨਿਰਪੱਖ ਜਾਂਚ ਕਰਵਾਈ ਜਾਵੇ : ਤਰਕਸ਼ੀਲ ਆਗੂ




**ਬਰਨਾਲਾ (ਪੱਤਰ ਪ੍ਰੇਰਕ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਸਥਾਨਕ ਤਰਕਸ਼ੀਲ ਭਵਨ ਵਿਖੇ ਹੋਈ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਰਾ ਕਲਾਂ (ਸੰਗਰੂਰ) ਦੇ ਇੰਚਾਰਜ ਅਧਿਆਪਕ ਧਰਮਵੀਰ ਸੈਣੀ ਵੱਲੋਂ ਕੀਤੀ ਖੁਦਕਸ਼ੀ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ।ਇਸ ਦੇ ਨਾਲ ਹੀ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਇਸ ਕੇਸ ਦੀ ਬਾਰੀਕੀ ਨਾਲ ਨਿਰਪੱਖ ਜਾਂਚ ਕਰਵਾ ਕੇ ਸਚਾਈ ਸਾਹਮਣੇ ਲਿਆਂਦੀ ਜਾਵੇ।ਤਰਕਸ਼ੀਲ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਤੇ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋਂ, ਰਾਜਪਾਲ ਬਠਿੰਡਾ, ਰਾਜੇਸ਼ ਅਕਲੀਆ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ ਤੇ ਅਜੀਤ ਪ੍ਰਦੇਸੀ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਇਸ ਕੇਸ ਵਿੱਚ ਪੁਲਸ ਵੱਲੋਂ ਡੀ ਟੀ ਐੱਫ ਆਗੂ ਬਲਬੀਰ ਚੰਦ ਲੌਂਗੋਵਾਲ, ਜੋਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਤੇ ਤਰਕਸ਼ੀਲ ਮੈਗਜ਼ੀਨ ਦੇ ਮੁੱਖ ਸੰਪਾਦਕ ਵੀ ਹਨ ਅਤੇ ਚਾਰ ਹੋਰਨਾਂ ਅਧਿਆਪਕ ਆਗੂਆਂ ਨੂੰ ਨਾਮਜ਼ਦ ਕਰਨ ਉੱਤੇ ਬੇਹੱਦ ਹੈਰਾਨੀ ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਧਰਮਵੀਰ ਸੈਣੀ ਦੀ ਖੁਦਕੁਸ਼ੀ ਦਾ ਕਾਰਨ ਪੰਜ ਅਧਿਆਪਕ ਆਗੂ ਨਹੀਂ, ਬਲਕਿ ਸਕੂਲ ਮੁਖੀਆਂ 'ਤੇ ਰੋਜ਼ਾਨਾ ਲੋੜੋਂ ਵੱਧ ਮਾਨਸਿਕ ਦਬਾਅ ਪਾਉਣ ਵਾਲਾ ਮੌਜੂਦਾ ਨਾਕਸ ਸਿੱਖਿਆ ਪ੍ਰਬੰਧ ਜ਼ਿੰਮੇਵਾਰ ਹੈ, ਜਿਸ ਨੂੰ ਬਦਲ ਕੇ ਹੀ ਸਮੁੱਚੇ ਅਧਿਆਪਕ ਵਰਗ ਨੂੰ ਮਾਨਸਿਕ ਦਬਾਅ ਤੋਂ ਮੁਕਤ ਕੀਤਾ ਜਾ ਸਕਦਾ ਹੈ।

ਤਰਕਸ਼ੀਲ ਆਗੂਆਂ ਨੇ ਪੰਜਾਬ ਸਰਕਾਰ ਤੇ ਉੱਚ ਪੁਲਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਕੇਸ ਦੀ ਬਿਨਾਂ ਕਿਸੇ ਦੇਰੀ ਦੇ ਹਰ ਪਹਿਲੂ ਤੋਂ ਬਾਰੀਕੀ ਨਾਲ ਨਿਰਪੱਖ ਜਾਂਚ ਕਰਕੇ ਸੱਚ ਸਾਹਮਣੇ ਲਿਆਂਦਾ ਜਾਵੇ।ਇਸ ਦੇ ਨਾਲ ਹੀ ਤਰਕਸ਼ੀਲ ਆਗੂਆਂ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਧਰਮਵੀਰ ਸੈਣੀ ਦੇ ਪਰਿਵਾਰ ਦੀ ਵਿੱਤੀ ਮਦਦ ਕਰਨ ਦੇ ਇਲਾਵਾ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

# ਪਸ਼ੂ ਪਾਲਣ ਵਿਭਾਗ ਦੇ ਕੱਚੇ ਵਰਕਰਾਂ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

- ਡੀ ਸੀ ਰੇਟ 'ਚ ਕੀਤੇ ਮਾਮੂਲੀ ਵਾਧੇ ਦੀਆਂ ਕਾਪੀਆਂ ਸਾੜੀਆਂ

**ਨਾਭਾ (ਵਰਿੰਦਰ ਵਰਮਾ)**

ਪਸ਼ੂ ਪਾਲਣ ਵਿਭਾਗ ਸੀਮਨ ਬੈਂਕ ਨਾਭਾ ਦੇ ਕੱਚੇ ਵਰਕਰਾਂ ਦੀ ਅਹਿਮ ਮੀਟਿੰਗ ਪ੍ਰਧਾਨ ਚਮਕੌਰ ਸਿੰਘ ਧਾਰੋਂਕੀ ਦੀ ਅਗਵਾਈ ਹੇਠ ਫਾਰਮ ਦੇ ਲਾਈਵ ਸਟਾਕ ਸੈਕਸ਼ਨ ਵਿਖੇ ਹੋਈ।ਮੀਟਿੰਗ ਵਿੱਚ ਸ਼ਾਮਲ ਹੋਏ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਚਮਕੌਰ ਸਿੰਘ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਕਿਰਤ ਵਿਭਾਗ ਨੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਘੱਟੋ-ਘੱਟ ਉਜ਼ਰਤ (ਡੀ.ਸੀ.ਰੇਟ) ਵਿੱਚ ਮਹਿਜ਼ 163 ਰੁਪਏ ਪ੍ਰਤੀ ਮਹੀਨਾ ਮਾਮੂਲੀ ਵਾਧਾ ਕਰਕੇ ਕੱਚੇ ਵਰਕਰਾਂ ਨਾਲ ਕੋਝਾ ਮਜ਼ਾਕ ਕੀਤਾ ਹੈ।ਇਕੱਤਰ ਹੋਏ ਵਰਕਰਾਂ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਘੱਟੋ-ਘੱਟ ਉਜ਼ਰਤ (ਡੀ.ਸੀ. ਰੇਟ) ਦੀਆਂ ਕਾਪੀਆਂ ਸਾੜ ਕੇ ਪੰਜਾਬ ਸਰਕਾਰ ਵਿਰੁੱਧ ਆਪਣੀ ਭੜਾਸ ਕੱਢੀ।ਪ੍ਰਧਾਨ ਨੇ ਭਰੇ ਮਨ ਨਾਲ ਦੱਸਿਆ ਕਿ ਉਹ ਤੇ ਉਸ ਦੇ ਸਾਥੀ ਇਸ ਫਾਰਮ ਵਿੱਚ ਪਿਛਲੇ ਲੱਗਭੱਗ 25-30 ਸਾਲਾਂ ਤੋਂ ਲਗਾਤਾਰ ਬਹੁਤ ਹੀ ਘੱਟ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਹਨ।ਮੌਜੂਦਾ ਸਰਕਾਰ ਦੇ ਮੁੱਖ ਮੰਤਰੀ ਤੇ ਉਸ ਦੇ ਕੈਬਨਿਟ ਮੰਤਰੀਆਂ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਣੀ ਦੀਆਂ ਛਬੀਲਾਂ 'ਤੇ ਜਾ-ਜਾ ਕੇ ਗਰੀਬਾਂ, ਕੱਚੇ ਵਰਕਰਾਂ ਆਦਿ ਨਾਲ ਅਨੇਕਾਂ ਵਾਅਦੇ ਕੀਤੇ ਸਨ, ਇਨ੍ਹਾਂ ਵਾਅਦਿਆਂ ਵਿੱਚ ਮੁੱਖ ਵਾਅਦੇ ਕੱਚੇ ਵਰਕਰਾਂ ਨੂੰ ਪੱਕੇ ਕਰਨਾ ਤੇ 500 ਰੁਪਏ ਦਿਹਾੜੀ (15000 ਰੁਪਏ ਤਨਖਾਹ) ਕਰਨਾ ਆਦਿ ਸ਼ਾਮਲ ਸੀ, ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਨੇ ਇਹ ਦੋਨੋਂ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ।ਪੰਜਾਬ ਸਰਕਾਰ ਨੇ ਕੱਚੇ ਵਰਕਰਾਂ ਨੂੰ ਪੱਕੇ ਤਾਂ ਕੀ ਕਰਨਾ ਸੀ, ਸਗੋਂ ਕੱਚੇ ਮੁਲਾਜ਼ਮਾਂ ਦੀ ਤਨਖਾਹ ਵਿੱਚ ਮਾਮੂਲੀ ਵਾਧਾ ਕਰਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ, ਜਿਸ ਨੂੰ ਕੱਚੇ ਵਰਕਰ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ, ਕਿਉਂਕਿ ਅੱਜ ਦੀ ਅੰਤਾਂ ਦੀ ਮਹਿੰਗਾਈ ਦੇ ਵਿੱਚ ਐਨੀ ਘੱਟ ਤਨਖਾਹ ਨਾਲ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੈ, ਪਰ ਫਿਰ ਵੀ ਉਹ ਐਨੀ ਘੱਟ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਹਨ।ਸਮੁੱਚੇ ਵਰਕਰਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਮਾਮੂਲੀ ਵਾਧੇ ਵਾਲੀ ਚਿੱਠੀ ਨੂੰ ਵਾਪਸ ਲੈ ਕੇ ਘੱਟੋ-ਘੱਟ ਉਜ਼ਰਤ (ਡੀ.ਸੀ. ਰੇਟ) ਅੱਜ ਦੀ ਅੰਤਾਂ ਦੀ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ 18000/- ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਚਿੱਠੀ ਜਾਰੀ ਕਰੇ।ਵਰਕਰਾਂ ਨੇ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਕੋਸਦਿਆਂ ਕਿਹਾ ਕਿ ਉਹ (ਉੱਚ ਅਫਸਰ) ਉਨ੍ਹਾਂ ਦਾ (ਵਰਕਰਾਂ ਦਾ) ਪਹਿਲਾਂ ਦੇ ਵਧੇ ਡੀ.ਸੀ. ਰੇਟਾਂ ਦਾ ਬਕਾਇਆ ਦੱਬੀ ਬੈਠੇ ਹਨ, ਜਿਹੜਾ ਕਿ ਹਰੇਕ ਵਰਕਰ ਦਾ ਲੱਗਭਗ 10 ਹਜ਼ਾਰ ਰੁਪਏ ਦੇ ਕਰੀਬ ਬਣਦਾ ਹੈ, ਜੋ ਕਿ ਵਰਕਰਾਂ ਨਾਲ ਸਰਾਸਰ ਧੱਕਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਬਿਸ਼ਨਪੁਰਾ, ਸਮਸ਼ੇਰ ਸਿੰਘ ਬੂਹੀ, ਰਜਿੰਦਰ ਸਿੰਘ, ਰਣਜੀਤ ਸਿੰਘ, ਭਗਵੰਤ ਸਿੰਘ, ਆਤਮਾ ਸਿੰਘ, ਰਿੰਕੂ, ਬਲਵੀਰ ਸਿੰਘ, ਸ਼ਿਵ ਕੁਮਾਰ, ਮਹਿੰਦਰ ਆਦਿ ਕੱਚੇ ਵਰਕਰ ਮੌਜੂਦ ਸਨ।



ਪਸ਼ੂ ਪਾਲਣ ਵਿਭਾਗ ਦੇ ਕੱਚੇ ਕਾਮੇ ਡੀ ਸੀ ਰੇਟ 'ਚ ਕੀਤੇ ਮਾਮੂਲੀ ਵਾਧੇ ਦੀਆਂ ਕਾਪੀਆਂ ਸਾੜ ਕੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ।

## ਕਾਤਰਾਂ

### 31 ਤੱਕ ਅਪਾਹਜ ਵਿਅਕਤੀਆਂ ਤੋਂ ਰਾਸ਼ਟਰੀ ਪੁਰਸਕਾਰ ਲਈ ਅਰਜ਼ੀਆਂ ਮੰਗੀਆਂ

**ਲੁਧਿਆਣਾ (ਰਾਜ ਸਿੰਗਲਾ)**-ਅਪਾਹਜ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਰਾਸ਼ਟਰੀ ਪੁਰਸਕਾਰ 3 ਦਸੰਬਰ ਨੂੰ ਅਪਾਹਜ ਵਿਅਕਤੀਆਂ ਦੇ ਅੰਤਰਰਾਸ਼ਟਰੀ ਦਿਵਸ 'ਤੇ ਪੇਸ਼ ਕੀਤਾ ਜਾਵੇਗਾ। ਇਹ ਪੁਰਸਕਾਰ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਅਪਾਹਜ ਵਿਅਕਤੀਆਂ ਦੇ ਸਸ਼ਕਤੀਕਰਨ ਵਿਭਾਗ (ਦਿਵਿਆਂਗਜਨ) ਦੁਆਰਾ ਵੱਖ-ਵੱਖ ਸ਼੍ਰੇਣੀਆਂ ਵਿੱਚ ਦਿੱਤੇ ਜਾਣਗੇ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੇ ਹੋਰ ਵੇਰਵੇ ਦਿੰਦਿਆਂ ਦੱਸਿਆ ਕਿ ਇੱਛੁਕ ਵਿਅਕਤੀਆਂ ਨੂੰ ਐਵਾਰਡ ਲਈ ਅਪਲਾਈ ਕਰਨ ਤੋਂ ਪਹਿਲਾਂ ਮਾਪਦੰਡਾਂ, ਸ਼੍ਰੇਣੀਆਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਕਰਨ ਲਈ ਅਧਿਕਾਰਤ ਵੈੱਬਸਾਈਟ 'ਤੇ ਜਾਣਾ ਚਾਹੀਦਾ ਹੈ। ਰਾਸ਼ਟਰੀ ਪੁਰਸਕਾਰਾਂ, ਯੋਗਤਾ ਦੇ ਮਾਪਦੰਡ ਅਤੇ ਚੋਣ ਪ੍ਰਕਿਰਿਆ ਬਾਰੇ ਵਿਸਤ੍ਰਿਤ ਜਾਣਕਾਰੀ ਵੀ ਵੈਬਸਾਈਟ 'ਤੇ ਪਾਈ ਜਾ ਸਕਦੀ ਹੈ। ਬਿਨੈ-ਪੱਤਰ ਕੇਵਲ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੀ ਨਿਰਧਾਰਤ ਫਾਰਮੈਟ ਵਿੱਚ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ। ਐਪਲੀਕੇਸ਼ਨ ਫਾਰਮੈਟ ਵੈਬਸਾਈਟ 'ਤੇ ਉਪਲਬਧ ਹੈ ਅਤੇ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ 31 ਜੁਲਾਈ ਹੈ।

### ਕਰਿਆਨਾ ਵਪਾਰੀ ਤੋਂ ਨਗਦੀ ਤੇ ਸੋਨੇ ਦੀ ਚੇਨ ਲੁੱਟੀ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫਰੀਦਕੋਟ ਸਾਦਿਕ ਰੋਡ 'ਤੇ ਕੁੱਝ ਲੁਟੇਰਿਆਂ ਵੱਲੋਂ ਇੱਕ ਕਰਿਆਨਾ ਵਪਾਰੀ ਤੋਂ 40 ਹਜ਼ਾਰ ਰੁਪਏ ਤੇ ਇੱਕ ਸੋਨੇ ਦੀ ਚੇਨੀ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ।ਮਿਲੀ ਜਾਣਕਾਰੀ ਮੁਤਾਬਿਕ ਫਰੀਦਕੋਟ ਦਾ ਰਹਿਣ ਵਾਲਾ ਥੋਕ ਦਾ ਕਰਿਆਨਾ ਵਪਾਰੀ ਕਸਬਾ ਸਾਦਿਕ ਵਿਖੇ ਸਾਮਾਨ ਸਪਲਾਈ ਕਰਕੇ ਵਾਪਸ ਆ ਰਿਹਾ ਸੀ ਤਾਂ ਰਸਤੇ 'ਚ ਤਿੰਨ ਮੋਟਰਸਾਈਕਲਾਂ 'ਤੇ ਸਵਾਰ ਕਰੀਬ ਅੱਠ ਬਦਮਾਸ਼ਾਂ ਵੱਲੋਂ ਉਸ ਨੂੰ ਘੇਰ ਕੇ ਉਸ ਦੀ ਸਕੂਟੀ ਦੀ ਡਿੱਗੀ 'ਚ ਰੱਖੇ 40 ਹਜ਼ਾਰ ਰੁਪਏ ਕੱਢ ਲਏ, ਨਾਲ ਹੀ ਵਪਾਰੀ ਦੇ ਗਲੇ 'ਚ ਪਾਈ ਸੋਨੇ ਦੀ ਚੇਨ ਵੀ ਖੋਹ ਕੇ ਲੈ ਗਏ।ਪੁਲਸ ਨੂੰ ਸੂਚਨਾ ਮਿਲਣ 'ਤੇ ਪੁਲਸ ਨੇ ਘਟਨਾ ਵਾਲੀ ਥਾਂ 'ਤੇ ਪੁੱਜ ਕੇ ਮੌਕੇ ਦਾ ਜਾਇਜ਼ਾ ਲਿਆ ਅਤੇ ਆਸਪਾਸ ਦੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਜਾ ਰਹੇ ਹਨ। ਫਿਲਹਾਲ ਲੁਟੇਰਿਆਂ ਬਾਰੇ ਕੋਈ ਜਾਣਕਾਰੀ ਪੁਲਸ ਹੱਥ ਨਹੀਂ ਲੱਗੀ।

### ਐਡਵੋਕੇਟ ਅਨੁਰਾਗ ਸ਼ਰਮਾ ਬਣੇ ਥਾਂਦੇਵਾਲਾ ਦੇ ਪ੍ਰਭਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਚਾਵਲਾ)**-ਬੀ.ਜੇ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਨੌਜਵਾਨ ਆਗੂ ਜ਼ਿਲ੍ਹਾ ਪ੍ਰੈੱਸ ਸੈਕਟਰੀ ਅਨੁਰਾਗ ਰਾਹੁਲ ਸ਼ਰਮਾ ਨੂੰ ਮੰਡਲ ਥਾਂਦੇਵਾਲਾ ਦਾ ਪ੍ਰਭਾਰੀ ਨਿਯੁਕਤ ਕੀਤਾ ਗਿਆ।ਅਨੁਰਾਗ ਸ਼ਰਮਾ ਇਸ ਤੋਂ ਪਹਿਲਾਂ ਆਈ ਟੀ ਸੈੱਲ, ਮੀਡੀਆ ਸੈੱਲ ਤੇ ਸੋਸ਼ਲ ਮੀਡੀਆ ਟੀਮ ਪੰਜਾਬ ਵਿੱਚ ਕੰਮ ਕਰ ਚੁੱਕੇ ਹਨ।ਅਨੁਰਾਗ ਸ਼ਰਮਾ ਨੇ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਦਾ ਧੰਨਵਾਦ ਕੀਤਾ।ਅਨੁਰਾਗ ਨੇ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਬਖੂਬੀ ਨਿਭਾਉਣਗੇ।

## ਡਬਲ ਟਾਇਰੀ ਟਰਾਲਾ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪਿੰਡ ਛੀਂਬੇ ਵਾਲਾ ਵਿਖੇ ਇੱਕ ਵਿਅਕਤੀ ਦਾ ਡਬਲ ਟਾਇਰੀ ਟਰਾਲਾ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਗੁਰੂ ਹਰਸਹਾਏ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਸ਼ਨਜੋਤ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਝੋਕ ਮੋਹੜੇ ਨੇ ਦੱਸਿਆ ਕਿ ਉਸ ਨੇ ਆਪਣੇ ਖੇਤੀਬਾੜੀ ਕੰਮ ਲਈ ਟਰੈਕਟਰ ਮਗਰ ਪਾਉਣ ਵਾਲਾ ਇਕ ਡਬਲ ਟਾਇਰੀ ਟਰਾਲਾ 6 ਮਹੀਨੇ ਪਹਿਲਾ ਤਿਆਰ ਕਰਵਾਇਆ ਸੀ। ਬੀਤੀ 2-3 ਜੂਨ 2024 ਦੀ ਦਰਮਿਆਨੀ ਰਾਤ ਨੂੰ ਛੀਂਬੇ ਵਾਲਾ ਤੋਂ ਜਿਸ ਨੂੰ ਕੋਈ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦਾ ਚੋਣ ਅਜਲਾਸ

- ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਤੇ ਇਕਬਾਲ ਸਿੰਘ ਮੰਘੇੜਾ ਜਨਰਲ ਸਕੱਤਰ ਚੁਣੇ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਜ਼ਿਲ੍ਹਾ ਇਕਾਈ ਫਰੀਦਕੋਟ ਦਾ ਚੋਣ ਅਜਲਾਸ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਵਿਖੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਸੂਬਾਈ, ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਸੇਖੋਂ, ਪੋਹਲਾ ਸਿੰਘ ਬਰਾੜ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਅਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਅਜਲਾਸ ਦੌਰਾਨ ਜ਼ਿਲ੍ਹਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਆਪਣੇ ਕਾਰਜਕਾਲ ਦੀ ਜਥੇਬੰਦਕ ਰਿਪੋਰਟ ਅਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ ਆਪਣੇ ਕਾਰਜ ਕਾਲ ਦੇ ਲੇਖੇ ਜੋਖੇ ਦੀ ਵਿੱਤੀ ਰਿਪੋਰਟ ਪੇਸ਼ ਕੀਤੀ ਗਈ। ਇਨ੍ਹਾਂ ਦੋਨਾਂ ਰਿਪੋਰਟਾਂ 'ਤੇ ਹੋਈ ਬਹਿਸ ਵਿੱਚ ਪੈਨਸ਼ਨ ਆਗੂ ਸੁਖਚੈਨ ਸਿੰਘ ਥਾਂਦੇਵਾਲਾ, ਮੁਖਤਿਆਰ ਸਿੰਘ ਮੱਤਾ, ਜਸਵਿੰਦਰ ਸਿੰਘ ਬਰਾੜ, ਮਦਨ ਲਾਲ ਸ਼ਰਮਾ, ਕੁਲਜੀਤ ਸਿੰਘ ਬਬੀਹਾ, ਅਮਰਜੀਤ ਕੌਰ ਛਾਬੜਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਤੇ ਪੋਹਲਾ ਸਿੰਘ ਬਰਾੜ ਨੇ ਭਾਗ ਲੈ ਕੇ ਦੋਨਾਂ ਰਿਪੋਰਟਾਂ ਨਾਲ ਸਹਿਮਤੀ ਪ੍ਰਗਟਾਈ ਅਤੇ ਆਪਣੇ ਵੱਲੋਂ ਕੁਝ ਸੁਝਾਅ ਨੋਟ ਕਰਵਾਏ ਗਏ। ਪੈਨਸ਼ਨਰ ਆਗੂ ਪ੍ਰੇਮ ਚਾਵਲਾ ਨੇ ਵੱਖ ਵੱਖ ਬੁਲਾਰਿਆਂ ਵੱਲੋਂ ਦਿੱਤੇ ਗਏ ਸੁਝਾਅ ਨੂੰ ਰਿਪੋਰਟ ਵਿੱਚ ਸ਼ਾਮਲ ਕਰਨ ਦਾ ਭਰੋਸਾ ਦਿਵਾਇਆ ਤੇ ਇਹ ਰਿਪੋਰਟਾਂ ਨਾਅਰਿਆਂ ਦੀ ਗੂੰਜ ਵਿੱਚ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਈਆਂ ਗਈਆਂ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀਮਿੱਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ, ਜਿਵੇਂ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਮਹਿੰਗਾਈ ਭੱਤੇ ਦੀਆਂ 12 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਤਿੰਨ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ, ਮਾਨਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਸੰਬੰਧਤ ਹੱਕ ਵਿੱਚ ਕੀਤੇ ਗਏ ਫੈਸਲੇ ਲਾਗੂ ਨਹੀਂ ਕੀਤੇ ਜਾ ਰਹੇ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨਾਲ 25 ਜੁਲਾਈ ਨੂੰ ਚੰਡੀਗੜ੍ਹ ਵਿਖੇ ਤੈਅ ਕੀਤੀ ਗਈ ਮੀਟਿੰਗ ਵਿੱਚ ਸਾਰੇ ਮਸਲੇ ਹੱਲ ਕਰਨ ਦੀ ਮੰਗ ਕੀਤੀ ਗਈ। ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਨਵੀਂ ਚੁਣੀ ਗਈ ਟੀਮ ਵਿੱਚ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ, ਗੁਰਚਰਨ ਸਿੰਘ ਮਾਨ, ਮੁਖਤਿਆਰ ਸਿੰਘ ਮੱਤਾ, ਅਮਰਜੀਤ ਕੌਰ ਛਾਬੜਾ ਸੀਨੀਅਰ ਮੀਤ ਪ੍ਰਧਾਨ, ਸੁਖਮੰਦਰ ਸਿੰਘ ਰਾਮਸਰ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ ਤੇ ਜਸਵਿੰਦਰ ਸਿੰਘ ਬਰਾੜ ਮੀਤ ਪ੍ਰਧਾਨ, ਇਕਬਾਲ ਸਿੰਘ ਮੰਘੇੜਾ ਜਨਰਲ ਸਕੱਤਰ, ਸੋਮ ਨਾਥ ਅਰੋੜਾ ਵਿੱਚ ਸਕੱਤਰ, ਗੇਜ ਰਾਮ ਭੌਰਾ ਪ੍ਰੈੱਸ ਸਕੱਤਰ, ਰਮੇਸ਼ਵਰ ਸਿੰਘ ਸੁਪਰਡੈਂਟ ਜਥੇਬੰਦਕ ਸਕੱਤਰ, ਸੁਖਜੈਨ ਸਿੰਘ ਥਾਂਦੇਵਾਲਾ ਪ੍ਰਚਾਰ ਸਕੱਤਰ, ਤਰਸੇਮ ਨਰੂਲਾ ਸਹਾਇਕ ਵਿੱਤ ਸਕੱਤਰ, ਮਦਨ ਲਾਲ ਸ਼ਰਮਾ ਆਡੀਟਰ, ਕੁਲਜੀਤ ਸਿੰਘ ਬੁੰਬੀਹਾ ਤੇ ਪ੍ਰਮੋਦ ਕੁਮਾਰ ਸਰਮਾ ਸਕੱਤਰ, ਕੀਰਤਨ ਸਿੰਘ, ਨਛੱਤਰ ਸਿੰਘ ਭਾਣਾ, ਰਮੇਸ਼ ਢੈਪਈ, ਪਰਮਿੰਦਰ ਸਿੰਘ ਜਟਾਣਾ ਸਹਾਇਕ ਸਕੱਤਰ, ਸਾਥੀ ਬਲਦੇਵ ਸਿੰਘ ਸਹਿਦੇਵ ਮੁੱਖ ਸਰਪ੍ਰਸਤ, ਅਸ਼ੋਕ ਕੌਸ਼ਲ ਸਰਪ੍ਰਸਤ, ਪ੍ਰੇਮ ਚਾਵਲਾ ਮੁੱਖ ਸਲਾਹਕਾਰ ਤੋਂ ਇਲਾਵਾ ਪੈਨਸ਼ਨ ਆਗੂ ਸੁਖਦਰਸ਼ਨ ਸਿੰਘ ਗਿੱਲ, ਇਕਬਾਲ ਸਿੰਘ ਰਣ ਸਿੰਘ ਵਾਲਾ, ਦਰਸ਼ਨ ਸਿੰਘ ਫੌਜੀ, ਰਾਜ ਸਿੰਘ ਭੱਟੀ, ਹਰਦੇਵ ਸਿੰਘ ਗਿੱਲ, ਸੁਖਵਿੰਦਰ ਸਿੰਘ ਵਾੜਾਦਰਾਕਾ, ਵਿਜੇ ਕੁਮਾਰੀ ਚੋਪੜਾ ਤੇ ਗੁਰਦੀਪ ਭੋਲਾ ਸਾਰੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਗਮਦੂਰ ਸਿੰਘ ਬਰਾੜ, ਸੁਰਿੰਦਰ ਕੁਮਾਰ ਮੁਜਾਲ, ਰਾਮ ਮੂਰਤੀ, ਕੁਲਦੀਪ ਕੌਰ ਜਟਾਣਾ, ਅਵਿਨਾਸ਼ ਕੁਮਾਰੀ ਵੋਹਰਾ, ਕੁਲਵਿੰਦਰ ਕੌਰ, ਗੋਪਾਲ ਵੋਹਰਾ, ਸਵਰਨ ਸਿੰਘ, ਮੇਜਰ ਸਿੰਘ, ਹਰਦੀਪ ਸਿੰਘ, ਹਰਮੀਤ ਸਿੰਘ, ਜੋਤੀ ਪ੍ਰਕਾਸ, ਸੁਰਜੀਤ ਸਿੰਘ ਭੱਟੀ, ਗੁਰਮੇਲ ਸਿੰਘ, ਹਰਦੀਪ ਸਿੰਘ, ਵਿਨੋਦ ਕੁਮਾਰ ਲੈਕਚਰਾਰ, ਬਿੱਕਰ ਸਿੰਘ ਗੋਂਦਾਰਾ, ਹਰੀ ਪ੍ਰਕਾਸ ਸਰਮਾ ਬਰਗਾੜੀ ਤੇ ਅੰਗਰੇਜ ਸਿੰਘ ਪੰਜਾਬ ਪੁਲਿਸ ਆਦਿ ਸ਼ਾਮਲ ਸਨ।

# 'ਪੰਜਾਬੀ ਖੋਜਕਾਰ' ਪੁਸਤਕ 'ਚ ਪ੍ਰੋ. ਅਰਵਿੰਦ ਬਾਰੇ ਲੇਖ ਸ਼ਾਮਲ



ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਪ੍ਰੋਫੈਸਰ ਅਨੂਪ ਠਾਕੁਰ ਤੇ ਡਾ. ਕਰਮਜੀਤ ਸਿੰਘ ਪ੍ਰੋ. ਅਰਵਿੰਦ ਨੂੰ ਪੁਸਤਕ ਭੇਟ ਕਰਦੇ ਹੋਏ।

**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**-ਪੰਜਾਬ ਦੇ ਉੱਘੇ ਵਿਗਿਆਨੀਆਂ ਬਾਰੇ ਤਿਆਰ ਕੀਤੀ ਗਈ ਪੁਸਤਕ ਵਿੱਚ ਸ੍ਰੀ ਹਰੀ ਕ੍ਰਿਸ਼ਨ ਮਾਇਰ ਵੱਲੋਂ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ ਵਿਖੇ ਪ੍ਰੋਫੈਸਰ ਅਰਵਿੰਦ ਸਣੇ 22 ਵਿਗਿਆਨੀਆਂ ਬਾਰੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ।ਇਸ ਪੁਸਤਕ ਦੀ ਕਾਪੀ ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਪ੍ਰੋਫੈਸਰ ਅਨੂਪ ਠਾਕੁਰ ਤੇ ਡਾ. ਕਰਮਜੀਤ ਸਿੰਘ ਨੇ ਇੰਡੀਅਨ ਪ੍ਰੋਫੈਸਰ ਅਰਵਿੰਦ ਨੂੰ ਉਨ੍ਹਾਂ ਦੇ ਦਫਤਰ ਵਿਖੇ ਜਾ ਕੇ ਭੇਟ ਕੀਤੀ।ਕੈਨੇਡੀਅਨ ਲੇਖਕ ਸ੍ਰੀ ਹਰੀ ਕ੍ਰਿਸ਼ਨ ਮਾਇਰ ਵੱਲੋਂ ਲਿਖੀ ਗਈ ਕਿਤਾਬ 'ਪੰਜਾਬੀ ਖੋਜਕਾਰ' ਵਿੱਚ ਪੰਜਾਬੀ ਦੇ ਵਿਗਿਆਨੀਆਂ ਦੀਆਂ ਜੀਵਨੀਆਂ ਦੀ ਲੜੀ ਸਾਲ 1863 ਜਨਮੇ ਸ੍ਰੀ ਰੁਚੀਰਾਮ ਸਾਹਨੀ ਨਾਲ ਸ਼ੁਰੂ ਕੀਤੀ ਗਈ ਹੈ ਅਤੇ 1968 ਵਿੱਚ ਜਨਮੇ ਪ੍ਰੋਫੈਸਰ ਅਰਵਿੰਦ ਨਾਲ ਖਤਮ ਕੀਤੀ ਗਈ ਹੈ। ਇਸ ਪੁਸਤਕ ਵਿੱਚ ਪ੍ਰੋ. ਅਰਵਿੰਦ ਦੇ ਸਮੁੱਚੇ ਜੀਵਨ ਦੀਆਂ ਘਟਨਾਵਾਂ ਨੂੰ ਦਰਜ ਕਰਨ ਤੋਂ ਇਲਾਵਾ ਉਨ੍ਹਾਂ ਵੱਲੋਂ ਕੀਤੇ ਗਏ ਖੋਜ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਵਿੱਚ ਡਾ. ਅਰਵਿੰਦ ਦੇ ਸਿੱਖਿਆ ਤੇ ਵਿਗਿਆਨ ਬਾਰੇ ਵਿਚਾਰਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।ਇਸ ਪੁਸਤਕ ਵਿੱਚ ਪੰਜਾਬ ਦੇ ਬਹੁਤ ਸਾਰੇ ਵਿਗਿਆਨੀਆਂ ਦੀਆਂ ਜੀਵਨੀਆਂ, ਜਿਨ੍ਹਾਂ ਵਿੱਚ ਅਬਦੁਲ ਸਲਾਮ, ਸ਼ਾਂਤੀ ਸਰੂਪ ਭਟਨਾਗਰ, ਪਿਆਰਾ ਸਿੰਘ ਗਿੱਲ, ਹਰਗੋਬਿੰਦ ਖੁਰਾਣਾ, ਖੇਮ ਸਿੰਘ ਗਿੱਲ, ਕਮਲਜੀਤ ਬਾਵਾ, ਗਗਨਦੀਪ ਕੌਰ ਕੰਗ ਆਦਿ ਸ਼ਾਮਲ ਹਨ।ਪੰਜਾਬ ਦੇ ਵਿਦਿਆਰਥੀਆਂ ਨੂੰ ਇਸ ਕਿਤਾਬ ਦਾ ਬਹੁਤ ਲਾਭ ਹੋਵੇਗਾ ਤੇ ਉਨ੍ਹਾਂ ਨੂੰ ਪੰਜਾਬ ਦੇ ਵਿਗਿਆਨੀਆਂ ਬਾਰੇ ਜਾਨਣ ਦਾ ਮੌਕਾ ਮਿਲੇਗਾ।

# ਸਨਮਤੀ ਵਿਮਲ ਜੈਨ ਸਕੂਲ 'ਚ ਟ੍ਰੈਫਿਕ ਪੁਲਸ ਵੱਲੋਂ ਸੈਮੀਨਾਰ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਦੀ ਅਗਵਾਈ ਹੇਠ ਟ੍ਰੈਫਿਕ ਪੁਲਸ ਜਗਰਾਉਂ ਵੱਲੋਂ ਡੀ.ਐੱਸ.ਪੀ. ਮਨਜੀਤ ਸਿੰਘ ਰਾਣਾ, ਏ.ਐੱਸ.ਆਈ. ਹਰਪਾਲ ਸਿੰਘ ਟ੍ਰੈਫਿਕ ਐਜੂਕੇਸ਼ਨ ਸੈੱਲ ਇੰਚਾਰਜ ਤੇ ਕੁਮਾਰ ਸਿੰਘ ਟ੍ਰੈਫਿਕ ਇੰਚਾਰਜ ਜਗਰਾਉਂ, ਜਿਨ੍ਹਾਂ ਨੇ ਸਕੂਲ ਦੇ ਕੈਂਪਸ ਵਿਖੇ ਇੱਕ ਸੈਮੀਨਾਰ ਲਗਾਇਆ, ਜਿਸ ਵਿੱਚ ਉਨ੍ਹਾਂ ਨੇ ਬੱਚਿਆਂ ਨੂੰ ਟ੍ਰੈਫਿਕ ਸਬੰਧੀ ਨਿਯਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਲੈਕਚਰਾਰ ਸਨੀ ਪਾਸੀ, ਨੇਹਾ ਸ਼ਰਮਾ, ਅੰਜੂ ਕੌਂਸਲ, ਮਲਕੀਤ ਕੌਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

# ਕ੍ਰਿਸ਼ਨਾ ਕਾਲਜ ਰੱਲੀ ਵਿਖੇ ਵਣ ਮਹਾਂਉਤਸਵ ਮਨਾਇਆ

**ਬਰੇਟਾ (ਗੋਬਿੰਦ ਸ਼ਰਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਬੁਢਲਾਡਾ ਵਿਖੇ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਦੁਆਰਾ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਲਈ ਵਣ ਰੇਂਜ ਅਫਸਰ ਹਰਦਿਆਲ ਸਿੰਘ ਦੀ ਅਗਵਾਈ ਹੇਠ ਫਲਦਾਰ ਤੇ ਛਾਂ-ਦਾਰ ਪੌਦੇ ਲਗਾਏ ਗਏ।ਇਸ ਮੁਹਿੰਮ ਦਾ ਆਗਾਜ਼ ਐੱਸ ਡੀ ਐੱਮ ਬੁਢਲਾਡਾ ਸ੍ਰੀ ਗਗਨਦੀਪ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਵਿੱਚ ਹੁਣ ਬਰਸਾਤ ਦਾ ਮੌਸਮ ਚੱਲ ਰਿਹਾ ਹੈ, ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣਾ ਚਾਹੀਦਾ ਹੈ ਤਾਂ ਜੋ ਆਲਮੀ ਤਪਸ਼ ਨੂੰ ਰੋਕਿਆ ਜਾ ਸਕੇ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਗੁਰਪ੍ਰੀਤ ਸਿੰਘ ਮੱਲ੍ਹੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਇਸ ਸਾਰਥਕ ਉਪਰਾਲੇ ਦੀ ਸ਼ਲਾਘਾ ਕੀਤੀ।ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਪਰਸਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸਤਪਾਲ ਸਿੰਘ ਚਹਿਲ ਤੇ ਪ੍ਰਧਾਨ ਡਾਕਟਰ ਵਿਜੈ ਸਿੰਗਲਾ ਵੱਲੋਂ ਵੀ ਰੁੱਖ ਲਗਾਏ ਗਏ ਤੇ ਆਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਕਾਲਜ ਵੱਲੋਂ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਪੌਦੇ ਵੰਡੇ ਗਏ।



# ਸਾਂਝਾ ਅਧਿਆਪਕ ਮੋਰਚਾ ਦਾ ਵਫਦ ਤਰੱਕੀਆਂ ਸੰਬੰਧੀ ਸਹਾਇਕ ਡਾਇਰੈਕਟਰ ਪ੍ਰਮੋਸ਼ਨ ਸੈੱਲ ਨੂੰ ਮਿਲਿਆ



**ਜ਼ੀਰਾ ਜੁਲਾਈ (ਨਰਿੰਦਰ ਅਨੇਜਾ)**-ਸਾਂਝਾ ਅਧਿਆਪਕ ਮੋਰਚਾ ਪੰਜਾਬ ਦਾ ਵਫ਼ਦ ਕਨਵੀਨਰ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਜਸਵਿੰਦਰ ਸਿੰਘ ਔਲਖ, ਬਲਜੀਤ ਸਿੰਘ ਸਲਾਣਾ ਤੇ ਬਾਜ਼ ਸਿੰਘ ਖਹਿਰਾ ਦੀ ਅਗਵਾਈ ਹੇਠ ਡੈਪੂਟੇਸ਼ਨ ਦੇ ਰੂਪ ਵਿੱਚ ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈੱਲ) ਮੈਡਮ ਗੀਤੂਬਾਲਾ, ਜੋ ਪਿਛਲੇ ਦਿਨੀਂ ਤਰੱਕੀਆਂ ਹੋਈਆਂ ਸਨ, ਉਸ ਨੂੰ ਲਾਗੂ ਕਰਵਾਉਣ ਲਈ ਮਿਲਿਆ।ਇਸ ਮੌਕੇ ਉਨ੍ਹਾਂ ਦੀ ਟੀਮ ਦੇ ਸਹਿਯੋਗੀ ਅਧਿਕਾਰੀ ਵੀ ਮੌਜੂਦ ਸਨ, ਜਿਸ ਵਿੱਚ ਸਾਂਝਾ ਅਧਿਆਪਕ ਮੋਰਚਾ ਨੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਸਬੰਧੀ ਵਿਸਥਾਰ ਨਾਲ਼ ਗੱਲਬਾਤ ਕੀਤੀ, ਜਿਸ ਬਾਰੇ ਡਾਇਰੈਕਟਰ ਮੈਡਮ ਨੇ ਦੱਸਿਆ ਕਿ ਜੇਕਰ ਕੋਈ ਅਧਿਆਪਕ ਕਿਸੇ ਵੀ ਕਾਰਨ ਆਪਣਾ ਇਤਰਾਜ਼ ਜਾਂ ਕੇਸ ਦੇਣ ਤੋਂ ਵਾਂਝਾ ਰਹਿ ਗਿਆ ਹੈ, ਉਹ 22 ਜੁਲਾਈ 24 ਤੱਕ ਆਪਣਾ ਇਤਰਾਜ਼ ਜਾਂ ਕੇਸ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦਾ ਹੈ।ਉਪਰੰਤ ਤੋਂ ਬਾਅਦ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ।ਸਾਂਝੇ ਅਧਿਆਪਕ ਮੋਰਚੇ ਨੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ 2008-2012-2016-2021 ਵਿੱਚ ਹੋਈਆਂ ਪ੍ਰਮੋਸ਼ਨਾਂ ਦੀਆਂ ਮਿਤੀਆਂ ਜਾਰੀ ਕੀਤੀਆਂ ਜਾਣ ਤਾਂ ਜੋ ਅਧਿਆਪਕ ਨੂੰ ਆਪਣਾ ਨਾਮ ਅਸਾਨੀ ਨਾਲ ਮਿਲ ਸਕੇ।ਇਸ ਨਾਲ ਸਹਿਮਤ ਹੁੰਦਿਆਂ ਮੈਡਮ ਵੱਲੋਂ ਸੰਬੰਧਤ ਕਰਮਚਾਰੀਆਂ ਨੂੰ ਜਾਰੀ ਕਰਨ ਲਈ ਹਦਾਇਤਾਂ ਦੇ ਦਿੱਤੀਆਂ।

ਅਧਿਕਾਰੀਆਂ ਨੇ ਦੱਸਿਆ ਕਿ 2008 ਹੁਣ ਤੱਕ ਹੋਈਆਂ ਪ੍ਰਮੋਸ਼ਨਾਂ ਦਾ ਰੀਵਿਊ ਕਰਕੇ ਜਿਨ੍ਹਾਂ ਅਧਿਆਪਕਾਂ ਦਾ ਕਲੇਮ ਬਣਦਾ ਹੈ, ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇਗਾ।ਨਵੀਨ ਸੱਚਦੇਵਾ, ਗੁਰਵਿੰਦਰ ਸਿੰਘ ਸਸਕੌਰ, ਐੱਨ ਡੀ ਤਿਵਾੜੀ ਨੇ ਦੱਸਿਆ ਕਿ ਇਸ ਸਬੰਧੀ ਵਿਭਾਗ ਨੇ ਵਿਸ਼ਵਾਸ ਦਿਵਾਇਆ ਹੈ ਕੇ ਉਹ ਹਰ ਤਰ੍ਹਾਂ ਨਾਲ਼ ਤਰੱਕੀਆਂ ਸੰਬੰਧੀ ਅਧਿਆਪਕਾਂ ਦਾ ਸਹਿਯੋਗ ਕਰਨਗੇ ਤੇ ਸਾਂਝੇ ਅਧਿਆਪਕ ਮੋਰਚੇ ਤੋਂ ਵੀ ਮੰਗ ਕੀਤੀ ਕਿ ਅਧਿਆਪਕ ਕੋਰਟ ਕੇਸ ਕਰਨ ਤੋਂ ਪ੍ਰਹੇਜ਼ ਕਰਨ ਤਾਂ ਜੋ ਪ੍ਰਮੋਸ਼ਨਾਂ ਦਾ ਕੰਮ ਜਲਦ ਨੇਪਰੇ ਚਾੜ੍ਹਿਆ ਜਾ ਸਕੇ।ਇਸ ਸਮੇਂ ਹਾਜ਼ਰ ਆਗੂਆਂ ਵਿੱਚ ਗੁਰਵਿੰਦਰ ਸਿੰਘ ਸਸਕੌਰ, ਨਵੀਨ ਸਚਦੇਵਾ, ਚਰਨਜੀਤ ਸਿੰਘ, ਰਵਿੰਦਰ ਪੱਪੀ, ਮਨਪ੍ਰੀਤ ਸਿੰਘ ਐੱਨ ਡੀ ਤਿਵਾੜੀ, ਸੁੱਚਾ ਸਿੰਘ ਚਾਹਲ, ਬਾਜ਼ ਸਿੰਘ ਭੁੱਲਰ, ਗੁਰਪ੍ਰੀਤ ਸਿੰਘ ਧੂੰਨਾ, ਜਗਦੀਸ਼ ਰਾਏ, ਜਸਪਾਲ ਸਿੰਘ, ਜਿੰਦਰ ਪਾਇਲਟ, ਗੁਰਜੀਤ ਸਿੰਘ ਮੋਹਾਲੀ, ਸੁਰਮੁਖ ਸਿੰਘ, ਜਗਤਾਰ ਸਿੰਘ ਖਮਾਣੋਂ, ਧਰਮਿੰਦਰ ਠਾਕਰੇ, ਗੁਰਏਕ ਸਿੰਘ, ਪਰਵਿੰਦਰ ਭਾਰਤੀ, ਅਸ਼ਵਨੀ ਕੁਮਾਰ, ਮਨਪ੍ਰੀਤ, ਬਲਜੀਤ ਸਿੰਘ ਬੈਂਸ ਰੂਪਨਗਰ ਆਦਿ ਹਾਜ਼ਰ ਸਨ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਿਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਓਰਿਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਮੈਸਰਜ਼ ਪ੍ਰਭੂ ਜੀ ਐਂਡ ਕੰਪਨੀ, ਨੇੜੇ ਮੁਲਤਾਨੀ ਫਰਨੀਚਰ ਬੀ-1/407, ਕਾਲਕਾ ਰੋਡ, ਪੁਰਾਣਾ ਰਾਜਪੁਰਾ, ਪਟਿਆਲਾ ਰਾਹੀਂ ਇਸ ਦੇ ਮਾਲਕ ਸ੍ਰੀ ਹਰਸ਼ ਗੋਇਲ 2. ਸ੍ਰੀ ਹਰਸ਼ ਗੋਇਲ ਪੁੱਤਰ ਸ੍ਰੀ ਸੰਜੀਵ ਗੋਇਲ ਵਾਸੀ ਮਕਾਨ ਨੰ. ਬੀ-1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ, ਪਟਿਆਲਾ, ਪੰਜਾਬ-140401 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀਮਤੀ ਨੀਰਜ ਗੋਇਲ ਪਤਨੀ ਸ੍ਰੀ ਸੰਜੀਵ ਗੋਇਲ ਵਾਸੀ ਮਕਾਨ ਨੰ. ਬੀ-1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ ਪਟਿਆਲਾ, ਪੰਜਾਬ-140401 4. ਸ੍ਰੀ ਸੰਜੀਵ ਗੋਇਲ ਪੁੱਤਰ ਸ੍ਰੀ ਸੁਸ਼ੀਲ ਕੁਮਾਰ ਵਾਸੀ ਮਕਾਨ ਨੰ. ਬੀ-1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ, ਪਟਿਆਲਾ, ਪੰਜਾਬ-140401 5. ਸ੍ਰੀ ਰਾਜੀਵ ਗੋਇਲ ਪੁੱਤਰ ਸ੍ਰੀ ਸੁਸ਼ੀਲ ਕੁਮਾਰ ਵਾਸੀ ਮਕਾਨ ਨੰ. ਬੀ-1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ, ਪਟਿਆਲਾ, ਪੰਜਾਬ-140401, (ਇਸ ਤੋਂ ਗਰੰਟਰਾਂ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ 'ਤੇ ਓ ਡੀ ਟੀ/085400000026 'ਚ ਰੁਪਏ 21,36,504.60 ਉਕਤ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਮਿਤੀ 15.04.2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ ਵੱਲੋਂ ਬਕਾਇਆ ਰਕਮ ਓ ਡੀ ਟੀ/085400000026 'ਚ ਰੁਪਏ 21,36,504.60 ਮਿਤੀ 01.04.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿੱਤ ਗਿਰਵੀਨਾਮਾ : ਤਬਦਲਾ ਬੈਨਾਮਾ ਦਸਤਾਵੇਜ਼ ਨੰ. 2021-22/9/1/2263 ਮਿਤੀ 30-7-2021 ਅਨੁਸਾਰ ਸ੍ਰੀਮਤੀ ਨੀਰਜ ਗੋਇਲ ਪਤਨੀ ਸ੍ਰੀ ਸੰਜੀਵ ਗੋਇਲ ਦੀ ਮਾਲਕੀਅਤ ਜਾਇਦਾਦ ਰਕਬਾ 3 ਮਰਲੇ, ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ 19.07.2024, ਸਥਾਨ : ਜਲੰਧਰ (ਅਧਿਕਾਰਤ ਅਫ਼ਸਰ)

# ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰੇਗੀ ਭਗਵੰਤ ਮਾਨ ਸਰਕਾਰ : ਡਾ. ਗੁਰਪ੍ਰੀਤ ਕੌਰ

## ਡਾ. ਗੁਰਪ੍ਰੀਤ ਮਾਨ ਨੇ ਵੱਖ ਵੱਖ ਸਮਾਗਮਾਂ 'ਚ ਕੀਤੀ ਸ਼ਮੂਲੀਅਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਤੇ ਹਲਕਾ ਧੂਰੀ ਦੀ ਬਤੌਰ ਵਿਧਾਇਕ ਨੁਮਾਇੰਦਗੀ ਕਰਦੇ ਭਗਵੰਤ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਅੱਜ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨਾਲ ਹਲਕੇ ਦੇ ਵੱਖ ਵੱਖ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਗੱਲਬਾਤ ਕਰਦਿਆਂ ਡਾ. ਗੁਰਪ੍ਰੀਤ ਕੌਰ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਮੁੱਖ ਮੰਤਰੀ ਭਗਵੰਤ ਮਾਨ ਦੇ ਮੋਢਿਆਂ 'ਤੇ ਪਾਈ ਹੈ, ਉਸ ਨੂੰ ਉਹ ਬਾਖੂਬੀ ਨਿਭਾਅ ਰਹੇ ਹਨ। ਜਿੱਥੇ ਮਾਨ ਸਰਕਾਰ ਵੱਲੋਂ ਆਮ ਆਦਮੀ ਕਲੀਨਿਕ, ਸਕੂਲ ਆਫ਼ ਐਮੀਨੈਂਸ, ਸੜਕ ਸੁਰੱਖਿਆ ਫੋਰਸ, ਮੁਫ਼ਤ ਬਿਜਲੀ, ਨਹਿਰੀ ਪਾਣੀ ਵਰਗੇ ਮਿਸਾਲੀ ਕੰਮ ਕੀਤੇ ਹਨ, ਉਥੇ ਹੁਣ ਸਰਕਾਰ ਜਲਦੀ ਹੀ ਔਰਤਾਂ ਨੂੰ 1000 ਰੁਪੈ ਫੀ ਮਹੀਨਾ ਮਾਣ ਭੱਤਾ ਦੇਣ ਵਾਲਾ ਵਾਅਦਾ ਵੀ ਪੂਰਾ ਕਰਨ ਜਾ ਰਹੀ ਹੈ।

ਇਸ ਮੌਕੇ ਉਨ੍ਹਾਂ ਵੱਖ ਵੱਖ ਥਾਵਾਂ 'ਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਉਨ੍ਹਾਂ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਮਾਨ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਤੇ ਲੋਕਾਂ ਦੀ ਖੱਜਲ ਖੁਆਰੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਮੁੱਖ ਮੰਤਰੀ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਮੁੱਖ ਮੰਤਰੀ, ਕੈਂਪ ਦਫਤਰ ਦੇ ਇੰਚਾਰਜ ਅੰਮ੍ਰਿਤ ਬਰਾੜ, ਪੰਜਾਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ. ਅਨਵਰ ਭਸੌੜ, ਸੂਬਾਈ ਆਗੂ ਜਸਵੀਰ ਸਿੰਘ ਜੱਸੀ ਸੇਖੋਂ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ, ਬਲਾਕ ਸ਼ਹਿਰੀ ਪ੍ਰਧਾਨ ਐਡਵੋਕੇਟ ਹੈਪੀ ਗਰਗ, ਯੂਥ ਆਗੂ ਪਰਮਿੰਦਰ ਸਿੰਘ ਨੂਰ ਔਲਖ, ਮੀਡੀਆ ਕੋਆਡੀਨੇਟਰ ਅਮਨ ਖਾਂ ਘਨੌਰੀ, ਗੁਰਪ੍ਰੀਤ ਸਿੰਘ ਗੁਰੀ ਮਾਨ, ਅਮਨ ਖਾਂ ਘਨੌਰੀ ਆਦਿ ਹਾਜ਼ਰ ਸਨ।

# 12 ਜ਼ਿਲ੍ਹਿਆਂ ਦੀ 4 ਦਿਨਾ ਸੀ ਐਮ ਟੀ ਸੀ ਟ੍ਰੇਨਿੰਗ ਬਠਿੰਡਾ ਵਿਖੇ ਸੰਪੰਨ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਪੰਜਾਬ ਰਾਜ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਦੇ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਬਠਿੰਡਾ ਵੱਲੋਂ 12 ਜ਼ਿਲ੍ਹਿਆਂ ਦੇ ਸਟਾਫ਼ ਤੇ ਕਮਿਊਨਿਟੀ ਮੈਂਬਰਾਂ ਨੂੰ ਕਰਵਾਈ ਜਾ ਰਹੀ 4 ਦਿਨਾ ਸੀ ਐਮ ਟੀ ਸੀ ਸਿਖਲਾਈ ਅੱਜ ਸਰਟੀਫਿਕੇਟ ਵੰਡ ਸਮਾਰੋਹ ਨਾਲ ਸੰਪੰਨ ਹੋ ਗਈ।ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਕਮ ਉਪ ਮੁੱਖ ਕਾਰਜਕਾਰੀ ਅਫ਼ਸਰ ਗੁਰਪ੍ਰਤਾਪ ਸਿੰਘ ਵਲੋਂ ਟ੍ਰੇਨਿੰਗ ਪ੍ਰਾਪਤ ਕਰਨ ਵਾਲਿਆਂ ਨੂੰ ਸਰਟੀਫਿਕੇਟ ਵੰਡੇ ਗਏ।ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤ ਪਿੰਡਾਂ ਦਾ ਦੇਸ਼ ਹੈ ਅਤੇ ਦੇਸ਼ ਦੇ ਵਿਕਾਸ ਲਈ ਪਿੰਡ ਦਾ ਵਿਕਾਸ ਹੋਣਾ ਲਾਜ਼ਮੀ ਹੈ।ਆਜੀਵਿਕਾ ਮਿਸ਼ਨ ਪਿੰਡਾਂ 'ਚ ਰਹਿੰਦੀਆਂ ਗਰੀਬ ਔਰਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਆਰਥਿਕ ਤੇ ਸਮਾਜਿਕ ਵਿਕਾਸ ਕਰਨ ਵਿਚ ਮੋਹਰੀ ਰੋਲ ਅਦਾ ਕਰ ਰਿਹਾ ਹੈ।ਉਨ੍ਹਾਂ ਆਸ ਪ੍ਰਗਟਾਈ ਕਿ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਿਖਿਆਰਥੀ ਇਸ ਸਿਖਲਾਈ ਦਾ ਪੂਰਾ ਫਾਇਦਾ ਚੁੱਕਣਗੇ ਅਤੇ ਲੋਕਾਂ ਨੂੰ ਰੋਜ਼ਗਾਰ ਮੁਖੀ ਟ੍ਰੇਨਿੰਗਾਂ ਦੇਣ ਦੇ ਮਕਸਦ ਨਾਲ ਸ਼ੁਰੂ ਕੀਤੇ ਜਾ ਰਹੇ ਸੀ ਐਮ ਟੀ ਸੀ ਕੇਂਦਰਾਂ ਨੂੰ ਸਚਾਰੂ ਢੰਗ ਨਾਲ ਚਲਾਉਣਗੇ।ਇਸ ਮੌਕੇ ਟ੍ਰੇਨਿੰਗ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਸੁਖਵਿੰਦਰ ਸਿੰਘ ਚੱਠਾ ਨੇ ਸਿਖਲਾਈ ਪੂਰੀ ਕਰਨ ਵਾਲਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਨੂੰ ਵਿਕਸਤ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋਣ ਲਈ ਘਰ ਘਰ ਲਘੂ ਉਦਯੋਗ ਜਾਂ ਕਾਰੋਬਾਰ ਸ਼ੁਰੂ ਕਰਨਾ ਸਮੇਂ ਦੀ ਲੋੜ ਹੈ ਜਿਸ ਲਈ ਲੋੜਵੰਦਾਂ ਨੂੰ ਸਥਾਨਕ ਪੱਧਰ 'ਤੇ ਸਿਖਲਾਈ ਮੁਹੱਈਆ ਕਰਵਾਉਣਾ ਬਹੁਤ ਜ਼ਰੂਰੀ ਹੈ ਅਤੇ ਸੀ ਐਮ ਟੀ ਸੀ ਅਜਿਹਾ ਹੀ ਇਕ ਕੇਂਦਰ ਹੈ।ਇਸ ਮੌਕੇ ਜ਼ਿਲ੍ਹਾ ਲੇਖਾਕਾਰ ਵਿਵੇਕ ਵਰਮਾ, ਜ਼ਿਲ੍ਹਾ ਐਮ ਆਈ ਐਸ ਗਗਨਦੀਪ, ਮਾਸਟਰ ਟ੍ਰੇਨਰ ਪੂਜਾ ਰਾਣੀ, ਤਜਿੰਦਰਪਾਲ ਸਿੰਘ ਫਾਜ਼ਿਲਕਾ, ਬਲਾਕ ਪ੍ਰੋਗਰਾਮ ਮੈਨੇਜਰ ਬਲਜੀਤ ਸਿੰਘ, ਰਮਨੀਕ ਸਿੰਘ ਵੀ ਹਾਜ਼ਰ ਸਨ।

# ਖੇਤਾਂ 'ਚ ਮਜ਼ਦੂਰੀ ਕਰਨ ਗਏ ਪਰਵਾਰ ਦੇ ਘਰ 'ਚ ਲੁੱਟ

**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਗੋਬਿੰਦਗੜ੍ਹ ਜੇਜੀਆਂ ਵਿਖੇ ਛਿੰਦਾ ਸਿੰਘ ਪੁੱਤਰ ਲਾਭ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਮੈਂ ਪੇਂਟ ਦਾ ਕੰਮ ਕਰਦਾ ਹਾਂ ਮੇਰੇ ਬੱਚੇ ਅਚਾਰ ਵਾਲੀ ਮੱਕੀ ਦੀ ਵਢਾਈ ਕਰਨ ਲਈ ਖੇਤ ਗਏ ਹੋਏ ਸੀ, ਘਰ ਵਿੱਚ ਪਰਿਵਾਰ ਦਾ ਕੋਈ ਮੈਂਬਰ ਨਹੀਂ ਸੀ, ਸਿਖਰ ਦੁਪਹਿਰ ਚੋਰਾਂ ਨੇ ਸ਼ਮਸ਼ਾਨ ਘਾਟ ਵਾਲੀ ਜਗ੍ਹਾ ਤੋਂ ਮੇਰੇ ਘਰ ਦਾਖ਼ਲ ਹੋ ਕੇ ਪੇਟੀ ਦਾ ਤਾਲਾ ਤੋੜ ਕੇ ਉਸ ਵਿੱਚੋਂ ਸਵਾ ਦੋ ਤੋਲੇ ਸੋਨਾ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਅਸੀਂ ਮਿਹਨਤ ਮਜ਼ਦੂਰੀ ਕਰਕੇ ਆਪਣਾ ਪਰਿਵਾਰ ਪਾਲਦੇ ਹਾਂ, ਚੋਰਾਂ ਨੇ ਸਾਡਾ ਪੌਣੇ ਦੋ ਲੱਖ ਰੁਪਏ ਦੇ ਕਰੀਬ ਨੁਕਸਾਨ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅਸੀਂ ਥਾਣਾ ਛਾਜਲੀ ਵਿਖੇ ਇਸ ਘਟਨਾ ਦੀ ਰਿਪੋਰਟ ਲਿਖਵਾ ਦਿੱਤੀ ਹੈ, ਪਰ ਥਾਣਾ ਛਾਜਲੀ ਦੇ ਪੁਲਸ ਮੁਲਾਜ਼ਮ ਸਾਡੇ ਘਰ 19 ਘੰਟਿਆਂ ਬਾਅਦ ਆ ਕੇ ਪਹੁੰਚੇ, ਪਰਿਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਲਾਕੇ ਦੇ ਵਿੱਚ ਹੋ ਰਹੀਆਂ ਲਗਾਤਾਰ ਚੋਰੀਆਂ ਦੇ ਪ੍ਰਤੀ ਚੋਰਾਂ ਨੂੰ ਫੜ ਕੇ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਲਾਕੇ ਵਿੱਚ ਚੋਰਾਂ ਵੱਲੋਂ ਸਿਖ਼ਰ ਦੁਪਹਿਰ ਚੋਰੀ ਦੀ ਘਟਨਾ ਨੂੰ ਅੰਜਾਮ ਦੇਣ ਕਾਰਨ ਸਹਿਮ ਦਾ ਮਾਹੌਲ ਹੈ।ਇਸ ਤੋ ਪਹਿਲਾ ਵੀ ਥਾਣਾ ਛਾਜਲੀ ਅਧੀਨ ਪੈਂਦੇ ਕਈ ਪਿੰਡਾਂ ਵਿੱਚ ਵੱਡੀ ਪੱਧਰ 'ਤੇ ਚੋਰੀਆਂ ਹੋਈਆਂ ਹਨ, ਪਰ ਅਜੇ ਤੱਕ ਕਿਸੇ ਚੋਰ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ, ਜਿਸ ਕਰਕੇ ਚੋਰਾਂ ਦੇ ਹੌਸਲੇ ਬੁਲੰਦ ਹਨ ਤੇ ਚੋਰ ਬਿਨਾਂ ਕਿਸੇ ਡਰ ਦੇ ਚੋਰੀਆਂ ਕਰ ਰਹੇ ਹਨ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਿਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਓਰਿਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ (ਐਕਟ, 2002 {54 ਆਫ 2002}) ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਮੈਸਰਜ਼ ਰਾਜੀਵ ਕਰਿਆਨਾ ਸਟੋਰ 401, ਕਾਲਕਾ ਰੋਡ, ਰਾਜਪੁਰਾ, ਪਟਿਆਲਾ ਰਾਹੀਂ ਇਸ ਦੇ ਮਾਲਕ ਸ੍ਰੀ ਰਾਜੀਵ ਗੋਇਲ 2. ਸ੍ਰੀ ਰਾਜੀਵ ਗੋਇਲ ਪੁੱਤਰ ਸ੍ਰੀ ਸੁਸ਼ੀਲ ਕੁਮਾਰ ਵਾਸੀ ਮਕਾਨ ਨੰ. ਬੀ-1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ ਪਟਿਆਲਾ, ਪੰਜਾਬ-140401 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਮਨਦੀਪ ਸਿੰਘ ਪੁੱਤਰ ਸ੍ਰੀ ਹਰਜੀਤ ਸਿੰਘ ਵਾਸੀ ਬੀ-1/397, ਕਾਲਕਾ ਰੋਡ ਵਾਰਡ ਨੰ. 5, ਰਾਜਪੁਰਾ, ਪਟਿਆਲਾ, ਪੰਜਾਬ-140401 4. ਸ੍ਰੀਮਤੀ ਨੀਰਜ ਗੋਇਲ ਪਤਨੀ ਸ੍ਰੀ ਸੰਜੀਵ ਗੋਇਲ ਵਾਸੀ ਮਕਾਨ ਨੰ. ਬੀ 1/400, ਕਾਲਕਾ ਰੋਡ, ਵਾਰਡ ਨੰ. 5, ਰਾਜਪੁਰਾ, ਪਟਿਆਲਾ, ਪੰਜਾਬ-140401 5. ਸ੍ਰੀ ਸੰਜੀਵ ਗੋਇਲ ਪੁੱਤਰ ਸ੍ਰੀ ਸੁਸ਼ੀਲ ਕੁਮਾਰ ਵਾਸੀ ਮਕਾਨ ਨੰ. ਬੀ 1/400, ਕਾਲਕਾ ਰੋਡ, ਵਾਰਡ ਨੰ. 5 ਰਾਜਪੁਰਾ, ਪਟਿਆਲਾ, ਪੰਜਾਬ-140401 (ਇਸ ਤੋਂ ਬਾਅਦ ਗਰੰਟਰਾਂ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ 'ਤੇ ਓ ਡੀ ਟੀ/085400000023 'ਚ ਰੁਪਏ 20,08,239.60 ਉਕਤ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਮਿਤੀ 30-03-2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ ਵੱਲੋਂ ਬਕਾਇਆ ਰਕਮ ਓ ਡੀ ਟੀ/085400000023 'ਚ ਰੁਪਏ 20,08,239.60 ਮਿਤੀ 01.03.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿੱਤ ਗਿਰਵੀਨਾਮਾ : ਤਬਦਲਾ ਬੈਨਾਮਾ ਦਸਤਾਵੇਜ਼ ਨੰ. 2021-22/9/1/2263 ਮਿਤੀ 30-7-2021 ਅਨੁਸਾਰ ਸ੍ਰੀਮਤੀ ਨੀਰਜ ਗੋਇਲ ਪਤਨੀ ਸ੍ਰੀ ਸੰਜੀਵ ਗੋਇਲ ਦੀ ਮਾਲਕੀਅਤ ਜਾਇਦਾਦ ਰਕਬਾ 3 ਮਰਲੇ ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ 19.07.2024, ਸਥਾਨ : ਜਲੰਧਰ (ਅਧਿਕਾਰਤ ਅਫ਼ਸਰ)

# ਨਗਰ ਪੰਚਾਇਤ ਦੇ ਸਫਾਈ ਕਾਮਿਆਂ ਦੀ ਹੜਤਾਲ 7ਵੇਂ ਦਿਨ 'ਚ

**ਭਗਤਾ ਭਾਈ ਕਾ (ਰਾਜੀਵ ਗੋਇਲ)**

ਬੀਤੇ ਕਈ ਦਿਨਾਂ ਤੋਂ ਸਥਾਨਕ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਤੇ ਨਗਰ ਪੰਚਾਇਤ ਦੇ ਸਫਾਈ ਕਰਮੀਆਂ ਵਿਚਕਾਰ ਚੱਲਦਾ ਆ ਰਿਹਾ ਰੇੜਕਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਸਫਾਈ ਕਾਮਿਆਂ ਦੀ ਹੜਤਾਲ 7ਵੇਂ ਦਿਨ ਦਾਖਲ ਹੋ ਚੁੱਕੀ ਹੈ। ਇਸ ਮਸਲੇ ਨੂੰ ਸ਼ਾਂਤ ਕਰਨ ਲਈ ਦਲਿਤ ਮਹਾਂਪੰਚਾਇਤ ਦੇ ਚੇਅਰਮੈਨ ਕਿਰਨਜੀਤ ਸਿੰਘ ਗਹਿਰੀ ਵੱਲੋਂ ਸਥਾਨਕ ਨਗਰ ਪੰਚਾਇਤ ਦਫਤਰ ਵਿਖੇ ਦਬਿਸ਼ ਦਿੱਤੀ ਗਈ ਅਤੇ ਸਫਾਈ ਕਾਮਿਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਕਾਰਜ ਸਾਧਕ ਅਫਸਰ ਨਾਲ ਵੀ ਮੀਟਿੰਗ ਕੀਤੀ ਗਈ, ਪਰ ਇਹ ਮੀਟਿੰਗ ਬੇਸਿੱਟਾ ਰਹੀ।

ਇਸ ਮੌਕੇ ਸਫਾਈ ਕਾਮਿਆਂ ਨਾਲ ਰਾਬਤੇ ਤੋਂ ਬਾਅਦ ਜਦੋਂ ਸੰਬੰਧਤ ਈ ਓ ਨਾਲ ਗੱਲਬਾਤ ਕਰਨੀ ਚਾਹੀ ਤਾਂ ਕਰੀਬ ਤਿੰਨ ਘੰਟੇ ਲਗਾਤਾਰ ਦਫਤਰ ਪਹੁੰਚਣ ਦਾ ਲਾਰਾ ਲਗਾਉਂਦੇ ਹੋਏ ਸਾਹਿਬ ਆਖੀਰ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੇ ਪੀ ਏ ਸਮੇਤ ਹੋਰ ਆਗੂ ਲੈ ਕੇ ਦਫਤਰ ਪਹੁੰਚੇ, ਜਿੱਥੇ ਸ਼ਿਕਾਇਤਕਰਤਾ ਆਗੂ ਮੌਜੂਦ ਸਨ। ਗਲੱਬਾਤ ਕਰਦੇ ਹੋਏ ਚੇਅਰਮੈਨ ਗਹਿਰੀ ਨੇ ਕਿਹਾ ਕਿ ਅਸੀਂ ਇਨ੍ਹਾਂ ਸਫਾਈ ਕਾਮਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ ਤੇ ਇਨ੍ਹਾਂ ਬਰਖਾਸਤ ਮੁਲਾਜ਼ਮਾਂ ਨੂੰ ਹਰ ਹੀਲੇ ਬਹਾਲ ਕਰਵਾ ਕੇ ਹੀ ਸਾਹ ਲਵਾਂਗੇ। ਗੱਲਬਾਤ ਕਰਦੇ ਹੋਏ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਉਹ ਕਾਮਿਆਂ ਦੀਆਂ ਹੱਕੀ ਮੰਗਾਂ ਨੂੰ ਮਨਵਾ ਕੇ ਹੀ ਸਾਹ ਲੈਣਗੇ ਤੇ ਜੇਕਰ ਉਨ੍ਹਾਂ ਨੂੰ ਇਹ ਸੰਘਰਸ਼ ਹੋਰ ਤਿੱਖਾ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਇਸ ਮਸਲੇ ਨੂੰ ਲੈ ਕੇ ਜਦੋਂ ਕਾਰਜ ਸਾਧਕ ਅਫਸਰ ਤਰੁਣ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਫਾਈ ਕਾਮਿਆਂ ਦੇ ਆਗੂਆਂ ਨਾਲ ਉਨ੍ਹਾਂ ਦੀ ਗੱਲਬਾਤ ਚੱਲ ਰਹੀ ਹੈ, ਪਰ ਅਜੇ ਕੋਈ ਸਿੱਟਾ ਨਹੀਂ ਨਿਕਲਿਆ।

■ ਕਿਰਨਜੀਤ ਗਹਿਰੀ ਦੀ ਅਗਵਾਈ ਹੇਠ ਈ ਓ ਤੇ ਕਾਮਿਆਂ ਵਿਚਕਾਰ ਮੀਟਿੰਗ ਰਹੀ ਬੇਸਿੱਟਾ ■ ਕਿਰਤੀ ਕਾਮਿਆਂ ਦੇ ਹੱਕ 'ਚ ਨਿੱਤਰੇ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ



ਇਸੇ ਦੌਰਾਨ ਸਫਾਈ ਕਾਮਿਆਂ ਦੇ ਸੰਘਰਸ਼ 'ਚ ਨਵੇਂ ਚੁਣੇ ਗਏ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਵੱਲੋਂ ਸਥਾਨਕ ਦਫਤਰ ਪਹੁੰਚ ਕੇ ਕਿਰਤੀ ਕਾਮਿਆਂ ਦੀ ਹਮਾਇਤ ਕੀਤੀ ਗਈ ਅਤੇ ਖੁਦ ਧਰਨੇ ਵਿੱਚ ਬੈਠ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ। ਇਸ ਮੌਕੇ ਗੱਲਬਾਤ ਕਰਦੇ ਹੋਏ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਉਹ ਇਨ੍ਹਾਂ ਮਿਹਨਤਕਸ਼ ਮਜ਼ਦੂਰਾਂ ਦੇ ਹੱਕ ਵਿੱਚ ਖੜੇ ਹਨ ਅਤੇ ਇਨ੍ਹਾਂ ਦੀਆਂ ਮੰਗਾਂ ਨੂੰ ਮਨਵਾਉਣ ਲਈ ਜੇਕਰ ਉਨ੍ਹਾਂ ਨੂੰ ਧਰਨਾ ਵੀ ਦੇਣਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਇਸ ਮੌਕੇ ਉਨ੍ਹਾਂ ਨਾਲ ਸੇਵਕ ਸਿੰਘ ਪ੍ਰਧਾਨ ਸਤਿਕਾਰ ਕਮੇਟੀ ਭਗਤਾ ਵੀ ਮੌਜੂਦ ਸਨ। ਦੱਸਣਾ ਬਣਦਾ ਹੈ ਕਿ ਮਜ਼ਦੂਰਾਂ ਦੇ ਸੰਘਰਸ਼ ਨੂੰ ਹਰ ਇੱਕ ਇਨਸਾਫ ਪਸੰਦ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ ਅਤੇ ਜਲਦ ਹੀ ਇਹ ਸੰਘਰਸ਼ ਕਿਰਤੀਆਂ ਦੇ ਹੱਕ ਵਿੱਚ ਹੋਣ ਦੀ ਸੰਭਾਵਨਾ ਜਾਪ ਰਹੀ ਹੈ।

ਓਧਰ ਦੂਜੇ ਪਾਸੇ ਇਨ੍ਹਾਂ ਕਾਮਿਆਂ ਦੀ ਹੜਤਾਲ ਕਾਰਨ ਸ਼ਹਿਰ ਵਾਸੀ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਗੁਜ਼ਰਦੇ ਹੋਏ ਨਜ਼ਰ ਆ ਰਹੇ ਹਨ, ਕਿਉਂਕਿ ਇੰਨੇ ਦਿਨ ਹੜਤਾਲ ਕਾਰਨ ਸ਼ਹਿਰ 'ਚ ਗੰਦਗੀ ਦੇ ਢੇਰ ਲੱਗ ਚੁੱਕੇ ਹਨ ਤੇ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ

**ਚੌਕੀਮਾਨ/ਲੁਧਿਆਣਾ (ਬਲਬੀਰ ਮਾਨ/ਭਾਟੀਆ)**

ਸੰਯੁਕਤ ਕਿਸਾਨ ਮੋਰਚੇ ਵੱਲੋਂ ਨੈਸ਼ਨਲ ਕੌਂਸਲ ਨਵੀਂ ਦਿੱਲੀ ਵਿਖੇ ਕੀਤੀ ਮੀਟਿੰਗ ਅਨੁਸਾਰ ਪੜਚੋਲ ਤੋਂ ਬਾਅਦ ਸਰਬ ਸਾਂਝੇ ਫੈਸਲੇ ਮੁਤਾਬਿਕ ਦੇਸ਼ ਭਰ ਦੇ ਸੰਸਦ ਮੈਂਬਰਾਂ/ਡਿਪਟੀ ਕਮਿਸ਼ਨਰਾਂ ਰਾਹੀਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਤੱਕ ਆਪਣਾ ਕੇਂਦਰ ਦੀ ਭਾਜਪਾ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਮੰਗ ਪੱਤਰ ਦੇਣ ਦੀ ਪ੍ਰਕਿਰਿਆ ਤਹਿਤ ਵੀਰਵਾਰ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਮੁੱਖ ਦੁਆਰ 'ਤੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਸੰਯੁਕਤ ਮੋਰਚੇ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਸਰਗਰਮ ਮੈਂਬਰਾਂ ਦੀ ਸ਼ਮੂਲੀਅਤ ਕਰਵਾ ਕੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਬੋਲਦਿਆਂ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਬਲਰਾਜ ਸਿੰਘ ਕੋਟਉਮਰਾ, ਜਨਰਲ ਸਕੱਤਰ ਹਰਨੇਕ ਸਿੰਘ ਗੁੱਜਰਵਾਲ, ਕੁੱਲ ਹਿੰਦ ਕਿਸਾਨ ਸਭਾ (1936) ਦੇ ਪ੍ਰਧਾਨ ਚਮਕੌਰ ਸਿੰਘ ਬਰਮੀਂ, ਜਸਵੀਰ ਸਿੰਘ ਝੱਜ ਜ਼ਿਲ੍ਹਾ ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਇੰਦਰਜੀਤ ਸਿੰਘ ਜਗਰਾਓਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ, ਕੇਵਲ ਸਿੰਘ ਬਨਵੈਤ, ਦਾਨ ਸਿੰਘ, ਡਾ. ਰਤਨ, ਕੁੱਲ ਹਿੰਦ ਕਿਸਾਨ ਸਭਾ ਬਲਾਕ ਪੱਖੋਵਾਲ ਦੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਜਸਮੇਲ ਸਿੰਘ ਮੋਹੀ, ਜਸਵਿੰਦਰ ਸਿੰਘ ਰਾਣਾ, ਹਰਨੇਕ ਸਿੰਘ ਜਰਖੜ, ਡਾ: ਰਾਜਿੰਦਰ ਪਾਲ ਔਲਖ, ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸਕੱਤਰ ਬਲਬੀਰ ਸਿੰਘ ਮਾਨ, ਪ੍ਰਧਾਨ ਹਰਦਿਆਲ ਸਿੰਘ ਘੁਮਾਣ, ਇਨਕਲਾਬੀ ਕੇਂਦਰ ਦੇ ਆਗੂ ਕੰਵਲਜੀਤ ਖੰਨਾ ਆਗੂਆਂ ਨੇ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਲੱਗੇ ਧਰਨਿਆਂ ਨੂੰ ਹਟਾਉਣ ਲਈ ਨਰਿੰਦਰ ਮੋਦੀ ਦੀ ਹਕੂਮਤ ਨੇ ਕਿਸਾਨਾਂ ਤੇ ਮਜ਼ਦੂਰਾਂ ਵਿਰੁੱਧ ਲਿਆਂਦੇ ਤਿੰਨ ਕਾਲੇ ਕਨੂੰਨਾਂ ਨੂੰ ਵਾਪਸ ਲੈਣ ਵੇਲੇ ਜਿਹੜੇ ਵਾਅਦੇ ਕੀਤੇ ਸਨ, ਉਹ ਅੱਜ ਤੱਕ ਪੂਰੇ ਨਹੀਂ ਹੋਏ।ਇਸ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਮਜਬੂਰਨ ਫ਼ੇਰ ਧਰਨੇ, ਮੁਜ਼ਾਹਰੇ, ਰੈਲੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।ਇੱਕ ਪਾਸੇ ਕਿਸਾਨਾਂ ਨੂੰ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲਾ ਅੰਨਦਾਤਾ ਆਖਿਆ ਜਾਂਦਾ ਹੈ, ਪ੍ਰੰਤੂ ਜਦੋਂ ਕਿਸਾਨ ਆਪਣੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਜੇਲ੍ਹੀਂ ਡੱਕਣ ਲਈ ਫੌਜਦਾਰੀ ਕਾਨੂੰਨਾਂ ਵਿੱਚ ਸੋਧਾਂ ਕਰਕੇ ਕਾਲੇ ਕਾਨੂੰਨ ਬਣਾਏ ਜਾ ਰਹੇ ਹਨ।ਇਸ ਧਰਨੇ ਅੰਦਰ ਲੁਧਿਆਣਾ ਹਲਕੇ ਤੋਂ ਚੁਣੇ ਨਵੇਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਵਰ੍ਹਦਿਆਂ ਕਿਹਾ ਕਿ ਵੋਟਾਂ ਲੈਣ ਵੇਲੇ ਇਨ੍ਹਾਂ ਕੋਲ ਖੁੱਲ੍ਹਾ ਟਾਈਮ ਹੁੰਦਾ ਹੈ, ਪਰ ਸੱਤਾ ਵਿੱਚ ਚੁਣੇ ਜਾਣ ਤੋਂ ਬਾਅਦ ਸਮਾਂ ਦੇ ਕੇ ਵੀ ਮੰਗ ਪੱਤਰ ਲੈਣ ਨਾ ਆਉਣਾ ਮੰਦਭਾਗੀ ਗੱਲ ਹੈ, ਚੋਣਾਂ ਵਿੱਚ ਜਿੱਤਣ ਤੋਂ ਬਾਅਦ ਧੰਨਵਾਦ ਕਰਨ ਆਉਣ ਲੱਗਿਆਂ ਨੂੰ ਹੁਣ ਇਨ੍ਹਾਂ ਨੂੰ ਗਰਮੀ ਲਗਦੀ ਹੈ।ਇਸ ਧਰਨੇ ਅੰਦਰ ਮੰਗ ਪੱਤਰ ਨਾ ਲੈਣ ਆਉਣ 'ਤੇ ਮੁਜ਼ਾਹਰਾਕਾਰੀ ਰਾਜਾ ਵੜਿੰਗ ਨਾਲ ਤੜਿੰਗ ਨਜ਼ਰ ਆਏ।

■ ਕੇਂਦਰ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਸੂਬੇ ਦੀ ਸਰਕਾਰ 'ਤੇ ਵਰ੍ਹਦਿਆਂ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਜੇਕਰ ਭਗਵੰਤ ਮਾਨ ਦੀ ਸਰਕਾਰ ਨੇ ਵੀ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਆਦਿ ਨਾਲ ਕੀਤੇ ਵਾਅਦੇ ਪੂਰੇ ਨਾ ਕੀਤੇ ਤਾਂ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਚਾਰੇ ਖ਼ਾਨੇ ਚਿੱਤ ਕਰਕੇ ਲੋਕ ਸਭਾ ਚੋਣਾਂ ਵਾਲਾ ਹਾਲ ਕਰਾਂਗੇ।

ਇਸ ਮੌਕੇ ਇਕੱਤਰ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਕਿਸਾਨਾਂ ਤੇ ਮਜ਼ਦੂਰਾਂ ਦੇ ਬਕਾਇਆ ਪਏ ਮਸਲਿਆਂ ਨੂੰ ਹੱਲ ਕਰਨ ਲਈ ਦੇਸ਼ ਦੇ ਰਾਸ਼ਟਰਪਤੀ ਤੱਕ ਮੰਗ ਪੱਤਰ ਭੇਜ ਕੇ ਮੰਗਾਂ ਦੀ ਪੂਰਤੀ ਲਈ ਮੰਗ ਪੱਤਰ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਸੌਂਪ ਕੇ ਇਨਸਾਫ ਦੀ ਮੰਗ ਕੀਤੀ।

## ਕਾਤਰਾਂ

### ਨੈਸ਼ਨਲ ਪੈਰਾ ਅਥਲੈਟਿਕਸ ਚੈਂਪੀਅਨਸ਼ਿਪ 'ਚ ਸ਼ਹਿਰਾਜ ਨੇ ਤਿੰਨ ਮੈਡਲ ਜਿੱਤੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ੍ਰੀ ਕੰਤਰੀਵਾ ਸਟੇਡੀਅਮ ਬੈਂਗਲੋਰੂ ਵਿਖੇ 15, 16 ਤੇ 17 ਜੁਲਾਈ 2024 ਨੂੰ ਹੋਈ 13ਵੀਂ ਜੂਨੀਅਰ ਤੇ ਸਬ-ਜੂਨੀਅਰ ਨੈਸ਼ਨਲ ਪੈਰਾ ਅਥਲੈਟਿਕਸ ਚੈਂਪੀਅਨਸ਼ਿਪ-2024 ਵਿੱਚ ਅੰਡਰ-17 ਵਰਗ ਮੁੰਡਿਆਂ ਵਿੱਚ ਸ਼ਹਿਰਾਜ ਸਿੰਘ ਨੇ ਜੈਵਲਿੰਗ ਥਰੋ ਵਿੱਚ ਦੂਜਾ, ਡਿਸਕਸ ਥਰੋ ਵਿੱਚ ਤੀਜਾ ਤੇ ਸ਼ਾਰਟਪੁੱਟ ਵਿੱਚ ਤੀਜਾ ਸਥਾਨ ਹਾਸਲ ਕਰਕੇ ਨੈਸ਼ਨਲ ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਦਾ ਨਾਮ ਪੂਰੇ ਪੰਜਾਬ ਤੇ ਭਾਰਤ ਵਿੱਚ ਰੌਸ਼ਨ ਕੀਤਾ ਅਤੇ ਇੰਟਰਨੈਸ਼ਨਲ ਵਿੱਚ ਆਪਣਾ ਸਥਾਨ ਪੱਕਾ ਕੀਤਾ। ਸਕੂਲ ਦੇ ਚੇਅਰਮੈਨ ਸ੍ਰ. ਮਨਜੀਤ ਸਿੰਘ ਸੰਧੂ, ਚੇਅਰਪਰਸਨ ਸ੍ਰੀਮਤੀ ਕੁਲਦੀਪ ਕੌਰ ਸੰਧੂ ਤੇ ਸਕੂਲ ਪ੍ਰਿੰਸੀਪਲ ਰਾਜੇਸ਼ਵਰ ਪ੍ਰਸਾਦ ਵੱਲੋਂ ਡੀ. ਪੀ. ਟੀਚਰ ਕਰਨਬੀਰ ਸਿੰਘ, ਸਟਾਫ ਤੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਅਤੇ ਭਵਿੱਖ ਵਿੱਚ ਇਸੇ ਤਰ੍ਹਾਂ ਜਿੱਤਾਂ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ।

### ਸਮਾਉਂ 'ਚ ਤੀਆਂ ਦਾ ਮੇਲਾ 4 ਤੋਂ

**ਭੀਖੀ (ਧਰਮਵੀਰ ਸ਼ਰਮਾ)**-ਮਾਲਵੇ ਦੀਆਂ ਪ੍ਰਸਿੱਧ ਤੀਆਂ ਦਾ ਮੇਲਾ 4 ਅਗਸਤ ਤੋਂ ਨੇੜਲੇ ਪਿੰਡ ਸਮਾਉਂ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਇਸ ਮੇਲੇ ਦਾ ਪੋਸਟਰ ਵਿਦੇਸ਼ੀ ਧਰਤੀ ਆਸਟ੍ਰੇਲੀਆ ਤੋਂ ਅੰਤਰਰਾਸ਼ਟਰੀ ਗਿੱਧਾ ਕੋਚ ਬਾਬਾ ਪਾਲ ਸਿੰਘ ਸਮਾਉਂ ਦੀ ਅਗਵਾਈ ਹੇਠ ਪੰਜਾਬ ਦੀ ਬੁਲੰਦ ਅਵਾਜ਼ ਗੁਰਲੇਜ ਅਖਤਰ, ਕੁਲਵਿੰਦਰ ਕੈਲੀ, ਅਰਬਨ ਪੇਂਡੂ ਪ੍ਰੋਡਕਸ਼ਨ ਦੇ ਬੰਟੀ ਪੂਨੀਆ ਨੇ ਰਿਲੀਜ਼ ਕੀਤਾ। ਇਸ ਸਬੰਧੀ ਗੱਲਬਾਤ ਕਰਦਿਆਂ ਬਾਬਾ ਪਾਲ ਸਿੰਘ ਸਮਾਉਂ ਨੇ ਦੱਸਿਆ ਕਿ ਇਹ ਤੀਆਂ ਦਾ ਮੇਲਾ 4 ਅਗਸਤ ਨੂੰ ਸ਼ੁਰੂ ਹੋਵੇਗਾ, ਜੋ 15 ਦਿਨ ਚੱਲੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਦੀਆਂ ਵੱਡੀਆਂ ਹਸਤੀਆਂ ਸ਼ਿਰਕਤ ਕਰਨਗੀਆਂ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦੇ ਉਦਘਾਟਨੀ ਸਮਾਗਮ ਮੌਕੇ ਗਿੱਧਾ ਕੋਚ ਡਾ. ਪ੍ਰਭਸ਼ਰਨ ਕੌਰ, ਮਾਤਾ ਚਰਨ ਕੌਰ, ਪਦਮਸ਼੍ਰੀ ਨਿਰਮਲ ਰਿਸ਼ੀ ਤੇ ਸ਼ਿਵਜੋਤ ਕੌਰ ਬਰਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ। ਇਸ ਮੌਕੇ ਪੰਜਾਬੀ ਗਾਇਕਾ ਗੁਰਲੇਜ ਅਖਤਰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਮੌਕੇ ਅੰਤਿਮ ਦਿਨ ਬੱਲ੍ਹੋ ਵੀ ਪਾਈ ਜਾਵੇਗੀ, ਜਿਸ ਨਾਲ ਤੀਆਂ ਦੇ ਮੇਲੇ ਦੀ ਸਮਾਪਤੀ ਹੋਵੇਗੀ।

### ਸਰਸਵਤੀ ਸਕੂਲ ਦੇ ਤਿੰਨ ਵਿਦਿਆਰਥੀ ਸੀ ਏ ਬਣੇ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰ. ਕੁਸਮ ਕਾਲੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਤੋਂ ਪੜ੍ਹੇ ਤਿੰਨ ਵਿਦਿਆਰਥੀ ਦੀਪਸ਼ਿਖਾ ਸਪੁੱਤਰੀ ਸੁਰਿੰਦਰ ਕੁਮਾਰ, ਕ੍ਰਿਸ਼ਨ ਲਾਲ ਸਪੁੱਤਰ ਪਵਨ ਕਾਂਸਲ ਤੇ ਮਾਨਵ ਸਿੰਗਲਾ ਸਪੁੱਤਰ ਸੰਜੀਵ ਕੁਮਾਰ ਆਪਣੀ ਮਿਹਨਤ ਤੇ ਲਗਨ ਸਦਕਾ ਅੱਜ ਸੀ. ਏ. ਬਣ ਗਏ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਸ ਸਫਲਤਾ 'ਤੇ ਸਿਰਫ ਉਨ੍ਹਾਂ ਦੇ ਮਾਪਿਆਂ ਨੂੰ ਹੀ ਨਹੀਂ, ਬਲਕਿ ਪੂਰੇ ਸ਼ਹਿਰ ਨੂੰ ਮਾਣ ਹੈ।

### ਗੁਰੂ ਪੂਰਨਿਮਾ ਸਮਾਗਮ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਸਥਨਾਕ ਗਾਂਧੀ ਨਗਰ ਸਥਿਤ ਡੇਰਾ ਸੰਤ ਬਾਬਾ ਬੱਗੂ ਭਗਤ, ਸਾਂਝਾ ਦਰਬਾਰ ਸੰਤ ਮੰਦਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਪੂਰਨਿਮਾ ਦਾ ਤਿਉਹਾਰ 21 ਜੁਲਾਈ ਨੂੰ ਖ਼ੁਸ਼ੀਆਂ ਤੇ ਚਾਵਾਂ ਨਾਲ ਮਨਾਇਆ ਜਾਵੇਗਾ।ਇਹ ਸਮਾਗਮ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਹੋਵੇਗਾ। ਡੇਰਾ ਗੱਦੀ ਨਸ਼ੀਨ ਬਾਊ ਜੀ ਦੀ ਦੇਖ ਰੇਖ ਤੇ ਅਗਵਾਈ ਹੇਠ ਹੋਣ ਵਾਲੇ ਇਸ ਸਮਾਗਮ ਦੌਰਾਨ ਡੇਰੇ ਦੇ ਸਥਾਨਕ ਤੇ ਬਾਹਰਲੇ ਇਲਾਕਿਆਂ ਤੋਂ ਸ਼ਰਧਾਲੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਸਮਾਗਮ ਦੀ ਸ਼ੁਰੂਆਤ ਬਾਊ ਜੀ ਵੱਲੋਂ ਅਰਦਾਸ ਕਰਕੇ ਕੀਤੀ ਜਾਵੇਗੀ।ਗੁਰੂ ਪੂਰਨਿਮਾ ਸਮਾਗਮ ਦੇ ਅੰਤ ਵਿੱਚ ਸਭਨਾਂ ਲਈ ਭੰਡਾਰੇ (ਲੰਗਰ) ਦੀ ਵਿਵਸਥਾ ਵੀ ਕੀਤੀ ਗਈ ਹੈ।

# ਪੱਤਰਕਾਰ ਜਸਪਾਲ ਸਿੰਘ ਹੇਰਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਹੇਰਾਂ ਦਾ ਵੀਰਵਾਰ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। 75 ਸਾਲਾ ਜਸਪਾਲ ਸਿੰਘ ਹੇਰਾਂ ਪਿਛਲੇ 3 ਦਹਾਕੇ ਤੋਂ ਅੰਗਰੇਜ਼ੀ ਤੇ ਪੰਜਾਬੀ ਅਖ਼ਬਾਰਾਂ ਵਿੱਚ ਲਗਾਤਾਰ ਜਿੱਥੇ ਛਪਦੇ ਆ ਰਹੇ ਸਨ, ਉੱਥੇ ਉਹ ਉੱਭਰਦੀਆਂ ਕਲਮਾਂ ਲਈ ਪ੍ਰੇਰਨਾਸ੍ਰੋਤ ਸਨ। ਪੱਤਰਕਾਰ ਜਸਪਾਲ ਸਿੰਘ ਹੇਰਾਂ ਦੀ ਮੌਤ 'ਤੇ ਪ੍ਰੈੱਸ ਕਲੱਬ ਮਾਛੀਵਾੜਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਪੰਜਾਬੀ ਜਗਤ ਦੀ ਝੋਲੀ ਵਿੱਚ 8 ਤੋਂ ਵੱਧ ਪੁਸਤਕਾਂ ਪਾਈਆਂ ਤੇ ਕਾਫ਼ੀ ਲੰਮੇ ਸਮੇਂ ਤੋਂ ਪੰਜਾਬ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ। ਇਸ ਸਮੇਂ ਪੱਤਰਕਾਰ ਗੋਬਿੰਦ ਸ਼ਰਮਾ, ਜਗਦੀਸ਼ ਰਾਏ ਬੌਬੀ, ਸੰਦੀਪ ਸ਼ਰਮਾ, ਕਰਮਜੀਤ ਸਿੰਘ ਆਜ਼ਾਦ, ਡਾਇਰੈਕਟਰ ਗੁਰਮੁਖ ਦੀਪ, ਦੀਪਕ ਕੁਮਾਰ ਚੰਦੇਲ, ਸੁਸ਼ੀਲ ਕੁਮਾਰ ਸ਼ਰਮਾ, ਕੇਵਲ ਸਿੰਘ ਕੱਦੋਂ, ਬੌਬੀ ਖੋਸਲਾ, ਸ਼ੈਂਕੀ ਸ਼ਰਮਾ, ਦੀਪਕ ਚਾਨਣਾ, ਸੁੱਚਾ ਬੰਗੜ, ਤਲਵਿੰਦਰ ਗਿੱਲ, ਮਾ. ਸਤੀਸ਼ ਕੁਮਾਰ, ਡਾ. ਜਤਿੰਦਰ ਕੁਮਾਰ, ਮਨੋਜ ਕੁਮਾਰ ਮੌਂਗਾ, ਖੁਸ਼ਕਰਨ ਕੌਸ਼ਲ, ਹਰਪ੍ਰੀਤ ਸਿੰਘ, ਰਾਜਦੀਪ ਅਲਬੇਲਾ, ਗੁਰਦੇਵ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਜ਼ਿਲ੍ਹਾ ਕਮੇਟੀ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਜ਼ਿਲ੍ਹਾ ਕਮੇਟੀ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਕਾ. ਬਲਵਿੰਦਰ ਕੌਰ ਖਾਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਮੀਤ ਨੰਦਗੜ੍ਹ ਨੇ ਦੱਸਿਆ ਕਿ ਪੰਜਾਬ ਤੇ ਦੇਸ਼ ਦੀ ਰਾਜਨੀਤਕ ਸਥਿਤੀ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਕੇਂਦਰੀ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੇਰੋਜ਼ਗਾਰੀ ਦੀ ਦਰ ਵਿੱਚ ਬੇਤਹਾਸ਼ਾ ਵਾਧਾ ਹੋਣ ਕਾਰਨ ਕੇਂਦਰ ਸਰਕਾਰ ਅਧੀਨ ਮਹਿਕਮਿਆ ਦੀਆਂ ਖਾਲੀ ਪਈਆਂ 30 ਲੱਖ ਅਸਾਮੀਆਂ ਤੁਰੰਤ ਭਰੀਆਂ ਜਾਣ ਤੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ।ਮਨਰੇਗਾ ਸਕੀਮ ਵਿੱਚ ਬਜਟ ਢਾਈ ਲੱਖ ਕਰੋੜ ਰੁਪਏ ਕੀਤਾ ਜਾਵੇ।ਮਕਾਨ ਲਈ ਜਾਰੀ ਕੀਤੀ ਜਾਂਦੀ ਰਾਸ਼ੀ 7 ਲੱਖ ਰੁਪਏ ਪ੍ਰਤੀ ਪਰਵਾਰ ਕੀਤੀ ਜਾਵੇ। ਮਜ਼ਦੂਰਾਂ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ।ਪੰਜਾਬ ਸਰਕਾਰ ਬਾਰੇ ਵਿਚਾਰ ਕਰਦਿਆਂ ਲਿਬਰੇਸ਼ਨ ਨੇ ਕਿਹਾ ਕਿ ਮਾਨ ਸਰਕਾਰ ਦਾ ਮੰਤਰੀ ਮੰਡਲ ਤੇ ਜ਼ਿਆਦਾਤਰ ਐੱਮ ਐੱਲ ਏ ਭ੍ਰਿਸ਼ਟਾਚਾਰ ਵਿੱਚ ਗੁਲਤਾਨ ਹਨ, ਜਿਸ ਕਾਰਨ ਪੰਜਾਬ ਦਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਤੇ ਨੌਜਵਾਨ ਨਸ਼ਿਆਂ ਵਿੱਚ ਗ੍ਰਸਤ ਹਨ।ਅਮਨ ਕਾਨੂੰਨ ਦੀ ਸਥਿਤੀ ਬਦਤਰ ਤੋਂ ਬਦਤਰ ਹੋ ਰਹੀ ਹੈ।ਲਿਬਰੇਸ਼ਨ ਨੇ ਫੈਸਲਾ ਕੀਤਾ ਹੈ ਕਿ ਪੂਰੇ ਅਗਸਤ ਮਹੀਨੇ ਵਿੱਚ ਜਨਤਾ ਦੇ ਮੁੱਢਲੇ ਸਵਾਲਾਂ ਨੂੰ ਲੈ ਕੇ ਰਾਜਨੀਤਕ ਕਾਨਫਰੰਸਾਂ ਕੀਤੀਆਂ ਜਾਣਗੀਆਂ।ਉਨ੍ਹਾਂ ਕਾਨਫਰੰਸਾਂ ਵਿੱਚ ਲਿਬਰੇਸ਼ਨ ਦਾ ਰਾਜਨੀਤਕ ਏਜੰਡਾ ਰੱਖਿਆ ਜਾਵੇਗਾ।ਜੇਕਰ ਜਨਤਾ ਲਿਬਰੇਸ਼ਨ ਨੂੰ ਰਾਜਸੀ ਤਾਕਤ ਸੌਂਪਦੀ ਹੈ ਤਾਂ ਅਸੀਂ ਜਨਤਾ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿਹਤ ਤੇ ਸਿੱਖਿਆ ਸਹੂਲਤਾਂ ਨੂੰ ਲਾਜ਼ਮੀ ਪੂਰਾ ਕਰਾਂਗੇ।ਹਰ ਵਰਗ ਦੀਆਂ ਔਰਤਾਂ ਤੇ ਮਰਦਾਂ ਲਈ ਰੋਜ਼ਗਾਰ ਜਾਂ ਬੇਰੋਜ਼ਗਾਰੀ ਭੱਤਾ ਯਕੀਨੀ ਬਣਾਇਆ ਜਾਵੇਗਾ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਇੰਚਾਰਜ ਪ੍ਰਸ਼ੋਤਮ ਸ਼ਰਮਾ, ਕੇਂਦਰੀ ਕਮੇਟੀ ਮੈਂਬਰ ਰਾਜਵਿੰਦਰ ਰਾਣਾ, ਸੂਬਾ ਕਮੇਟੀ ਮੈਂਬਰ ਸੁਰਿੰਦਰਪਾਲ ਸ਼ਰਮਾ ਹਾਜ਼ਰ ਹੋਏ।ਇਸ ਤੋਂ ਇਲਾਵਾ ਜਸਵੀਰ ਕੌਰ ਨੱਤ, ਬਲਜਿੰਦਰ ਘਰਾਗਣਾਂ, ਗੁਰਸੇਵਕ ਮਾਨਬੀਬੜੀਆ, ਨਛੱਤਰ ਖੀਵਾ, ਗਗਨਦੀਪ ਸਿਰਸੀਵਾਲਾ, ਦਰਸ਼ਨ ਦਾਨੇਵਾਲ, ਸਰਪੰਚ ਭੋਲਾ ਸਿੰਘ ਸਮਾਓਂ, ਜੀਤ ਬੋਹਾ, ਮੁਖਤਿਆਰ ਕੁਲਹਿਰੀ, ਸੁਖਜੀਤ ਰਾਮਾਨੰਦੀ ਸੱਤਪਾਲ ਭੈਣੀ ਤੇ ਕ੍ਰਿਸ਼ਨ ਕੌਰ ਆਦਿ ਹਾਜ਼ਰ ਸਨ।

# ਆਲ ਪੈਨਸ਼ਨਰਜ਼ ਵੈੱਲਫੇਅਰ ਐਸੋ. ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋ. ਸੰਗਰੂਰ ਦੀ ਵਿਸ਼ੇਸ਼ ਮੀਟਿੰਗ ਸਰਪ੍ਰਸਤ ਜਗਦੀਸ਼ ਸ਼ਰਮਾ ਤੇ ਪ੍ਰਧਾਨ ਸੁਰਿੰਦਰ ਬਾਲੀਆ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਪੰਜਾਬ ਵਿੱਤ ਵਿਭਾਗ ਵੱਲੋਂ 01 ਜੁਲਾਈ 2024 ਨੂੰ ਪੈਨਸ਼ਨਰਾਂ ਨੂੰ ਨੋਸ਼ਨਲ ਇੰਨਕਰੀਮੈਂਟ ਲਾ ਕੇ ਬਣਦੇ ਬਕਾਏ ਤੇ ਪੈਨਸ਼ਨ ਰੀਵਾਇਜ਼ਡ ਕਰਨ ਬਾਰੇ ਪੈਨਸ਼ਨਰਾਂ ਨੂੰ ਇਸ ਨੂੰ ਲਾਗੂ ਕਰਵਾਉਣ ਵਿੱਚ ਆ ਰਹੀਆਂ ਦਿੱਕਤਾਂ 'ਤੇ ਵਿਚਾਰ ਕੀਤਾ ਗਿਆ।ਐਸੋਸੀਏਸ਼ਨ ਦੇ ਧਿਆਨ ਵਿੱਚ ਆਇਆ ਕਿ ਪੈਨਸ਼ਨਰਜ਼ ਦੇ ਵਿਭਾਗਾਂ ਵੱਲੋਂ ਪੈਨਸ਼ਨਰਾਂ ਨੂੰ ਕੇਸ ਤਿਆਰ ਕਰਕੇ ਲਿਆਉਣ ਲਈ ਕਿਹਾ ਗਿਆ ਹੈ, ਜੋ ਕਿ ਬਿਲਕੁਲ ਗਲਤ ਤੇ ਨਾ-ਮੁਮਕਿਨ ਹੈ।ਜ਼ਿਲ੍ਹੇ ਦੇ ਸਾਰੇ ਵਿਭਾਗਾਂ ਦੇ ਪੈਨਸ਼ਨ ਸੈਕਸ਼ਨ ਅਧਿਕਾਰੀਆਂ (ਡੀ.ਡੀ.ਓ.) ਨੂੰ ਪ੍ਰੈੱਸ ਰਾਹੀਂ ਅਪੀਲ ਕੀਤੀ ਜਾਂਦੀ ਹੈ ਕਿ ਪੈਨਸ਼ਨਰਾਂ ਨੂੰ ਅਜਿਹਾ ਕਹਿ ਕੇ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ।ਸਰਕਾਰ ਦੀਆਂ ਹਦਾਇਤਾਂ ਨੂੰ ਲਾਗੂ ਕਰਨਾ, ਉਨ੍ਹਾਂ ਦੀ ਜ਼ੁੰਮੇਵਾਰੀ ਹੈ।ਉਨ੍ਹਾਂ ਦਫਤਰ ਵਿੱਚ ਬਿਲ ਕਲਰਕ, ਅਕਾਉਂਟੈਂਟ, ਲੇਖਾ ਅਫ਼ਸਰ ਆਦਿ ਕੰਮ ਕਰਨ ਲਈ ਮੌਜੂਦ ਹਨ।ਪੈਨਸ਼ਨਰਾਂ ਦੀ ਪੈਨਸ਼ਨਰ ਰੀਵਾਇਜ਼ਡ ਕਰਕੇ ਇੰਨਕਰੀਮੈਂਟ ਲਗਾ ਕੇ ਕੇਸ ਏ ਜੀ ਪੰਜਾਬ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਜਗਦੀਸ਼ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆ, ਜਰਨਲ ਸਕੱਤਰ ਬਿੱਕਰ ਸਿੰਘ ਸਿਬੀਆਂ ਤੇ ਵਿੱਤ ਸਕੱਤਰ ਮੋਹਨ ਸਿੰਘ ਬਾਵਾ ਨੇ ਦੱਸਿਆ ਕਿ ਮਨੁੱਖੀ ਅਧਿਕਾਰ ਐਕਟ 2005, ਸੀਨੀਅਰ ਸਿਟੀਜਨ ਭਲਾਈ ਤੇ ਸੁਰੱਖਿਆ ਐਕਟ 2007 ਅਨੁਸਾਰ ਪੈਨਸ਼ਨਰਾਂ ਦੇ ਤਰਜੀਹੀ ਤੌਰ 'ਤੇ ਕੰਮ ਕਰਨ ਵਿੱਚ ਸਹਿਯੋਗ ਦੇਣ ਦੀ ਗਰੰਟੀ ਦਿੱਤੀ ਹੈ।ਉਨ੍ਹਾਂ ਮੰਗ ਕੀਤੀ ਕਿ ਸੰਬੰਧਤ ਪੈਨਸ਼ਨਰਾਂ ਦੇ ਕੇਸ ਵਿੱਤੀ ਹਦਾਇਤਾਂ ਦੀ ਪਾਲਣਾ ਕਰਕੇ ਇੱਕ ਹਫਤੇ ਵਿੱਚ ਬਜ਼ੁਰਗ ਪੈਨਸ਼ਨਰਾਂ ਨੂੰ ਪੇਮੈਂਟ ਕਰਵਾਈ ਜਾਵੇ।

# ਸਕੂਲਾਂ ਤੋਂ ਵਾਪਸ ਲਈਆਂ ਗਰਾਂਟਾਂ ਜਾਰੀ ਕੀਤੀਆਂ ਜਾਣ : ਮੁੱਖ ਅਧਿਆਪਕ ਜਥੇਬੰਦੀ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਮਾਰਚ ਮਹੀਨੇ 'ਚ ਪੰਜਾਬ ਭਰ ਦੇ ਸਕੂਲਾਂ ਵਿੱਚੋਂ ਪੀ ਐੱਫ ਐੱਸ ਰਾਹੀਂ ਵਾਪਸ ਲਏ ਗਏ ਪੈਸਿਆਂ ਨੂੰ ਤੁਰੰਤ ਵਾਪਸ ਕਰਨ ਦੀ ਮੰਗ ਕਰਦਿਆਂ ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ, ਜੁਆਇੰਟ ਸਕੱਤਰ ਰਕੇਸ਼ ਗੋਇਲ ਬਰੇਟਾ, ਉਪ ਪ੍ਰਧਾਨ ਰਘਵਿੰਦਰ ਸਿੰਘ ਧੂਲਕਾ ਨੇ ਕਿਹਾ ਕਿ ਸਕੂਲਾਂ ਨੇ ਵੱਖ-ਵੱਖ ਦੁਕਾਨਾਂ ਤੋਂ ਸਾਮਾਨ ਪਹਿਲਾਂ ਹੀ ਖਰੀਦ ਲਿਆ ਹੈ ਤੇ ਉਨ੍ਹਾਂ ਦਾ ਭੁਗਤਾਨ ਅਜੇ ਤੱਕ ਪੈਂਡਿੰਗ ਹੈ।ਆਗੂਆਂ ਨੇ ਕਿਹਾ ਕਿ ਪੈਸੇ ਨਾ ਮਿਲਣ ਕਾਰਨ ਦੁਕਾਨਦਾਰ ਵੀ ਸਕੂਲ ਮੁਖੀਆਂ ਨੂੰ ਲਗਾਤਾਰ ਫੋਨ ਕਰ ਰਹੇ ਹਨ।ਤਾਜ਼ਾ ਜਾਣਕਾਰੀ ਅਨੁਸਾਰ ਭੱਲਣਵਾੜਾ ਤੋਂ 152,696, ਧਿੰਗਾਣਾ ਤੋਂ 24300, ਕੌੜੀਵਾੜਾ ਤੋਂ 41659, ਖੈਰਾ ਖੁਰਦ ਤੋਂ 103,818, ਖੈਰਾ ਕਲਾਂ ਤੋਂ 28000, ਲੋਹਗੜ੍ਹ ਤੋਂ 33607, ਫਫੜੇ ਭਾਈਕੇ ਤੋਂ 98861, ਬਣਾਵਾਲਾ ਤੋਂ 46109, ਗੇਹਲੇ ਤੋਂ 37176, ਕੁਲਿਹਰੀ ਤੋਂ 23000, ਧਨਪੁਰਾ ਤੋਂ 69600, ਗੋਬਿੰਦਪੁਰਾ ਤੋਂ 29000, ਬੱਛੋਆਣਾ ਤੋਂ 35652, ਬਹਾਦਰਪੁਰ ਤੋਂ 85689, ਖਾਰਾ ਤੋਂ 42138, ਬਰਾਂਚ ਬਰੇਟਾ ਤੋਂ 34763, ਅਹਿਮਦਪੁਰ ਤੋਂ 14000, ਦਾਨੇਵਾਲਾ ਤੋਂ 74995 ਰੁਪਏ ਦੀ ਰਾਸ਼ੀ ਵਾਪਸ ਲਈ ਗਈ ਹੈ।ਉਨ੍ਹਾ ਕਿਹਾ ਕਿ ਪੂਰੇ ਪੰਜਾਬ ਵਿੱਚੋਂ ਕਰੋੜਾਂ ਰੁਪਏ ਦੀਆਂ ਗਰਾਂਟਾਂ ਵਾਪਸ ਲਈਆਂ ਗਈਆਂ ਹਨ, ਜਿਸ ਕਾਰਨ ਸਕੂਲਾਂ ਦੇ ਪਹਿਲਾਂ ਤੋਂ ਚੱਲੇ ਕੰਮ ਵੀ ਰੁਕੇ ਪਏ ਹਨ।ਜਥੇਬੰਦੀ ਦੇ ਆਗੂ ਸੁਖਵਿੰਦਰ ਸਿੰਘ ਬਰੇਟਾ ਨੇ ਦੱਸਿਆ ਕਿ ਪੰਜਾਬ ਭਰ ਦੇ ਪ੍ਰਾਇਮਰੀ, ਅੱਪਰ ਪ੍ਰਾਇਮਰੀ ਸਕੂਲਾਂ ਦੇ ਕਰੋੜਾਂ ਰੁਪਏ ਮਾਰਚ ਮਹੀਨੇ ਖਾਤਿਆਂ ਵਿੱਚੋਂ ਵਾਪਸ ਲੈ ਲਏ ਗਏ ਸਨ, ਜਿਨ੍ਹਾਂ ਨੂੰ ਤੁਰੰਤ ਸਕੂਲਾਂ ਨੂੰ ਵਾਪਸ ਕਰਨ ਦੀ ਮੰਗ ਕੀਤੀ।

ਜਥੇਬੰਦੀ ਦੇ ਪੰਜਾਬ ਸਰਪ੍ਰਸਤ ਗੁਰਮੇਲ ਸਿੰਘ ਬਰੇ, ਜਸ਼ਨਦੀਪ ਸਿੰਘ ਕੁਲਾਣਾ, ਬਲਜੀਤ ਸਿੰਘ ਗੁਰਦਾਸਪੁਰ, ਜਸਵੀਰ ਸਿੰਘ ਹੁਸ਼ਿਆਰਪੁਰ, ਸਤਿੰਦਰ ਸਿੰਘ ਦੁਆਬੀਆ, ਭਗਵੰਤ ਭਟੇਜਾ, ਪਰਮਜੀਤ ਸਿੰਘ ਤੂਰ, ਲਵਨੀਸ਼ ਗੋਇਲ ਨਾਭਾ, ਕਮਲ ਗੋਇਲ ਸੁਨਾਮ, ਓਮ ਪ੍ਰਕਾਸ਼ ਛਾਜਲੀ, ਪਰਮਜੀਤ ਸਿੰਘ ਤਲਵੰਡੀ ਸਾਬੋ, ਕ੍ਰਿਸ਼ਨ ਬਠਿੰਡਾ, ਗੁਰਜੰਟ ਸਿੰਘ ਬੱਛੋਆਣਾ, ਦੀਪਕ ਗੋਇਲ ਮੋਹਾਲੀ ਆਦਿ ਪੰਜਾਬ ਭਰ ਦੇ ਅਧਿਆਪਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਕੂਲਾਂ ਦਾ ਵਾਪਸ ਲਿਆ ਪੈਸਾ ਤੁਰੰਤ ਜਾਰੀ ਕੀਤਾ ਜਾਵੇ ਤਾਂ ਜੋ ਵੱਡੇ ਪੱਧਰ 'ਤੇ ਦੁਕਾਨਦਾਰਾਂ ਦਾ ਹਿਸਾਬ ਕਿਤਾਬ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਕੂਲਾਂ ਨੂੰ ਜਾਰੀ ਗਰਾਂਟਾਂ ਵਾਪਸ ਲੈ ਲਈਆਂ ਗਈਆਂ ਹੋਣ।

# ਆਪ ਆਗੂ ਰਾਜਵਿੰਦਰ ਭਗਤਾ ਨੂੰ ਸਦਮਾ, ਭੈਣ ਦਾ ਦੇਹਾਂਤ

*ਹਲਕਾ ਵਿਧਾਇਕ ਤੇ ਹੋਰ ਆਗੂਆਂ ਵੱਲੋਂ ਦੁੱਖ ਪ੍ਰਗਟ*



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੇ ਆਮ ਆਦਮੀ ਪਾਰਟੀ ਦੇ ਆਗੂ ਰਾਜਵਿੰਦਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਭੈਣ ਮਨਜੀਤ ਕੌਰ ਪਤਨੀ ਜਗਸੀਰ ਸਿੰਘ ਵਾਸੀ ਭਾਈਰੂਪਾ ਦੀ ਘਰ ਵਿੱਚ ਹੀ ਵਾਪਰੇ ਹਾਦਸੇ ਕਾਰਨ ਜਾਨ ਚਲੀ ਗਈ। ਜਾਣਕਾਰੀ ਦਿੰਦਿਆਂ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਘਰ ਵਿੱਚ ਹੀ ਇੱਕ ਛੋਟੇ ਸਟੋਰ ਅੰਦਰ ਉਨ੍ਹਾਂ ਦੀ ਭੈਣ ਉਪਰ ਕਣਕ ਦਾ ਭਰਿਆ ਢੋਲ ਡਿੱਗ ਪਿਆ, ਜਿਸ ਨਾਲ ਸਟੋਰ ਦਾ ਦਰਵਾਜ਼ਾ ਵੀ ਬੰਦ ਹੋ ਗਿਆ ਤੇ ਉਨ੍ਹਾਂ ਦੀ ਭੈਣ ਢੋਲ ਦੇ ਡਿੱਗਣ ਕਾਰਨ ਵਜ਼ਨ ਦੇ ਹੇਠਾਂ ਆ ਗਈ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਦੁੱਖ ਦੀ ਘੜੀ ਵਿੱਚ ਸਮੂਹ ਪਰਵਾਰ ਨਾਲ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਨਛੱਤਰ ਸਿੰਘ ਸਿੱਧੂ, ਰਾਮਾ ਪੇਂਟਰ, ਕੇਵਲ ਭਗਤਾ, ਮਿਥੁਨ ਲਾਲ, ਕ੍ਰਿਸ਼ਨ ਕੁਮਾਰ, ਰਾਕੇਸ਼ ਆਰੋੜਾ, ਜਸਵਿੰਦਰ ਸਿੰਘ, ਬਲਜੀਤ ਸਿੰਘ ਸਮੇਤ ਸਮੂਹ ਲੋਹਾ ਵਪਾਰੀਆਂ ਵੱਲੋਂ ਦੁੱਖ ਪ੍ਰਗਟ ਕੀਤਾ ਗਿਆ ਹੈ।

# ਟੈਗੋਰ ਗਲੋਬਲ ਸਕੂਲ 'ਚ ਸਮਾਰੋਹ




**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਟੈਗੋਰ ਗਲੋਬਲ ਸਕੂਲ ਸੀ. ਸੈ. ਸਮਰਾਲਾ ਵਿਖੇ ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ ਸਵਾਤੀ ਅਨੇਜਾ ਦੀ ਰਹਿਨੁਮਾਈ ਅਧੀਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੀ ਵਿਦਿਆਰਥੀ ਕੌਂਸਲ ਦਾ ਐਲਾਨ ਕੀਤਾ ਗਿਆ।ਇਸ ਸਮਾਗਮ ਦੀ ਸ਼ੁਰੂਆਤ ਵਿੱਚ ਪ੍ਰਿੰ. ਮਨੋਜ ਕੁਮਾਰ ਨੂੰ ਫੁੱਲਾਂ ਗੁਲਦਸਤਾ ਭੇਟ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਸਮਾਗਮ ਵਿੱਚ ਸਕੂਲ ਦੇ ਚਾਰ ਹਾਊਸ ਦੇ ਵਿਦਿਆਰਥੀਆਂ ਨੂੰ ਬੈਜ ਤੇ ਸੈਸ਼ੇ ਦੇ ਕੇ ਨਿਵਾਜਿਆ ਗਿਆ। ਇਸ ਸਮਾਰੋਹ ਵਿੱਚ ਰਣਜੋਤ ਸਿੰਘ ਨੂੰ ਹੈੱਡ ਬੁਆਏ ਤੇ ਸ਼ਗੁਨਵੀਰ ਕੌਰ ਨੂੰ ਹੈੱਡ ਗਰਲ, ਰਾਜਦੀਪ ਸਿੰਘ ਤੇ ਐਸ਼ਪ੍ਰੀਤ ਕੌਰ ਨੂੰ ਕਪਤਾਨ ਅੰਗਰੇਜ਼ੀ ਭਾਸ਼ਾ, ਗੌਰਵਦੀਪ ਸਿੰਘ ਤੇ ਹਰਸ਼ਮੀਰ ਕੌਰ ਖੇਡ ਕਪਤਾਨ, ਯੁਵਰਾਜ ਸਿੰਘ ਰਾਠੌਰ ਤੇ ਹਰਮਨਪ੍ਰੀਤ ਕੌਰ ਨੂੰ ਐਕਟੀਵਿਟੀ ਇੰਚਾਰਜ, ਜਦੋਂਕਿ ਪਰਕਰਮਵੀਰ ਸਿੰਘ ਤੇ ਰਿਤਿਕਾ ਅਨੁਸ਼ਾਸਨ ਇੰਚਾਰਜ ਚੁਣ ਗਏ। ਇਸ ਤੋਂ ਬਿਨਾਂ ਸਕੂਲ ਪ੍ਰਫੈਕਟ ਚੁਣੇ ਗਏ।ਆਪਣੇ ਕਾਰਜਾਂ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਚੁਣੇ ਗਏ ਅਹੁਦੇਦਾਰਾਂ ਨੂੰ ਸਹੁੰ ਚੁਕਾਈ ਗਈ।ਇਸ ਮੌਕੇ ਪ੍ਰਿੰ. ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਆ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਸਮਾਗਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਗਾਇਆ ਗਿਆ।

# ਨਿਊ ਮਾਲਵਾ ਨਹਿਰ ਪ੍ਰੋਜੈਕਟ ਦੇ ਨਿਰਮਾਣ ਲਈ ਫੰਡ ਵੰਡਣ 'ਤੇ ਮੁੜ ਹੋਵੇ ਵਿਚਾਰ : ਮਿਸਲ ਸਤਲੁਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੂਬਾ ਵਿਆਪੀ ਸਮਾਜਕ ਤੇ ਰਾਜਨੀਤਕ ਸੰਗਠਨ ਮਿਸਲ ਸਤਲੁਜ ਨੇ ਪੰਜਾਬ ਸਰਕਾਰ ਤੋਂ ਨਿਊ ਮਾਲਵਾ ਨਹਿਰ ਪ੍ਰੋਜੈਕਟ ਦੇ ਨਿਰਮਾਣ ਲਈ ਫੰਡ ਆਵੰਟਨ 'ਤੇ ਦੁਬਾਰਾ ਵਿਚਾਰ ਕਰਨ ਦੀ ਅਪੀਲ ਕੀਤੀ ਹੈ।ਬਠਿੰਡਾ ਪ੍ਰੈੱਸ ਕਲੱਬ ਵਿਖੇ ਸ਼ੁੱਕਰਵਾਰ ਇੱਕ ਪੱਤਰਕਾਰ ਸੰਮੇਲਨ ਦੌਰਾਨ ਸੰਗਠਨ ਦੇ ਪ੍ਰਮੁੱਖ ਅਜੈਪਾਲ ਸਿੰਘ ਬਰਾੜ ਤੇ ਮੁੱਖ ਸਕੱਤਰ ਦੇਵੇਂਦਰ ਸਿੰਘ ਸੇਖੋਂ ਨੇ ਇਸ ਦੌਰਾਨ ਰਾਜਸਥਾਨ ਫੀਡਰ 'ਤੇ ਲਿਫਟ ਪੰਪਾਂ ਨੂੰ ਮਨਜ਼ੂਰੀ ਦਿੱਤੇ ਜਾਣ 'ਤੇ ਵੀ ਵਕਾਲਤ ਕੀਤੀ।ਉਨ੍ਹਾਂ ਨਹਿਰ ਦੇ ਨਿਰਮਾਣ ਤੋਂ ਇਲਾਵਾ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਗਹਿਣਤਾ ਨਾਲ ਵਿਚਾਰ ਵਟਾਂਦਰਾ ਕੀਤਾ ਤਾਂ ਜੋ ਨਿਰਮਾਣ ਕੰਮ 'ਤੇ ਲਾਏ ਜਾਣ ਵਾਲਾ ਸਰਕਾਰ ਤੇ ਜਨਤਾ ਦਾ ਪੈਸਾ ਸਹਿਜਤਾ ਨਾਲ ਇਸਤੇਮਾਲ ਕੀਤਾ ਜਾ ਸਕੇ।

■ ਰਾਜਸਥਾਨ ਫੀਡਰ 'ਤੇ ਨਵੇਂ ਲਿਫਟ ਪੰਪਾਂ ਦੀ ਮਨਜ਼ੂਰੀ 'ਤੇ ਦਿੱਤਾ ਜਾਵੇ ਜ਼ੋਰ



ਦੇਵੇਂਦਰ ਸਿੰਘ ਸੇਖੋਂ ਨੇ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਨਿਊ ਮਾਲਵਾ ਨਹਿਰ ਪ੍ਰੋਜੈਕਟ 200,000 ਏਕੜ ਦੇ ਕਮਾਂਡ ਖੇਤਰ ਲਈ ਪੂਰਾ ਨਹੀਂ ਵਾਪਰਦਾ ਹੈ।ਨਹਿਰ ਦਾ ਜਲ ਵਿਤਰਣ (ਵਾਟਰ ਡਿਸਟ੍ਰੀਬਿਯੂਸ਼ਨ), ਜੋ ਕਿ ਬ੍ਰਿਟਸ਼ ਕਾਲ ਦੇ 3.05 ਕਿਯੂਸਿਕ ਦੇ ਮਾਣਕ 'ਤੇ ਅਧਾਰਤ ਹੈ, ਹੁਣ ਪੁਰਾਣਾ ਹੋ ਚੁੱਕਿਆ ਹੈ।ਵੱਡੇ ਪੱਧਰ 'ਤੇ ਚਾਵਲ ਦੀ ਖੇਤੀ ਕਾਰਨ ਵੱਧ ਰਹੀ ਮੰਗ ਦੇ ਨਾਲ, ਵਰਤਮਾਨ ਨਹਿਰ ਦੀ ਸ਼ਮਤਾ ਦੇ ਕਿਸਾਨਾਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੀ ਹੈ।

ਪ੍ਰਧਾਨ ਬਰਾੜ ਨੇ ਪੰਜਾਬ ਸਰਕਾਰ 'ਤੇ ਮੰਡਰਾਉਂਦੇ ਵਿੱਤੀ ਸਕੰਟ 'ਤੇ ਚਾਨਣਾ ਪਾਉਂਦੇ ਹੋਏ ਸਰਕਾਰ ਤੋਂ ਨਵੀਂ ਨਹਿਰ ਦੇ ਨਿਰਮਾਣ ਲਈ ਫੰਡ ਆਵੰਟਨ 'ਤੇ ਦੁਬਾਰਾ ਵਿਚਾਰ ਕਰਨ ਦੀ ਪੇਸ਼ਕਸ਼ ਕੀਤੀ।ਉਨ੍ਹਾਂ ਆਪਣੀ ਰਾਏ ਦਿੰਦੇ ਕਿਹਾ ਕਿ ਬਜਾਏ ਇਸ ਦੇ ਰਾਜਸਥਾਨ ਫੀਡਰ 'ਤੇ ਨਵੇਂ ਲਿਫਟ ਪੰਪਾਂ ਦੀ ਮਨਜ਼ੂਰੀ ਦੀ ਵਕਾਲਤ ਕੀਤੀ।ਉਨ੍ਹਾਂ ਜ਼ੋਰ ਦਿੱਤਾ ਕਿ ਸਰਕਾਰ ਦੀ ਇਹ ਅਪਰੋਚ ਕਿਸਾਨਾਂ ਨੂੰ ਤੱਤਕਾਲ ਪਾਣੀ ਦੀਆਂ ਲੋੜਾਂ ਨੂੰ ਸੰਬੋਧਤ ਕਰਦੇ ਹੋਏ ਸਰਕਾਰ 'ਤੇ ਵਿੱਤੀ ਬੋਝ ਨੂੰ ਘੱਟ ਕਰਨ ਵਿੱਚ ਮਦਦ ਕਰੇਗਾ।

ਮਿਸਲ ਸਤਲੁਜ ਨੇ ਸਿਫਾਰਸ਼ ਕੀਤੀ ਕਿ ਜੇਕਰ ਰਾਜਸਥਾਨ ਫੀਡਰ ਦਾ ਨਵਾਂ ਪੁਲ ਬਨਣਾ, ਜੋ ਕਿ ਬਹੁਤ ਹੀ ਜ਼ਰੂਰੀ ਹੈ, ਉਸ ਦਾ 10 ਸਤੰਬਰ ਤੋਂ 30 ਅਪ੍ਰੈਲ ਦੇ ਵਿਚਕਾਰ ਨਿਰਮਾਣ ਕਾਰਜ ਪੂਰਾ ਕਰ ਦੇਣਾ ਚਾਹੀਦਾ ਹੈ।ਇਹ ਸਮੇਂ ਸੀਮਾ ਪੈਦਾ ਹੋਣ ਵਾਲੀ ਰੁਕਾਵਟਾਂ ਤੇ ਅੜਚਨਾਂ ਨੂੰ ਘੱਟ ਕਰੇਗਾ।

# ਵੱਖ ਵੱਖ ਜਥੇਬੰਦੀਆਂ ਨੇ ਸਾਂਝੇ ਰੂਪ 'ਚ ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)**-ਵੱਖ ਵੱਖ ਜਥੇਬੰਦੀਆਂ ਦਾ ਵਫਦ ਡਿਪਟੀ ਕਮਿਸ਼ਨਰ ਮਾਨਸਾ ਨੂੰ ਸਾਂਝੇ ਰੂਪ ਵਿੱਚ ਮਿਲਿਆ, ਜਿਸ ਵਿੱਚ ਕਿਸਾਨ ਸੰਘਰਸ਼ ਪੀੜਤ ਪਰਿਵਾਰ ਐਕਸ਼ਨ ਕਮੇਟੀ ਮਾਨਸਾ, ਜਮਹੂਰੀ ਕਿਸਾਨ ਸਭਾ, ਜ਼ਿਲ੍ਹਾ ਮਾਨਸਾ ਇਲਾਕਾ ਵਿਕਾਸ ਕਮੇਟੀ ਬਰੇਟਾ ਵੀ ਸ਼ਾਮਲ ਸਨ। ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨ ਸੰਘਰਸ਼ ਪੀੜਤ ਪਰਵਾਰਾਂ ਨੂੰ ਜੋ ਕਿਸੇ ਤਰ੍ਹਾਂ ਰਹਿ ਗਏ ਹਨ, ਉਨ੍ਹਾਂ ਨੂੰ ਯੋਗ ਮੁਆਵਜ਼ਾ ਦੇਣ ਤੋਂ ਇਲਾਵਾ ਪਰਵਾਰਾਂ ਨੂੰ ਨੌਕਰੀਆਂ ਵੀ ਦਿੱਤੀਆਂ ਜਾਣ।ਵੱਖ ਵੱਖ ਦਫਤਰਾਂ ਵਿੱਚ ਪੈਂਡਿੰਗ ਪਈਆਂ ਅਰਜ਼ੀਆਂ ਪੰਜਾਬ ਸਰਕਾਰ ਨੂੰ ਭੇਜੀਆਂ ਜਾਣ।ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਜੋ ਪੀੜਤ ਕਿਸਾਨ ਅਣਵਿਆਹੇ ਸਨ, ਉਨ੍ਹਾਂ ਦੇ ਭਤੀਜੇ ਭਤੀਜੀਆਂ, ਭਾਣਜੇ, ਭਾਣਜੀਆਂ ਨੂੰ ਤਰਸ ਦੇ ਆਧਾਰ 'ਤੇ ਸ਼ਾਮਲ ਕਰਕੇ ਨੌਕਰੀਆਂ ਦਿੱਤੀਆਂ ਜਾਣ।ਜਮਹੂਰੀ ਕਿਸਾਨ ਸਭਾ ਵੱਲੋਂ ਮੰਗ ਕੀਤੀ ਜਾਂਦੀ ਹੈ ਕਿ ਸਹਿਕਾਰਤਾ ਵਿਭਾਗ ਵਿੱਚ ਜਿਨ੍ਹਾਂ ਦੇ ਹੱਦ ਕਰਜ਼ੇ ਬਣ ਗਏ ਹਨ, ਉਨ੍ਹਾਂ ਨੂੰ ਚੈੱਕ ਬੁੱਕਾਂ ਤੇ ਪਾਸ ਬੁੱਕਾਂ ਦਿੱਤੀਆਂ ਜਾਣ ਤਾਂ ਕਿ ਉਹ ਸਹਿਕਾਰੀ ਸਭਾ ਤੋਂ ਖਾਦਾਂ ਤੇ ਹੋਰ ਵਸਤਾਂ ਖਰੀਦ ਸਕਣ।ਇਲਾਕਾ ਵਿਕਾਸ ਕਮੇਟੀ ਬਰੇਟਾ ਵੱਲੋਂ ਮੰਗ ਕੀਤੀ ਗਈ ਕਿ ਬਰੇਟਾ ਸ਼ਹਿਰ ਵਿੱਚ ਟ੍ਰੈਫਿਕ ਦਾ ਯੋਗ ਪ੍ਰਬੰਧ ਕੀਤਾ ਜਾਵੇ ਤਾਂ ਕਿ ਆਉਣ-ਜਾਣ ਵਾਲਿਆਂ ਨੂੰ ਕੋਈ ਤਕਲੀਫ ਨਾ ਹੋਵੇ ਅਤੇ ਬਰੇਟਾ ਸ਼ਹਿਰ ਵਿੱਚ ਅੰਡਰ ਬ੍ਰਿਜ ਤੇ ਓਵਰ ਬ੍ਰਿਜ ਬਣਾਏ ਜਾਣ ਆਦਿ ਮੰਗਾਂ ਬਾਰੇ ਡਿਪਟੀ ਕਮਿਸ਼ਨਰ ਮਾਨਸਾ ਨੇ ਭਰੋਸਾ ਦਿਵਾਇਆ ਕਿ ਤੁਹਾਡੀਆਂ ਮੰਗਾਂ, ਜੋ ਪੰਜਾਬ ਸਰਕਾਰ ਨੂੰ ਭੇਜੀਆਂ ਜਾਣੀਆਂ ਹਨ, ਉਨ੍ਹਾਂ ਨੂੰ ਤੁਰੰਤ ਭੇਜਿਆ ਜਾਵੇਗਾ ਅਤੇ ਟ੍ਰੈਫਿਕ ਦੀ ਸਮੱਸਿਆ ਦਾ ਹੱਲ ਕਰਵਾਉਣ ਲਈ ਐੱਸ.ਐੱਸ.ਪੀ. ਮਾਨਸਾ ਨੂੰ ਯੋਗ ਕਾਰਵਾਈ ਲਈ ਲਿਖਿਆ ਜਾਵੇਗਾ।



ਵਫਦ ਵਿੱਚ ਹਰਜਿੰਦਰ ਸਿੰਘ ਭਾਦੜਾ, ਗਿਆਨ ਸਿੰਘ ਦੋਦੜਾ, ਰਾਮ ਸਿੰਘ ਬੋੜਾਂਵਾਲ, ਦਸੌਂਧਾ ਸਿੰਘ ਬਹਾਦਰਪੁਰ, ਗੁਰਤੇਜ ਸਿੰਘ ਸੇਖੂਪੁਰ ਖੁਡਾਲ, ਮੇਜਰ ਸਿੰਘ ਦੂਲੋਵਾਲ, ਤਾਰਾ ਸਿੰਘ ਨੰਦਗੜ੍ਹ ਕੋਟੜਾ, ਰਾਮ ਕੁਮਾਰ ਮਾਨਸਾ, ਹਰਦੇਵ ਸਿੰਘ ਬਰਨਾਲਾ ਆਦਿ ਸ਼ਾਮਲ ਸਨ।

# ਭਾਜਪਾ ਮਹਿਲਾ ਮੋਰਚਾ ਦਾ ਵਿਸਥਾਰ; ਸ਼ਬਨਮ ਮੀਤ ਪ੍ਰਧਾਨ ਤੇ ਗੀਤਾ ਜਨਰਲ ਸਕੱਤਰ ਨਿਯੁਕਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਦੇਸ਼ ਭਰ ਵਿੱਚ ਭਾਜਪਾ ਤੇ ਐੱਨ.ਡੀ.ਏ. ਦੀ ਕੇਂਦਰ ਵਿੱਚ ਸਰਕਾਰ ਬਣਾਉਣ ਵਿੱਚ ਦੇਸ਼ ਦੀਆਂ ਔਰਤਾਂ ਨੇ ਅਹਿਮ ਯੋਗਦਾਨ ਪਾਇਆ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਵਿੱਚ ਔਰਤਾਂ ਵੀ ਅਹਿਮ ਯੋਗਦਾਨ ਪਾਉਣਗੀਆਂ, ਕਿਉਂਕਿ ਅੱਜ ਔਰਤਾਂ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧ ਰਹੀਆਂ ਹਨ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਭਾਜਪਾ ਮਹਿਲਾ ਮੋਰਚਾ ਦਾ ਵਿਸਥਾਰ ਕਰਨ ਤੇ ਜ਼ਿਲ੍ਹਾ ਪ੍ਰਧਾਨ ਸ਼ਿਲਪਾ ਬਾਂਸਲ ਵੱਲੋਂ ਨਵੀਂ ਕਾਰਜਕਾਰਨੀ ਦੇ ਅਹੁਦੇਦਾਰਾਂ ਦਾ ਸਨਮਾਨ ਕਰਨ ਮੌਕੇ ਕੀਤਾ। ਇਸ ਮੌਕੇ ਆਸ਼ਾ ਮਿੱਤਲ, ਸ਼ਬਨਮ ਮੰਗਲਾ, ਸੀਮਾ ਸ਼ਰਮਾ, ਅਨੀਤਾ ਅਰੋੜਾ, ਪ੍ਰੋਮਿਲਾ ਗੁਪਤਾ, ਸੁਸ਼ਮਾ ਬਾਂਸਲ, ਗੀਤਾ ਆਰੀਆ, ਸਰਿਤਾ ਮਿੱਤਲ, ਰੇਸ਼ਮੀ ਬਾਂਸਲ, ਸੁਖਦੀਪ ਕੌਰ, ਗੁਲਸ਼ਨ ਬਾਲਾ, ਰੀਟਾ ਬਾਵਾ, ਮੇਘਾ ਗਰਗ ਆਦਿ ਹਾਜ਼ਰ ਸਨ। ਇਸ ਮੌਕੇ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਸ਼ਿਲਪਾ ਬਾਂਸਲ ਨੇ ਦੱਸਿਆ ਕਿ ਮਹਿਲਾ ਮੋਰਚਾ ਦਾ ਵਿਸਥਾਰ ਕਰਦਿਆਂ ਆਸ਼ਾ ਮਿੱਤਲ, ਸ਼ਬਨਮ ਮੰਗਲਾ, ਸੀਮਾ ਸ਼ਰਮਾ, ਅਨੀਤਾ ਅਰੋੜਾ, ਪ੍ਰੋਮਿਲਾ ਗੁਪਤਾ, ਸੁਸ਼ਮਾ ਬਾਂਸਲ (ਸਾਰੇ) ਨੂੰ ਜ਼ਿਲ੍ਹੇ ਦਾ ਮੀਤ ਪ੍ਰਧਾਨ ਬਣਾਇਆ ਗਿਆ। ਇਸ ਦੇ ਨਾਲ ਗੀਤਾ ਆਰੀਆ ਤੇ ਸਰਿਤਾ ਮਿੱਤਲ ਨੂੰ ਜਨਰਲ ਸਕੱਤਰ ਦਾ ਚਾਰਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਰੇਸ਼ਮੀ ਬਾਂਸਲ, ਸੁਖਦੀਪ ਕੌਰ, ਗੁਲਸ਼ਨ ਬਾਲਾ, ਰੀਟਾ ਬਾਵਾ ਨੂੰ ਸਕੱਤਰ ਤੇ ਮੇਘਾ ਗਰਗ ਨੂੰ ਕੈਸ਼ੀਅਰ ਦਾ ਅਹੁਦਾ ਸੌਂਪਿਆ ਗਿਆ। ਉਨ੍ਹਾਂ ਸਮੂਹ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਮੋਗਾ ਜ਼ਿਲ੍ਹੇ ਵਿੱਚ ਇਸਤਰੀ ਮੋਰਚੇ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਮਹਿਲਾ ਮੋਰਚੇ ਦੀ ਮਜ਼ਬੂਤੀ ਨੂੰ ਹੋਰ ਵਧਾਇਆ ਜਾ ਸਕੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਸੂਬਾ ਡੈਲੀਗੇਟ ਅਜਲਾਸ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਕਾ. ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਮੋਗਾ ਵਿਖੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਦੀ ਪ੍ਰਧਾਨਗੀ ਹੇਠ ਹੋਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੋਇਲ ਨੇ ਦੱਸਿਆ ਕਿ ਪੰਜਾਬ ਦੇ ਵੱਖ ਵੱਖ ਜ਼ਿਲ੍ਹਾ ਤੇ ਸੂਬਾ ਆਗੂਆਂ ਨੇ ਮੀਟਿੰਗ 'ਚ ਸ਼ਮੂਲੀਅਤ ਕੀਤੀ।ਮੀਟਿੰਗ ਦੇ ਸ਼ੁਰੂ 'ਚ ਪਿਛਲੇ ਸਮੇਂ ਵਿੱਚ ਵਿਛੜੇ ਸਾਥੀਆਂ ਨੂੰ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਵਿੱਚ ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਸਰਗਰਮੀਆਂ ਤੇ ਆ ਰਹੀਆਂ ਸਮੱਸਿਆਵਾਂ 'ਤੇ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ।ਸਵਾਲਾਂ ਦੇ ਜਵਾਬ ਤਸੱਲੀਬਖ਼ਸ਼ ਢੰਗ ਨਾਲ ਦਿੱਤੇ ਗਏ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਐੱਚ ਐੱਸ ਰਾਣੂ, ਸੂਬਾ ਸਰਪ੍ਰਸਤ ਸੁਰਜੀਤ ਸਿੰਘ, ਚੇਅਰਮੈਨ ਦਿਲਦਾਰ ਚਾਹਲ, ਐਡਵਾਈਜ਼ਰ ਜਸਵਿੰਦਰ ਸਿੰਘ ਆਦਿ ਆਗੂਆਂ ਨੇ ਜਥੇਬੰਦਕ ਭਾਈਚਾਰਕ ਸਾਂਝ ਬਾਰੇ ਬੋਲਦਿਆਂ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਦੇਸ਼ ਵਿੱਚ ਨਿੱਜੀਕਰਨ, ਉਦਾਰੀਕਰਨ ਤੇ ਨਿਗਮੀਕਰਨ ਦੀਆਂ ਨੀਤੀਆਂ ਲਾਗੂ ਕਰਨ ਕਰਕੇ ਹਰ ਵਰਗ ਬੇਹੱਦ ਦੁੱਖੀ ਹੈ।ਇਨ੍ਹਾਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਇੱਕ ਵੱਡੀ ਲੜਾਈ ਦੀ ਜ਼ਰੂਰਤ ਹੈ, ਸਿਹਤ ਵਿਭਾਗ ਦਾ ਨਿੱਜੀਕਰਨ ਸਾਡੀ ਕਾਨੂੰਨੀ ਮਾਨਤਾ ਦੇ ਰਾਹ 'ਚ ਵੱਡੀ ਰੁਕਾਵਟ ਹੈ।ਇਸ ਲਈ ਲੋਕ ਲਹਿਰਾਂ ਦਾ ਅੰਗ ਬਨਣਾ ਸਮੇਂ ਦੀ ਜ਼ਰੂਰਤ ਹੈ।ਮੀਟਿੰਗ ਦੌਰਾਨ ਆਗੂਆਂ ਨੇ ਸੂਬਾ ਪੱਧਰੀ ਸਰਗਰਮੀਆਂ ਬਾਰੇ ਬੋਲਦਿਆਂ ਕਿਹਾ ਕਿ ਸਾਡੀ ਜਥੇਬੰਦੀ ਨੇ ਪੰਜਾਬ ਪੱਧਰ 'ਤੇ ਚੱਲ ਰਹੇ ਸੰਘਰਸ਼ਾਂ ਵਿੱਚ ਆਪਣੇ ਹਿੱਸੇ ਦੇ ਰੋਲ ਜ਼ਿੰਮੇਵਾਰੀ ਨਾਲ ਨਿਭਾਏ ਹਨ, ਜਿਸ ਦੀ ਤਾਜ਼ਾ ਮਸਾਲ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਚੱਲੇ ਸੰਘਰਸ਼ ਵਿੱਚ ਪਾਏ ਯੋਗਦਾਨ ਤੋਂ ਮਿਲਦੀ ਹੈ।ਇਸ ਸਮੇਂ ਸੂਬਾ ਡੈਲੀਗੇਟ ਬਾਰੇ ਵਿਉਂਤਬੰਦੀ ਕਰਦਿਆਂ ਸਰਬਸੰਮਤੀ ਨਾਲ ਅਗਾਮੀ 21 ਅਗਸਤ ਨੂੰ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਮੋਗਾ ਵਿਖੇ ਸੂਬਾਈ ਅਜਲਾਸ ਕਰਨ ਦਾ ਫੈਸਲਾ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਵਿਰੋਧੀਆਂ ਦੇ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣਾ ਚਾਹੀਦਾ ਹੈ।ਸਾਥੀਆਂ ਨੂੰ 21 ਜੁਲਾਈ ਨੂੰ ਲੋਕ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਕਨਵੈਨਸ਼ਨ ਵਿੱਖੇ ਹਾਜ਼ਰੀ ਦੇਣ ਦੀ ਅਪੀਲ ਵੀ ਕੀਤੀ।

■ ਲੋਕ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਜਲੰਧਰ ਕਨਵੈਨਸ਼ਨ 'ਚ ਪਹੁੰਚਣ ਦਾ ਸੱਦਾ



ਇਸ ਸਮੇਂ ਸੂਬਾ ਮੀਤ ਪ੍ਰਧਾਨ ਅਵਤਾਰ ਸਿੰਘ ਬਟਾਲਾ ਤੇ ਸੀ ਆਰ ਸੰਕਰ ਫਾਜ਼ਿਲਕਾ, ਸਹਾਇਕ ਸਕੱਤਰ ਨਛੱਤਰ ਸਿੰਘ ਤਰਨਤਾਰਨ, ਸੂਬਾ ਆਗੂ ਰਾਕੇਸ਼ ਕੁਮਾਰ ਮਹਿਤਾ ਤੇ ਬਿਸ਼ਨ ਦਾਸ ਫਿਰੋਜ਼ਪੁਰ, ਚਮਕੌਰ ਸਿੰਘ ਲੁਧਿਆਣਾ, ਪਲਜਿੰਦਰ ਸਿੰਘ ਮੁਹਾਲੀ, ਸੱਤਪਾਲ ਰਿਸ਼ੀ ਜ਼ਿਲ੍ਹਾ ਪ੍ਰਧਾਨ ਮਾਨਸਾ, ਅਸ਼ੋਕ ਸਿੰਘ ਤੇ ਜਤਿੰਦਰ ਸ਼ਰਮਾ ਪਟਿਆਲਾ, ਚਮਕੌਰ ਸਿੰਘ ਜ਼ਿਲ੍ਹਾ ਆਗੂ ਲੁਧਿਆਣਾ, ਦਰਸ਼ਨ ਕੁਮਾਰ ਤੇ ਨਿਰਮਲ ਸਹੌਰ ਬਰਨਾਲਾ, ਹਰਬੰਸ ਲਾਲ ਬੰਗਾ ਤੇ ਗੁਰਦਾਵਰ ਰਾਮ ਹੁਸ਼ਿਆਰਪੁਰ, ਜਸਵੀਰ ਸਿੰਘ ਸਹਿਗਲ ਜ਼ਿਲ੍ਹਾ ਪ੍ਰਧਾਨ ਮੋਗਾ, ਜਗਤਾਰ ਸਿੰਘ ਫੂਲ ਜ਼ਿਲ੍ਹਾ ਪ੍ਰਧਾਨ ਬਠਿੰਡਾ, ਸੰਤੋਖ ਰਾਜ ਤੇ ਸਤਨਾਮ ਸਿੰਘ ਕੰਡੀਲਾ ਗੁਰਦਾਸਪੁਰ, ਅਰਵਿੰਦਰ ਸਿੰਘ ਕੁਹਾਲੀ ਜ਼ਿਲ੍ਹਾ ਪ੍ਰਧਾਨ ਅਮ੍ਰਿਤਸਰ, ਅਵਤਾਰ ਸਿੰਘ ਚੀਮਾ ਸੰਗਰੂਰ, ਮਨਜੀਤ ਸਿੰਘ ਫਤਿਹਗੜ੍ਹ ਸਾਹਿਬ ਆਦਿ ਆਗੂ ਹਾਜ਼ਰ ਸਨ।

# ਪੀ ਐੱਸ ਐੱਫ ਵੱਲੋਂ ਗੈਸਟ ਫੈਕਲਟੀ ਦੇ ਸੰਘਰਸ਼ ਦੀ ਹਮਾਇਤ

**ਪਟਿਆਲਾ (ਅਵਤਾਰ ਜਟਾਣਾ)**-ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ ਐੱਸ ਐੱਫ) ਨੇ ਯੂਨੀਵਰਸਿਟੀ ਵਿੱਚ ਚੱਲ ਰਹੇ ਹਾਲਾਤ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਵਿਦਿਆਰਥੀਆਂ, ਮੁਲਾਜ਼ਮਾਂ ਤੇ ਖ਼ਾਸ ਤੌਰ 'ਤੇ ਗੈਸਟ ਫੈਕਲਟੀ ਅਧਿਆਪਕਾਂ ਸਬੰਧੀ ਬਣੇ ਹਾਲਾਤਾਂ 'ਤੇ ਚਿੰਤਾ ਜ਼ਾਹਰ ਕੀਤੀ।ਪੰਜਾਬ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਕਨਵੀਨਰ ਗਗਨਦੀਪ, ਕੋ-ਕਨਵੀਨਰ ਹਰਜਿੰਦਰ ਕੌਰ ਗੋਲੀ ਤੇ ਸੂਬਾ ਆਗੂ ਰਵਿੰਦਰ ਲੋਹਗੜ੍ਹ ਨੇ ਗੈਸਟ ਫੈਕਲਟੀ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ ਹੈ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਗੈਸਟ ਫੈਕਲਟੀ ਅਧਿਆਪਕਾਂ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਆਦੇਸ਼ਾਂ ਤੇ ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਫ਼ੈਸਲਿਆਂ ਦੀ ਉਲੰਘਣਾ ਕਰਕੇ ਯੂਨੀਵਰਸਿਟੀ ਦਾ ਅਕਾਦਮਿਕ ਤੇ ਪ੍ਰਸ਼ਾਸਨਕ ਮਾਹੌਲ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਖ਼ੁਦ ਹੀ ਖ਼ਰਾਬ ਕੀਤਾ ਜਾ ਰਿਹਾ ਹੈ।ਪੀ ਐੱਸ ਐੱਫ ਨੇ ਕਿਹਾ ਕਿ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਦਾ ਲੰਮੇ ਸਮੇਂ ਲਈ ਹਾਜ਼ਰ ਨਾ ਰਹਿਣ ਕਰਕੇ ਅਕਾਦਮਿਕ ਤੇ ਪ੍ਰਸ਼ਾਸਨਕ ਫ਼ੈਸਲੇ ਨਹੀਂ ਹੋ ਰਹੇ, ਜਿਸ ਕਾਰਨ ਕਿੰਨੇ ਹੀ ਗੰਭੀਰ ਮੁੱਦਿਆਂ ਦਾ ਨਿਪਟਾਰਾ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਕਰਕੇ ਯੂਨੀਵਰਸਿਟੀ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਪਾ ਰਹੀ ਹੈ।ਵਿਦਿਆਰਥੀਆਂ ਮੁਲਾਜ਼ਮਾਂ ਤੇ ਅਧਿਆਪਕਾਂ ਦੇ ਹਿੱਤਾਂ ਲਈ ਤੇ ਯੂਨੀਵਰਸਿਟੀ ਦੇ ਭਵਿੱਖ ਲਈ ਤੁਰੰਤ ਮਸਲਿਆਂ ਦਾ ਹੱਲ ਕਰਨਾ ਬਣਦਾ ਹੈ।ਉਨ੍ਹਾਂ ਕਿਹਾ ਕਿ ਗੈਸਟ ਫੈਕਲਟੀ ਦੇ ਮਸਲੇ ਦਾ ਪੰਜਾਬ ਸਰਕਾਰ ਦੇ ਫ਼ੈਸਲਿਆਂ 'ਤੇ 'ਵਰਸਿਟੀ ਦੇ ਸਿੰਡੀਕੇਟ ਦੇ ਫ਼ੈਸਲਿਆਂ ਮੁਤਾਬਕ ਤੁਰੰਤ ਹੱਲ ਕੀਤਾ ਜਾਵੇ।

# ਵੈਕਟਰ ਬੌਰਨ ਤੇ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਟਾਸਕ ਫੋਰਸ ਦੀ ਅਹਿਮ ਮੀਟਿੰਗ

**ਨਵਾਂਸ਼ਹਿਰ, (ਮਨੋਜ ਲਾਡੀ)**—ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵੈਕਟਰ ਬੌਰਨ ਅਤੇ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਟਾਸਕ ਫੋਰਸ ਦੀ ਅਹਿਮ ਮੀਟਿੰਗ ਹੋਈ, ਜਿਸ ਵਿਚ ਸਿਹਤ ਵਿਭਾਗ ਤੋਂ ਇਲਾਵਾ ਨਗਰ ਕੌਂਸਲ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਸਿੱਖਿਆ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਸਮੇਤ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ। ਰਾਜੀਵ ਵਰਮਾ ਨੇ ਮੀਟਿੰਗ ਵਿਚ ਸਿਹਤ ਅਧਿਕਾਰੀਆਂ ਸਮੇਤ ਵੱਖ-ਵੱਖ ਵਿਭਾਗਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਡੇਂਗੂ ਨੂੰ ਸ਼ੁਰੂ ਵਿੱਚ ਹੀ ਕਾਬੂ ਵਿੱਚ ਰੱਖਣ ਲਈ ਸਮੇਂ ਸਿਰ ਰੋਕਥਾਮ 'ਤੇ ਜ਼ੋਰ ਦਿੱਤਾ ਜਾਵੇ, ਸਕੂਲਾਂ ਵਿਚ ਸਵੇਰ ਦੀ ਅਸੈਂਬਲੀ ਦੌਰਾਨ ਵਿਦਿਆਰਥੀਆਂ ਨੂੰ ਡੇਂਗੂ ਦੀ ਰੋਕਥਾਮ ਲਈ ਜਾਗਰੂਕ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵੈਕਟਰ ਬੌਰਨ ਅਤੇ ਵਾਟਰ ਬੌਰਨ ਬਿਮਾਰੀਆਂ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਵਿਭਾਗਾਂ ਨਾਲ ਸਾਂਝੀਆਂ ਟੀਮਾਂ ਦਾ ਗਠਨ ਕੀਤਾ ਜਾਵੇ। ਸ਼ਹਿਰੀ ਖੇਤਰ ਵਿੱਚ ਨਗਰ ਕੌਂਸਲ ਦਾ ਨੁਮਇੰਦਾਂ ਅਤੇ ਪਿੰਡਾਂ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਨੁਮਾਇੰਦਾ ਲਾਜਮੀ ਸ਼ਾਮਿਲ ਕੀਤਾ ਜਾਵੇ, ਇਸ ਦੇ ਨਾਲ ਹੀ ਟੀਮਾਂ ਦੇ ਵਿੱਚ ਨਰਸਿੰਗ ਵਿਦਿਆਰਥੀ ਅਤੇ ਲੋਕਲ ਐਨ.ਜੀ.ਓ., ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰ, ਵਿਲੇਜ ਹੈਲਥ ਸੈਨੀਟੇਸ਼ਨ ਕਮੇਟੀ ਦੇ ਮੈਂਬਰਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਵਰਤੋਂ ਕਰਨ ਲਈ ਜਾਗਰੂਕ ਕੀਤਾ ਜਾਵੇ ਅਤੇ ਪਾਣੀ ਉਬਾਲ ਕੇ ਪੀਣ, ਜਾਂ ਨਗਰ ਕੌਂਸਲਾਂ ਦੁਆਰਾ ਮੁਹੱਈਆ ਕਰਵਾਏ ਜਾਂਦੇ ਵਾਟਰ ਟੈਂਕਰਾਂ ਦੇ ਪਾਣੀ ਦੀ ਵਰਤੋਂ ਹੀ ਪੀਣ ਲਈ ਕੀਤੀ ਜਾਵੇ।ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸੀਵਰੇਜ ਅਤੇ ਨਾਲੀਆਂ ਦੀ ਸਫਾਈ ਸਮੇਂ-ਸਮੇਂ ਸਿਰ ਕਰਵਾਈ ਜਾਵੇ ਤਾਂ ਜੋ ਪਾਣੀ ਦੀ ਬਲੌਕੇਜ ਨਾ ਹੋ ਸਕੇ।ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਫੋਗਿੰਗ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇ। ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਘਰ-ਘਰ ਸਰਵੇ ਸਮੇਂ ਸਿਹਤ ਮਹਿਕਮੇ ਦੀਆਂ ਟੀਮਾਂ ਨੂੰ ਸਹਿਯੋਗ ਜ਼ਰੂਰ ਦੇਣ। ਉਨ੍ਹਾਂ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਹਰੇਕ ਹਫਤੇ ਕੂਲਰਾਂ, ਫਰਿੱਜਾਂ ਦੀਆਂ ਟਰੇਆਂ ਵਿਚੋਂ ਪਾਣੀ ਕੱਢਣ ਉਪਰੰਤ ਸੁੱਕਾ ਕੇ ਵਰਤੋਂ ਵਿਚ ਲਿਆਉਣ ਤੇ ਗਮਲਿਆਂ ਸਮੇਤ ਪੁਰਾਣੇ ਪਏ ਕਬਾੜ, ਟਾਇਰ ਆਦਿ ਅਤੇ ਆਪਣੇ ਘਰਾਂ ਦੇ ਆਲੇ-ਦੁਆਲੇ ਪਾਣੀ ਇਕੱਤਰ ਨਾ ਹੋਣ ਦੇਣ ਤਾਂ ਜੋ ਡੇਂਗੂ ਦਾ ਮੱਛਰ ਨਾ ਪਣਪ ਸਕੇ। ਉਨ੍ਹਾਂ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਡੇਂਗੂ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ, ਜਿਸ ਤੋਂ ਬਚਾਅ ਲਈ ਸਾਵਧਾਨੀਆਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪੂਰਾ ਸਰੀਰ ਢੱਕਿਆ ਹੋਵੇ ਤਾਂ ਜੋ ਮੱਛਰ ਨਾ ਕੱਟ ਸਕੇ।ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਬੇਦਾ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ, ਹੈਲਥ ਇੰਸਪੈਕਟਰ ਰਾਜੀਵ ਕੁਮਾਰ ਸ਼ਰਮਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਖਨੂੰਰ ਵਿਖੇ ਪੀਰ ਬਾਬਾ ਬੁੱਢਣ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਕਰਵਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਖਨੂਰ (ਜੱਲੋਵਾਲ) ਵਿਖੇ ਦਰਬਾਰ ਪੀਰ ਬਾਬਾ ਬੁੱਢਣ ਸ਼ਾਹ ਦੇ ਅਸਥਾਨ 'ਤੇ ਵੈਲਫੇਅਰ ਕਮੇਟੀ ਵੱਲੋਂ ਪੀਰ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਕਰਵਾਇਆ ਗਿਆ। ਮੇਲੇ ਸਰਪ੍ਰਸਤ ਅਤੇ ਪ੍ਰਧਾਨ ਚਰਨਜੀਤ ਸਿੰਘ ਏਐਸਆਈ, ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਨੇ ਦੱਸਿਆ ਕਿ ਚਾਦਰ, ਚਿਰਾਗ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ। ਸਾਈਂ ਲਾਡੀ ਸ਼ਾਹ ਮਰੂਲਾ, ਸਾਈ ਸੁੱਖਾ ਸੰਘਾ ਪੱਟੀ, ਬਾਬਾ ਰਾਜੂ ਸ਼ਾਹ ਸ਼ੇਰਗੜ੍ਹ, ਬਾਬਾ ਸਤਨਾਮ ਸਿੰਘ ਅਜਨੋਹਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਫੱਕਰ ਫਕੀਰਾ ਨੇ ਪੁੱਜ ਕੇ ਦਰਬਾਰ ਦੀ ਹਾਜ਼ਰੀ ਭਰੀ। ਬਲਰਾਜ ਇੰਟਰਨੈਸ਼ਨਲ ਕਲਾਕਾਰ, ਕੁਲਵਿੰਦਰ ਕਿੰਦਾ ਇੰਟਰਨੈਸ਼ਨਲ ਸੂਫੀ ਗਾਇਕ, ਨਵ ਦੋਲੋਵਾਲੀਆ ਇੰਟਰਨੈਸ਼ਨਲ ਕਲਾਕਾਰ, ਸੰਨੀ ਸਹਿਗਲ ਮਾਹਿਲਪੁਰ, ਸੋਹਣ ਸ਼ੰਕਰ, ਕੇ ਐਸ ਸੰਧੂ ਚੱਬੇਵਾਲ, ਬਲਵਿੰਦਰ ਸੋਨੰ, ਲਵਲੀ ਨਕਾਲ ਪਾਰਟੀ ਨਵਾਂ ਸ਼ਹਿਰ, ਇਮਰਾਨ ਕਾਦਰੀ ਆਦਿ ਨੇ ਪੀਰਾਂ ਦੀ ਮਹਿਫਿਲ ਸਜਾਈ। ਮੁੱਖ ਮਹਿਮਾਨ ਮੁਨੀਸ਼ ਗੁਪਤਾ ਬਿੱਲਾ ਭੱਠੇ ਵਾਲਾ, ਸੰਦੀਪ ਗੁਪਤਾ ਬਿੱਲਾ ਭੱਠੇ ਵਾਲਾ, ਥਾਣੇਦਾਰ ਤਰਸੇਮ ਸਿੰਘ, ਐਚ ਸੀ ਦਿਲਬਾਗ ਸਿੰਘ, ਠੇਕੇਦਾਰ ਕੁਲਦੀਪ ਸਿੰਘ ਹੁਸ਼ਿਆਰਪੁਰ, ਦੀਦਾਰ ਸਿੰਘ ਅਮਰੀਕਾ, ਬਲਕਾਰ ਸਿੰਘ ਤੰਬੜ ਅਮਰੀਕਾ, ਜੋਗਰਾਜ ਸਿੰਘ ਹੁਸ਼ਿਆਰਪੁਰ, ਵਿਜੈ ਕੁਮਾਰ ਹੁਸ਼ਿਆਰਪੁਰ, ਸੰਜੀਵ ਕੁਮਾਰ ਠਾਕਰ ਹੁਸ਼ਿਆਰਪੁਰ, ਠੇਕੇਦਾਰ ਨਿਤਿਸ਼ ਠਾਕੁਰ ਮੰਗੂਵਾਲ, ਰਵੀ ਕੁਮਾਰ ਬਲਾਕ ਸੰਮਤੀ ਆਦਮਵਾਲ, ਜੀਵਨ ਰੇਜ਼ਰ ਅਫਸਰ ਹੁਸ਼ਿਆਰਪੁਰ, ਵਿਸ਼ਾਲ ਹੁਸ਼ਿਆਰਪੁਰ, ਲੱਕੀ ਠਾਕੁਰ ਮੰਗੂਵਾਲ, ਰਾਜੂ ਹੁਸ਼ਿਆਰਪੁਰ, ਮਨਦੀਪ ਹੁਸ਼ਿਆਰਪੁਰ, ਪ੍ਰਿੰਸੀਪਲ ਸਤਨਾਮ ਸਿੰਘ ਖਨੂਰ, ਅਸ਼ੋਕ ਕੁਮਾਰ, ਹਰਪ੍ਰੀਤ ਸਾਬੀ, ਨੰਬਰਦਾਰ ਸੋਢੀ ਰਾਮ ਖਜਾਨਚੀ , ਸੇਵਾਦਾਰ ਸੇਵਾ ਸਿੰਘ, ਸਰਪੰਚ ਸੁਖਜੀਤ ਕੌਰ, ਰਾਮ ਸਿੰਘ ਸਾਬਕਾ ਸਰਪੰਚ,ਮਿੱਟੂ ਚੱਬੇਵਾਲ, ਕੁਲਵੰਤ ਸਿੰਘ ਸੈਣੀ ਜੱਲੋਵਾਲ, ਅਮਿਤ ਸੈਣੀ, ਹਨੀ, ਜੱਸੀ, ਜਸਪ੍ਰੀਤ, ਰੋਮੀ, ਨੋਨੀ, ਘੁੱਲਾ, ਮਨੀ, ਸਾਬੀ, ਚੰਦਨ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸ਼ੀਅਤਾਂ ਪੁੱਜ ਕੇ ਹਾਜ਼ਰੀ ਭਰੀ। ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਹਿੱਟ-ਐਂਡ-ਰਨ ਦੁਰਘਟਨਾ ਦੇ ਪੀੜਤਾਂ ਨੂੰ ਮਿਲੇਗੀ ਕੈਸ਼ਲੈੱਸ ਉਪਚਾਰ ਦੀ ਸਹੂਲਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਵਿਚ ਸੜਕ ਦੁਰਘਟਨਾਵਾਂ ਵਿਚ ਪੀੜਤ ਵਿਅਕਤੀ ਨੂੰ ਸਹਾਇਤਾ ਪਹੁੰਚਾਉਣ ਦੇ ਉਦੇਸ਼ ਨਾਲ ਹੁਣ ਰਾਜ ਵਿਚ ਕੇਂਦਰ ਸਰਕਾਰ ਦੀ ਤਰਜ 'ਤੇ ਨਵੀਂ ਯੋਜਨਾ ਸ਼ੁਰੂ ਕੀਤੀ ਗਈ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਇਸ ਯੋਜਨਾ ਤਹਿਤ ਹਿੱਟ-ਐਂਡ-ਰਨ ਦੇ ਦੁਰਘਟਨਾ ਦੇ ਮਾਮਲਿਆਂ ਵਿਚ ਪੀੜਤਾਂ ਨੂੰ ਕੈਸ਼ਲੇਸ ਉਪਚਾਰ ਦੀ ਸਹੂਲਤ ਦੇ ਨਾਲ-ਨਾਲ ਮੁਆਵਜਾ ਪ੍ਰਦਾਨ ਕੀਤਾ ਜਾਵੇਗਾ। ਨਾਲ ਹੀ, ਮੁਆਵਜੇ ਦੇ ਬਿਨੈ ਅਤੇ ਪੀੜਤਾਂ ਨੂੰ ਭੁਗਤਾਨ ਦੀ ਪ੍ਰਕ੍ਰਿਆ ਦੀ ਸਮੇਂ-ਸੀਮਾ ਵੀ ਤੈਅ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਇਸ ਸਕੀਮ ਤਹਿਤ ਬੀਮਾਕ੍ਰਿਤ ਅਤੇ ਬੀਮਾ ਰਹਿਤ ਵਾਹਨਾਂ ਅਤੇ ਹਿੱਟ-ਐਂਡ ਰਨ ਦੁਰਘਟਨਾਵਾਂ ਦੇ ਪੀੜਤਾਂ ਨੂੰ ਕੈਸ਼ਲੈਸ ਉਪਚਾਰ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਇਸ ਖਰਚ ਦਾ ਭੂਗਤਾਨ ਹਰਿਆਣਾ ਰੋਡ ਸੇਫਟੀ ਫੰਡ ਤੋਂ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਇਸ ਸਕੀਮ ਨੂੰ ਜਿਲ੍ਹਾ ਪੱਧਰ 'ਤੇ ਸਹੀ ਰੂਪ ਨਾਲ ਲਾਗੂ ਕਰਨ ਲਈ ਇਕ ਜ਼ਿਲ੍ਹਾ ਪੱਧਰੀ ਕਮੇਟੀ ਦਾ ਵੀ ਗਠਨ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਜਾਂਚ ਅਧਿਕਾਰੀ ਰਿਪੋਰਟ ਪੇਸ਼ ਕਰਨ ਦੇ 15 ਦਿਨ ਦੇ ਅੰਦਰ ਮੁਆਵਜਾ ਦੇ ਭੁਗਤਾਨ ਦਾ ਆਦੇਸ਼ ਜਾਰੀ ਕਰ ਦਿੱਤਾ ਜਾਵੇਗਾ। ਇਸ ਦੇ ਬਾਅਦ 15 ਦਿਨ ਦੇ ਅੰਦਰ ਮੁਆਵਜੇ ਦਾ ਭੁਗਤਾਨ ਵੀ ਕਰ ਦਿੱਤਾ ਜਾਵੇਗਾ।

# ਇਨਸਾਨ ਦਾ ਸਤਿਗੁਰੂ ਬਿਨਾਂ ਕੋਈ ਵੀ ਸਾਥ ਨਹੀਂ ਦਿੰਦਾ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**\ਜੇਠੇ ਵੀਰਵਾਰ ਨੂੰ ਸਾਬਿਰ ਪਾਕ ਸੱਚੀ ਦਰਗਾਹ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਨਿਹਾਲ ਕਰਦੇ ਹੋਏ ਕਿਹਾ ਕਿ ਦੁਨੀਆਂ ਵਿੱਚ ਕੋਈ ਵੀ ਇਨਸਾਨ ਕਿਸੇ ਦਾ ਵੀ ਸਾਥ ਨਹੀਂ ਦਿੰਦਾ ਅਤੇ ਬਿਨਾਂ ਕਿਸੇ ਮਤਲਬ ਦੇ ਉਹ ਤੁਹਾਡੇ ਕੋਲ ਬੈਠਣਾ ਵੀ ਮੁਨਾਸਿਬ ਨਹੀਂ ਸਮਝਦਾ, ਇਥੋਂ ਤੱਕ ਕਿ ਸਮਾਂ ਆਉਣ 'ਤੇ ਉਹ ਇਨਸਾਨ ਤੁਹਾਡੀ ਪਰਛਾਈ ਤੋਂ ਵੀ ਦੂਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਬੁਰੇ ਚੰਗੇ ਹਰ ਸਮੇਂ ਵਿੱਚ ਜੇਕਰ ਤੁਹਾਡਾ ਕੋਈ ਸਾਥ ਦਿੰਦਾ ਹੈ ਤਾਂ ਉਹ ਹੈ ਨਾਮ ਸਿਮਰਨ ਦੀ ਦਾਤ ਬਖਸ਼ਿਸ਼ ਕਰਨ ਵਾਲਾ ਤੁਹਾਡਾ ਸਤਿਗੁਰੂ। ਉਨ੍ਹਾਂ ਕਿਹਾ ਕਿ ਪ੍ਰਭੂ ਹਰ ਇਨਸਾਨ ਦੇ ਸ਼ਰੀਰ ਅੰਦਰ ਸਮਾਇਆ ਹੋਇਆ ਹੈ ਬਸ ਨਾਮ ਸਿਮਰਨ ਰਾਹੀਂ ਭਗਤੀ ਕਰਕੇ ਉਸਨੂੰ ਹਾਸਲ ਕਰਨ ਦੀ ਲੋੜ ਹੈ ਫਿਰ ਉਹ ਹਮੇਸ਼ਾ ਲਈ ਸਾਡਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਨਾਮ ਸਿਮਰਨ ਹੀ ਇੱਕ ਅਜਿਹਾ ਜਰੀਆ ਹੈ ਜਿਸ ਨਾਲ ਦੁਨੀਆਂ ਦੇ ਇਸ ਆਵਾਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕਦਾ ਹੈ।ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ ਮੀਰ ਹਸਨ, ਦੇਵੀਕਾ, ਰਾਜੇਸ਼ ਜਸਰਾ, ਬਿਕਰਮਜੀਤ ਸਿੰਘ, ਹਰਜਿੰਦਰ ਸਿੰਘ, ਸੁਖਦੇਵ ਕੌਰ, ਮਲਕੀਤ ਕੌਰ ਅਤੇ ਹੋਰ ਹਾਜ਼ਰ ਸੰਗਤ ਹਾਜਰ ਸੀ।

## ਮੋਟਰਸਾਈਕਲ ਕਿੱਕਰ 'ਚ ਵੱਜਣ ਕਾਰਨ ਦੋ ਨੌਜਵਾਨ ਜ਼ਖ਼ਮੀ

**ਭੁਲੱਥ, (ਮਨਪ੍ਰੀਤ ਸਿੰਘ)**-ਪਿੰਡ ਭਟਨੂਰਾ ਕਲਾਂ ਵਿਖੇ ਬੀਤੀ ਰਾਤ ਪੋਲਟਰੀ ਫਾਰਮ ਨਜ਼ਦੀਕ ਸੰਦੀਪ ਸੈਨੀ ਪਿੰਡ ਬੁੱਟਰਾਂ ਹਾਲ ਵਾਸੀ ਭਟਨੂਰਾ ਖੁਰਦ ਤੇ ਉਸਦਾ ਸਾਥੀ ਭਟਨੂਰਾ ਕਲਾਂ ਤੋਂ ਭੋਗਪੁਰ ਵੱਲ ਜਾ ਰਹੇ ਸਨ ਕਿ ਜਦ ਉਹ ਭਟਨੂਰਾ ਕਲਾਂ ਦੇ ਛੱਪੜ ਤੋਂ ਥੋੜ੍ਹਾ ਅੱਗੇ ਗਏ ਤਾਂ ਉਹਨਾਂ ਦੇ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਕਰਕੇ ਸੜਕ ਕਿਨਾਰੇ ਲੱਗਾ ਕਿੱਕਰ ਦੇ ਦਰਖ਼ਤ ਵਿਚ ਵੱਜਾ ਤੇ ਦੋਨਾਂ ਦੇ ਕਾਫੀ ਸੱਟਾਂ ਲੱਗੀਆਂ ।ਮੌਕੇ 'ਤੇ ਐਂਬੂਲੈਂਸ ਨੂੰ ਫੋਨ ਕੀਤਾ ਤੇ ਨੇੜੇ ਦੇ ਹਸਪਤਾਲ ਪਹੁੰਚਾਇਆ । ਪੁਲਸ ਘਟਨਾ ਦੀ ਜਾਂਚ ਕਰ ਰਹੀ ਹੈ।

## ਮੁੱਖ ਮੰਤਰੀ ਵਿੰਡੋ ਦੀ ਕੀਤੀ ਸਥਾਪਨਾ

**ਨਵਾਂਸ਼ਹਿਰ, (ਮਨੋਜ ਲਾਡੀ)**-ਮੁੱਖ ਮੰਤਰੀ ਪੰਜਾਬ



ਭਗਵੰਤ ਸਿੰਘ ਮਾਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਮੁੱਖ ਮੰਤਰੀ ਵਿੰਡੋ ਦੀ ਸਥਾਪਨਾ ਕੀਤੀ ਗਈ ਹੈ। ਇਸ ਪਹਿਲਕਦਮੀ ਦਾ ਉਦੇਸ਼ ਜਨਤਕ ਸ਼ਿਕਾਇਤਾਂ ਨੂੰ ਕੁਸ਼ਲਤਾ ਨਾਲ ਪ੍ਰਾਪਤ ਕਰਨ ਅਤੇ ਹੱਲ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਆਪਣੇ ਦਫ਼ਤਰ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਮੌਕੇ ਕੀਤਾ। ਉਨ੍ਹਾਂ ਮਿਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਰੰਧਾਵਾ ਨੇ ਦੱਸਿਆ ਕਿ ਸੀ.ਐਮ. ਵਿੰਡੋ ਰਾਹੀਂ ਪ੍ਰਾਪਤ ਹੋਏ ਮੁੱਦਿਆਂ ਨੂੰ ਤੁਰੰਤ ਹੱਲ ਕੀਤਾ ਜਾ ਰਿਹਾ ਹੈ ਅਤੇ ਸਟਾਫ ਮੈਂਬਰ ਤਨਦੇਹੀ ਨਾਲ ਲੋੜੀਂਦੀ ਜਾਣਕਾਰੀ ਦੇ ਨਾਲ ਪੋਰਟਲ ਨੂੰ ਅਪਡੇਟ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਲਈ ਸੁਚਾਰੂ ਅਤੇ ਪ੍ਰਭਾਵੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਬੈਠਣ ਦੇ ਢੁੱਕਵੇਂ ਪ੍ਰਬੰਧ, ਪਾਣੀ ਦੀ ਸਹੂਲਤ, ਇੱਕ ਟੋਕਨ ਸਿਸਟਮ ਅਤੇ ਕੰਪਿਊਟਰਾਂ ਦੀ ਸਥਾਪਨਾ ਲਈ ਵੀ ਪ੍ਰਬੰਧ ਕੀਤੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਹਫ਼ਤੇ ਵਿੱਚ ਦੋ ਵਾਰ ਫੀਲਡ ਦਾ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹਨ ਅਤੇ ਮੌਕੇ 'ਤੇ ਹੀ ਕਈ ਮਸਲੇ ਹੱਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਹ ਹਰ ਵੀਰਵਾਰ ਸਵੇਰੇ 9 ਵਜੇ ਤੋਂ ਦੁਪਹਿਰ 1:30 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨਵਾਂਸ਼ਹਿਰ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਹਨ ਅਤੇ ਉਸ ਅਨੁਸਾਰ ਬਣਦੀ ਕਾਰਵਾਈ ਕਰਦੇ ਹਨ।

## 26 ਤੱਕ ਲਈਆਂ ਜਾਣਗੀਆਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਅਰਜ਼ੀਆਂ

**ਜਲੰਧਰ,: ( ਸ਼ੈਲੀ ਐਲਬਰਟ)** ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ 11 ਮਹੀਨਿਆਂ ਲਈ ਠੇਕੇ ਦੇ ਆਧਾਰ 'ਤੇ ਐਜੂਕੇਸ਼ਨ ਇੰਸਟਰਕਟਰ, ਫਿਜ਼ੀਕਲ ਟ੍ਰੇਨਿੰਗ ਇੰਸਟਰਕਟਰ ਅਤੇ ਪਾਰਟ ਟਾਈਮ ਕਲਰਕ ਦੀ ਇਕ-ਇਕ ਅਸਾਮੀ 'ਤੇ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਐਜੂਕੇਸ਼ਨ ਇੰਸਟਰਕਟਰ ਦੀ ਇਕ ਅਸਾਮੀ ਲਈ ਉਮੀਦਵਾਰ ਦੀ ਯੋਗਤਾ ਸੇਵਾਮੁਕਤ ਜੇ.ਸੀ.ਓ./ਹਵਲਦਾਰ (ਏ.ਈ.ਸੀ.) ਜਾਂ ਸਾਬਕਾ ਸੈਨਿਕਾਂ ਦੇ ਆਸ਼ਰਿਤ ਸਾਇੰਸ ਤੇ ਹਿਸਾਬ ਵਿਸ਼ੇ ਨਾਲ ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਫਿਜ਼ੀਕਲ ਟ੍ਰੇਨਿੰਗ ਇੰਸਟਰਕਟਰ (ਪੀ.ਟੀ.ਆਈ.) ਦੀ ਇਕ ਅਸਾਮੀ ਲਈ ਉਮੀਦਵਾਰ ਦੀ ਯੋਗਤਾ ਸਾਬਕਾ ਸੈਨਿਕ ਸਮੇਤ ਲਾਂਗ ਪੀ.ਟੀ.ਆਈ. ਕੁਆਲੀਫਾਈਡ ਕੋਰਸ (ਮੈਡ ਕੈਟ ਸ਼ੇਪ-ਵਨ) ਅਤੇ ਪਾਰਟ ਟਾਈਮ ਕਲਰਕ ਦੀ ਅਸਾਮੀ ਲਈ ਉਮੀਦਵਾਰ ਸਾਬਕਾ ਸੈਨਿਕ ਕਲਰਕ/ਜੀ.ਡੀ. (ਐਸ.ਡੀ.) ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਐਜੂਕੇਸ਼ਨ ਇੰਸਟਰਕਟਰ ਨੂੰ ਪ੍ਰਤੀ ਮਹੀਨਾ 12000 ਰੁਪਏ ਤਨਖਾਹ ਦਿੱਤੀ ਜਾਵੇਗੀ। ਇਸੇ ਤਰ੍ਹਾਂ ਫਿਜ਼ੀਕਲ ਟ੍ਰੇਨਿੰਗ ਇੰਸਟਰਕਟਰ ਨੂੰ ਵੀ ਪ੍ਰਤੀ ਮਹੀਨਾ 12000 ਰੁਪਏ ਅਤੇ ਪਾਰਟ ਟਾਈਮ ਕਲਰਕ ਨੂੰ 8500 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ।ਬੁਲਾਰੇ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਪਣੇ ਦਸਤਾਵੇਜ਼ ਅਤੇ ਬਾਇਓ ਡਾਟਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਸ਼ਾਸਤਰੀ ਮਾਰਕੀਟ ਵਿਖੇ 26 ਜੁਲਾਈ 2024 ਸ਼ਾਮ 5 ਵਜੇ ਤੱਕ ਜਮ੍ਹਾ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਤਰਜੀਹ ਦਿੱਤੀ ਜਾਵੇਗੀ।

## ਸੀ ਸੀ ਟੀ ਵੀ ਕੈਮਰਿਆਂ ਨੂੰ ਚਾਲੂ ਰੱਖਿਆ ਜਾਵੇ : ਐੱਸ ਪੀ

**ਫਗਵਾੜਾ (ਡਾ. ਰਮਨ )**—ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਉਹਨਾਂ ਵੱਲੋਂ ਸਮੇਤ ਦਲਜੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਵੱਲੋਂ ਸ਼ਹਿਰ ਫਗਵਾੜਾ ਵਿੱਚ ਪੈਂਦੇ ਵਿੱਤੀ ਸਰਕਾਰੀ/ਪ੍ਰਾਈਵੇਟ ਅਦਾਰਿਆਂ (ਬੈਂਕਾਂ, ਪੈਟਰੋਲ ਪੰਪ, ਮਨੀਚੇਂਜਰ, ਵੈਸਟਰਨ ਯੂਨੀਅਨ, ਫਾਇਨਾਂਸਰਾਂ) ਦੇ ਮੈਨੇਜਰਾਂ/ਮਾਲਕਾਂ ਨਾਲ ਅੱਜ-ਕੱਲ੍ਹ ਦੇ ਹਾਲਾਤਾਂ ਦੇ ਮੱਦੇਨਜਰ ਕਾਨਫਰੰਸ ਹਾਲ ਮਿਊਂਸੀਪਲ ਕਾਰਪੋਰੇਸ਼ਨ ਦਫਤਰ ਫਗਵਾੜਾ ਵਿਖੇ ਮੀਟਿੰਗ ਕੀਤੀ ਗਈ। ਉਨ੍ਹਾਂ ਸਰਿਆਂ ਨੂੰ ਕਿਹਾ ਕਿ ਸੀ.ਸੀ.ਟੀ.ਵੀ. ਕੈਮਰੇ ਅਤੇ ਐਮਰਜੈਂਸੀ ਸਾਇਰਨ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਬੈਂਕਾਂ ਅਤੇ ਏ.ਟੀ.ਐਮ. ਵਿੱਚ ਅਸਲੇ ਵਾਲੇ ਸਕਿਓਰਟੀ ਗਾਰਡ ਲਗਾਏ ਜਾਣ। ਇਸ ਦੇ ਇਲਾਵਾ ਉਹ ਆਪਣੇ ਪਾਸ ਜਰੂਰਤ ਅਨੁਸਾਰ ਹੀ ਕੈਸ਼ ਰੱਖਣ, ਗਤੀਵਿਧੀਆਂ ਸਾਹਮਣੇ ਆਉਂਦੀਆਂ ਹਨ ਤਾਂ ਉਹ ਸਬੰਧਿਤ ਥਾਣਾ ਜਾਂ ਪੁਲਸ ਕੰਟਰੋਲ ਰੂਮ ਫਗਵਾੜਾ ਤੇ ਤੁਰੰਤ ਸੂਚਿਤ ਕਰਨ। ਇਸ ਦੇ ਇਲਾਵਾ ਬੈਂਕ ਮੈਨੇਜਰ ਨੂੰ ਹਦਾਇਤ ਕੀਤੀ ਗਈ ਕਿ ਆਨ ਲਾਈਨ ਲੋਕਾਂ ਨਾਲ ਕਾਫੀ ਠੱਗੀ (ਸਾਈਬਰ ਕਰਾਇਮ) ਦੇ ਮਾਮਲੇ ਵਧਦੇ ਜਾ ਰਹੇ ਹਨ, ਜਿਸ ਨਾਲ ਆਮ ਪਬਲਿਕ ਨੂੰ ਕਾਫੀ ਵਿੱਤੀ ਨੁਕਸਾਨ ਹੋ ਰਿਹਾ ਹੈ, ਇਸ ਲਈ ਸਮੂਹ ਬੈਂਕ ਮੈਨੇਜਰ ਉਹਨਾਂ ਠੱਗੀ/ਸਾਈਬਰ ਕਰਾਇਮ ਦਾ ਸ਼ਿਕਾਰ ਹੋਏ ਲੋਕਾਂ ਨਾਲ ਹਲੀਮੀ ਨਾਲ ਪੇਸ਼ ਹੁੰਦੇ ਹੋਏ ਉਹਨਾਂ ਦੀ ਮੁਸ਼ਕਿਲ ਹੱਲ ਕਰਾਉਣ ਵਿੱਚ ਮੱਦਦ ਕਰਨ।

# ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਨਵੀਨਤਮ ਤਕਨੀਕਾਂ ਨੂੰ ਅਪਣਾਇਆ ਜਾਵੇ : ਡਿਪਟੀ ਕਮਿਸ਼ਨਰ

**ਜਲੰਧਰ, (ਸੁਰਿੰਦਰ ਕੁਮਾਰ)**-ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਸੂਬੇ ਦੇ ਆਰਥਿਕ ਤੇ ਸਮਾਜਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਖੇਤੀਬਾੜੀ ਖੇਤਰ ਲਈ ਨਵੀਆਂ ਤਕਨੀਕਾਂ ਨੂੰ ਅਪਣਾਇਆ ਜਾਵੇ। ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਇੱਥੇ ਪ੍ਰਿੰਸੀਪਲ ਪ੍ਰੇਮ ਕੁਮਾਰ ਵਾਇਸ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਲ ਮਾਨਸੂਨ ਦੌਰਾਨ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਲਗਾਏ ਗਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਪ੍ਰਦਰਸ਼ਨੀ ਨੂੰ ਸੰਬੋਧਨ ਕਰਦਿਆਂ ਡਾ. ਅਗਰਵਾਲ ਵਲੋਂ ਸੂਬੇ ਦੀ ਆਰਥਿਕਤਾ ਅਤੇ ਦੇਸ਼ ਦੇ ਅੰਨ ਭੰਡਾਰ ਵਿੱਚ ਕਿਸਾਨਾਂ ਵਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਡਾ.ਅਗਰਵਾਲ ਵਲੋਂ ਨਵੀਨਤਮ ਤਕਨੀਕਾਂ ਦੀ ਵਰਤੋਂ ਕਰਕੇ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਦੀ ਮਹੱਤਤਾ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦੁਆਇਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਵੀਆਂ ਪਹਿਲ ਕਦਮੀਆਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਅਤਿ ਆਧੁਨਿਕ ਖੇਤੀ ਮਸ਼ੀਨਰੀ, ਬੀਜ , ਤਕਨਾਲੌਜੀ, ਮੌਸਮ ਦੀ ਭਵਿੱਖਬਾਣੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਲਈ ਸਬਸਿਡੀ ਪਹਿਲਾਂ ਹੀ ਦਿੱਤੀ ਜਾ ਰਹੀ ਹੈ ।ਉਨ੍ਹਾਂ ਵਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਤੁਰੰਤ ਫ਼ਸਲੀ ਵਿਭਿੰਨਤਾ ਨੂੰ ਅਪਣਾਉਣ ਅਤੇ ਵਾਤਾਵਰਣ ਦੀ ਸੰਭਾਲ ਲਈ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ। ਉਨ੍ਹਾਂ ਵਲੋਂ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੀ ਸੰਭਾਲ ਲਈ ਪੰਚਾਇਤਾਂ ਅਤੇ ਵਿਅਕਤੀਗਤ ਕਿਸਾਨਾਂ ਲਈ 'ਵਾਤਾਵਰਣ ਦੇ ਰਾਖੇ' ਐਵਾਰਡ ਦਾ ਵੀ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਵਾਲੀਆਂ ਪੰਚਾਇਤਾਂ ਨੂੰ ਵਿਕਾਸ ਕੰਮ ਲਈ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਵਧੀਆ ਕਾਰਗੁਜਾਰੀ ਵਾਲੇ ਕਿਸਾਨਾਂ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਜਾਵੇਗਾ। ਡਾ.ਅਗਰਵਾਲ ਵਲੋਂ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਸੰਭਾਲ ਲਈ ਲੋੜ ਅਨੁਸਾਰ ਮਸ਼ੀਨਰੀ ਦੀ ਉਪਲਬੱਧਤਾ ਬਾਰੇ ਜਾਣੂੰ ਕਰਵਾਉਂਦਿਆਂ ਕਿਸਾਨਾਂ ਨੂੰ ਇਸ ਨੇਕ ਕਾਰਜ ਵਿੱਚ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਇਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਵਲੋਂ ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਫਸਲਾਂ ਦੀ ਸੁਚੱਜੀ ਸੰਭਾਲ ਅਤੇ ਵਾਤਾਵਰਣ ਦੀ ਸੁਰੱਖਿਆ ਪ੍ਰੇਰਿਤ ਕਰਨ ਅਤੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਇਹ ਕੈਂਪ ਲਗਾਉਣ ਲਈ ਭਰਪੂਰ ਸ਼ਲਾਘਾ ਕੀਤੀ ਗਈ। ਉਨ੍ਹਾਂ ਵਲੋਂ ਬਲਾਕ ਵਿੱਚ ਅਜਿਹੇ ਹੋਰ ਕੈਂਪ ਲਗਾਉਣ ਦਾ ਵੀ ਐਲਾਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਖੇਤੀਬਾੜੀ ਉਤਪਾਦਾਂ ਅਤੇ ਨਵੀਆਂ ਤਕਨੀਕਾਂ ਨੂੰ ਪ੍ਰਦਰਸ਼ਿਤ ਕਰਦੀ ਪ੍ਰਦਰਸ਼ਨੀ ਦਾ ਦੌਰਾ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਜੁਆਇੰਟ ਡਾਇਰੈਕਟਰ ਖੇਤੀਬਾੜੀ ਨਰਿੰਦਰਪਾਲ ਸਿੰਘ ਬੈਨੀਪਾਲ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵੰਤ ਰਾਏ ਵਲੋਂ ਡਾ. ਹਿਮਾਂਸ਼ੂ ਅਗਰਵਾਲ ਦਾ ਕੈਂਪ ਵਿੱਚ ਆਉਣ 'ਤੇ ਸਵਾਗਤ ਕੀਤਾ ਗਿਆ।



# ਸੇਵਾਦਾਰਾਂ 'ਤੇ ਹਮਲਾ ਕਰਨ ਵਾਲਿਆਂ ਵਿਰੁੱਧ ਪੁਲਸ ਸਖ਼ਤ ਕਾਰਵਾਈ ਕਰੇ : ਭਾਈ ਚਾਵਲਾ



**ਸ੍ਰੀ ਅਨੰਦਪੁਰ ਸਾਹਿਬ.(ਅਰਵਿੰਦਰ ਸਿੰਘ ਬਿੰਦੀ)**-ਪਿਛਲੇ ਦਿਨੀਂ ਤਖ਼ਤ ਸ੍ਰੀ ਕੇਸਗੜ੍ਹ ਦੇ ਲੰਗਰ ਹਾਲ ਵਿਚ ਸੇਵਾ ਕਰ ਰਹੇ ਸੇਵਾਦਾਰਾਂ 'ਤੇ ਨਿਹੰਗ ਬਾਣੇ ਵਿਚ ਆਏ ਲੋਕਾਂ ਨੇ ਕਿਰਪਾਨਾਂ ਨਾਲ ਕੀਤੇ ਗਏ ਹਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਨੂੰ ਅਜਿਹੇ ਢੌਂਗੀ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ । ਸਿਵਲ ਹਸਪਤਾਲ ਵਿਖੇ ਜਖਮੀ ਸਿੰਘਾਂ ਦਾ ਪਤਾ ਲੈਣ ਗਏ ਭਾਈ ਚਾਵਲਾ ਨੇ ਕਿਹਾ ਕਿ ਅਜਿਹੇ ਲੋਕ ਇੰਨੇ ਬੇਖੌਫ ਹੋ ਕੇ ਵਿਚਰ ਰਹੇ ਹਨ। ਪੁਲਸ ਨੂੰ ਚੰਗੀ ਤਰ੍ਹਾਂ ਜਾਂਚ ਕਰਨੀ ਚਾਹੀਦੀ ਹੈ ਕਿ ਇਹ ਲੋਕ ਕਿਸ ਗੈਂਗ ਦੇ ਨਾਲ ਜੁੜੇ ਹੋਏ ਹਨ ।ਉਹਨਾਂ ਕਿਹਾ ਕੇ ਉੰਝ ਇਹਨਾਂ ਨੇ ਨਿਹੰਗ ਸਿੰਘਾਂ ਵਾਲੇ ਬਾਣੇ ਪਾਏ ਹੋਏ ਸਨ ਪ੍ਰੰਤੂ ਇਹਨਾਂ ਦੇ ਸਿਰ ਦੇ ਕੇਸ ਕਤਲ ਕੀਤੇ ਹੋਏ ਸਨ।ਇਸ ਮੌਕੇ ਸਤਨਾਮ ਸਿੰਘ ਝੱਜ ਸੁਖਬੀਰ ਸਿੰਘ ਕਲਮਾ ਸੁਮਨਦੀਪ ਸਿੰਘ ਸਾਭੀ ਰਾਜਵਿੰਦਰ ਸਿੰਘ ਰਾਜੂ ਬਿੱਲਾ ਲਖਵਿੰਦਰ ਸਿੰਘ ਲੱਖਾ ਡੱਬਰੀ ਤਜਿੰਦਰ ਸਿੰਘ ਆਦਿ ਹਾਜ਼ਰ ਸਨ।

# ਬੇਲਾ ਕਾਲਜ ਵਿਖੇ ਪੁਸਤਕ ਇਤਿਹਾਸਕ ਮੁਲਾਕਾਤ ਦੀ ਘੁੰਡ ਚੁਕਾਈ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**:-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋ. ਡਾ.ਸੁਰਜੀਤ ਕੌਰ ਦੁਆਰਾ ਰਚਿਤ ਨਾਟਕ ਇਤਿਹਾਸਿਕ ਮੁਲਾਕਾਤ ਦੀ ਕਾਲਜ ਕਮੇਟੀ ਅਤੇ ਸਟਾਫ਼ ਦੀ ਹਾਜ਼ਰੀ ਵਿੱਚ ਰਸਮੀ ਤੌਰ 'ਤੇ ਘੁੰਡ ਚੁਕਾਈ ਕੀਤੀ ਗਈ। ਇਹ ਨਾਟਕ ਗਦਰੀ ਬਾਬੇ ਭਾਈ ਰਣਧੀਰ ਸਿੰਘ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਲਾਹੌਰ ਦੀ ਜੇਲ੍ਹ ਵਿਖੇ ਹੋਈ ਮੁਲਾਕਾਤ ਬਾਰੇ ਹੈ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨਾ ਸਿਰਫ਼ ਆਪਣੇ ਮੱਤਭੇਦ ਦੂਰ ਕੀਤੇ, ਸਗੋਂ ਇੱਕ ਦੂਜੇ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਵੀ ਹੋਏ। ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਕਿਹਾ ਕਿ ਅਜੋਕੀ ਪੀੜ੍ਹੀ ਲਈ ਇਹ ਨਾਟਕ ਬਹੁਤ ਹੀ ਲਾਹੇਵੰਦ ਸੇਧ ਦੇਣ ਵਾਲਾ ਸਿੱਧ ਹੋਵੇਗਾ। ਸੀਨੀਅਰ ਉਪ ਪ੍ਰਧਾਨ ਹਰਮਿੰਦਰ ਸਿੰਘ ਸੈਣੀ ਨੇ ਕਿਹਾ ਕਿ ਲੇਖਿਕਾ ਨੇ ਇਸ ਨਾਟਕ ਵਿੱਚ ਬਹੁਤ ਹੀ ਅਹਿਮ ਪੱਖਾਂ 'ਤੇ ਚਾਨਣਾ ਪਾਇਆ ਹੈ, ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣਨਗੇ। ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਲੇਖਿਕਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਾਟਕ ਆਜ਼ਾਦੀ ਦੇ ਬਿਖੜੇ ਪੈਂਡਿਆਂ ਦੇ ਪਾਂਧੀਆਂ ਦੀ ਸ਼ਖ਼ਸੀਅਤ ਦੇ ਅਣਗੌਲੇ ਪੱਖਾਂ ਨੂੰ ਉਜਾਗਰ ਕਰਨ ਵਿੱਚ ਸਹਾਈ ਹੋਵੇਗਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਨਾਟਕਕਾਰ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੇ ਗਹਿਰੇ ਸੁਆਲਾਂ ਨੂੰ ਇਸ ਨਾਟਕ ਵਿੱਚ ਬੇਹੱਦ ਸਰਲਤਾ ਅਤੇ ਸਹਿਜਤਾ ਨਾਲ ਪੇਸ਼ ਕੀਤਾ ਹੈ। ਲੇਖਿਕਾ ਡਾ. ਸੁਰਜੀਤ ਕੌਰ ਨੇ ਪੁਸਤਕ ਨਾਲ ਸਰੋਤਿਆਂ ਦੀ ਜਾਣ-ਪਛਾਣ ਕਰਵਾਈ ਅਤੇ ਇਸ ਦੀ ਅਜੋਕੇ ਸੰਦਰਭ ਵਿੱਚ ਮਹੱਤਤਾ 'ਤੇ ਚਾਨਣਾ ਪਾਇਆ।

ਇਸ ਮੌਕੇ ਫਾਰਮੇਸੀ ਕਾਲਜ ਦੇ ਪ੍ਰਿੰਸੀਪਲ ਡਾ. ਸ਼ੈਲੇਸ਼ ਸ਼ਰਮਾ, ਗੁਰਮੇਲ ਸਿੰਘ, ਗਿਆਨ ਸਿੰਘ, ਐਡਵੋਕੇਟ ਆਰ.ਐਨ. ਮੋਦਗਿੱਲ , ਡਾ. ਹਰਪ੍ਰੀਤ ਕੌਰ, ਡਾ. ਅਣਖ ਸਿੰਘ, ਪ੍ਰੋ . ਸੁਨੀਤਾ ਰਾਣੀ, ਪ੍ਰੋ . ਪ੍ਰਿਤਪਾਲ ਸਿੰਘ, ਪ੍ਰੋ . ਅਮਰਜੀਤ ਸਿੰਘ, ਪ੍ਰੋ . ਇਸ਼ੂ ਬਾਲਾ ਅਤੇ ਪ੍ਰੋ ਗਗਨਦੀਪ ਕੌਰ ਆਦਿ ਹਾਜ਼ਰ ਸਨ।

# ਸਵਿਤਰੀ ਬਾਈ ਫੂਲੇ ਕੈਰੀਅਰ ਕੌਂਸਲਿੰਗ ਕੇਂਦਰ ਦਾ ਉਦਘਾਟਨ



**ਅਲਾਵਲਪੁਰ (ਮਦਨ ਬੰਗੜ)**-ਸਮੇਂ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਨੌਜਵਾਨ ਪੀੜੀ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਲਈ ਪੜ੍ਹਾਈ ਦੇ ਨਾਲ ਨਾਲ ਕਰੀਅਰ ਕੌਂਸਲਿੰਗ ਬਹੁਤ ਜਰੂਰੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ. ਸ੍ਰੀ. 108 ਸੁਆਮੀ ਗੁਰਦੀਪ ਗਿਰੀ ਵਲੋਂ ਸਵਿਤਰੀ ਬਾਈ ਫੂਲੇ ਕੈਰੀਅਰ ਕੌਂਸਲਿੰਗ ਕੇਂਦਰ ਦਾ ਉਦਘਾਟਨ ਸੁਆਮੀ ਜਗਤ ਗਿਰੀ ਆਸ਼ਰਮ ਭਧਰੋਆ ਵਿਖੇ ਕੀਤਾ ਗਿਆ ਜੋ ਬੇਸਹਾਰਾ ਬਜ਼ੁਰਗਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਲਈ ਇਹ ਕੇਂਦਰ ਅੱਗੇ ਵੱਧ ਕੇ ਫੈਮਲੀ ਕੌਂਸਲਿੰਗ ਕਰੇਗਾ। ਕੇਂਦਰ ਦੀ ਰੂਪ ਰੇਖਾ ਤਿਆਰ ਕਰਨ ਦੇ ਵਿੱਚ ਡਾਕਟਰ ਸੋਮਾ ਅਤਰੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਕੇਂਦਕ ਤੋਂ ਮੁਫ਼ਤ ਆਨਲਾਈਨ ਅਤੇ ਆਫਲਾਈਨ ਵੀ ਕਰੀਅਰ ਕੌਂਸਲਿੰਗ ਸਬੰਧੀ ਸੇਵਾਵਾਂ ਦਾ ਲਾਭ ਲਿਆ ਜਾ ਸਕਦਾ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੌਰਵ ਕੁਮਾਰ, ਡਾ. ਸੁਰਜੀਤ ਲਾਲ ਕਰੀਅਰ ਕੌਂਸਲਰ, ਸ੍ਰੀਮਤੀ ਮਨਜੀਤ ਕੁਮਾਰੀ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਪਠਾਨਕੋਟ ਦੇ ਸਾਰੇ ਮੈਂਬਰ ਅਤੇ ਐਮ. ਕੀ. ਐਮ. ਸੀਨੀਅਰ ਸਕੈਂਡਰੀ ਸਕੂਲ ਦੇ ਵਿਦਿਆਰਥੀ ਵੀ ਹਾਜ਼ਰ ਸਨ।

# ਲਾਇਨਜ਼ ਕਲੱਬ ਐਕਸ਼ਨ ਨੇ ਐੱਮ ਈ ਲੈਬ ਵਿਖੇ ਪੌਦੇ ਲਗਾਏ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**-ਲਾਇਨਜ਼ ਕਲੱਬ ਹੁਸ਼ਿਆਰਪੁਰ ਐਕਸ਼ਨ ਨੇ ਪੌਦੇ ਲਗਾਉਣ ਦੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਐਮ.ਈ.ਲੈਬ (ਪੀ.ਐਸ.ਪੀ.ਸੀ.ਐਲ) ਜਲੰਧਰ ਰੋਡ ਹੁਸ਼ਿਆਰਪੁਰ ਵਿਖੇ ਵੱਖ-ਵੱਖ ਪ੍ਰਕਾਰ ਦੇ ਪੌਦੇ ਲਗਾਏ। ਇਸ ਮੌਕੇ 'ਤੇ ਕਲੱਬ ਮੈਂਬਰਾਂ ਵਲੋਂ ਵਾਤਾਵਰਣ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ ਗਈ। ਕਲੱਬ ਡਾਇਰੈ ਕਟਰ ਲਾਇਨ ਦਲਜਿੰਦਰ ਸਿੰਘ ਨੇ ਕਿਹਾ ਕਿ ਰੁੱਖ ਸਾਨੂੰ ਮੀਂਹ, ਧੁੱਪ ਹਨੇਰੀ ਤੋਂ ਬਚਾਉਂਦੇ ਹਨ ਅਤੇ ਵਰਖਾ ਲਿਆਉਣ ਵਿੱਚ ਸਹਾਈ ਹੁੰਦੇ ਹਨ।

ਕਲੱਬ ਡਾਇਰੈਕਟਰ ਭੁਪਿੰਦਰ ਸਿੰਘ ਗੱਗੀ ਨੇ ਕਿਹਾ ਕਿ ਰੁੱਖ ਜਿਥੇ ਸਾਨੂੰ ਛਾਂ ਦਿੰਦੇ ਹਨ ਉਥੇ ਹਵਾ ਨੂੰ ਵੀ ਸਾਫ ਕਰਦੇ ਹਨ, ਨਾਲ ਹੀ ਕਈ ਪੰਛੀਆਂ ਦਾ ਰੈਣ-ਬਸੇਰਾ ਹਨ। ਕਲੱਬ ਡਾਇਰੈਕਟਰ ਲਾਇਨ ਰਮਨ ਵਰਮਾ ਅਤੇ ਗੁਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਸਾਡੇ ਜੀਵਨ ਦਾ ਵਧੇਰੇ ਭਾਗ ਕਿਸੇ ਨਾ ਕਿਸੇ ਤਰ੍ਹਾਂ ਰੁੱਖਾਂ 'ਤੇ ਨਿਰਭਰ ਹੈ, ਇਸ ਲਈ ਹਰ ਇਨਸਾਨ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਮੌਕੇ 'ਤੇ ਕਲੱਬ ਡਾਇਰੈਕਟਰ ਲਾਇਨ ਦਲਜਿੰਦਰ ਸਿੰਘ, ਭੁਪਿੰਦਰ ਗੱਗੀ, ਰਮਨ ਵਰਮਾ, ਗੁਰਵਿੰਦਰਜੀਤ ਸਿੰਘ, ਨੱਚਦੇ ਪੰਜਾਬੀ ਕਲਚਰ ਵੈਲਫੇਅਰ ਕਲੱਬ ਦੇ ਪ੍ਰਧਾਨ ਮਨਜਿੰਦਰ ਸਿੰਘ ਉਗਰਾਂ, ਐਸ.ਡੀ.ਓ. ਜਸਵਿੰਦਰ ਸਿੰਘ, ਜੇ.ਈ. ਜਸਪਾਲ ਸਿੰਘ, ਅਨਿਲ ਕੁਮਾਰਅਤੇ ਮਨਵੀਰ ਸਿੰਘ ਮੌਜੂਦ ਸਨ।

# ਪ੍ਰਦੂਸ਼ਣ ਕਾਰਨ ਅਲੋਪ ਹੋਏ ਕਈ ਜੀਵ ਜੰਤੂ : ਵਿੱਕੀ ਮਹਿੰਦਰੂ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਵੱਧ ਰਹੀਆਂ ਬਿਮਾਰੀਆਂ ਅਤੇ ਦਿਨ-ਬ-ਦਿਨ ਪਿਘਲ ਰਹੇ ਗਲੇਸ਼ੀਅਰ ਸਭ ਵਾਤਾਵਰਨ ਵਿੱਚ ਆ ਰਹੀ ਤਬਦੀਲੀ ਦਾ ਨਤੀਜਾ ਹੈ ਜਿਸਦਾ ਮੂਲ ਕਾਰਨ ਦਰਖੱਤਾਂ ਦੀ ਹੋ ਰਹੀ ਕਟਾਈ ਨਾਲ ਵੱਧ ਰਿਹਾ ਪ੍ਰਦੂਸ਼ਣ ਹੈ। ਵੱਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਆਕਸੀਜਨ ਦੀ ਘਾਟ ਨੂੰ ਪੂਰਾ ਕਰਨ ਲਈ ਦੁਨੀਆ ਭਰ ਵਿੱਚ ਹਰ ਮੁਲਕ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ ਹੈ, ਇਸੇ ਮੁਹਿੰਮ ਤਹਿਤ ਸਮਾਜ ਸੇਵੀ ਅਤੇ ਆਪ ਆਗੂ ਵਿੱਕੀ ਮਹਿੰਦਰੂ ਦੀ ਅਗਵਾਈ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪ੍ਰੇਮ ਪਡਵਾਲ, ਮਨੀਸ਼ ਸੋਂਧੀ, ਗੁਰਪ੍ਰੀਤ ਸਿੰਘ, ਲੇਖ ਰਾਜ, ਰਾਜੇਸ਼ ਭੱਲਾ, ਜ਼ਾਹਿਦ ਅਤੇ ਹੋਰ ਸਮਾਜ ਸੇਵੀਆਂ ਵੱਲੋਂ ਵਾਤਾਵਰਣ ਨੂੰ ਸਵੱਛ ਰੱਖਣ ਲਈ ਵੱਖ ਵੱਖ ਥਾਵਾਂ ਤੇ ਛਾਂਵਾਂ ਵਾਲੇ ਅਤੇ ਜ਼ਿਆਦਾ ਆਕਸੀਜਨ ਦੇਣ ਵਾਲੇ ਬੂਟਿਆਂ ਤੋਂ ਇਲਾਵਾ ਫੁੱਲਾਂ ਵਾਲੇ ਬੂਟੇ ਲਗਾਏ ਗਏ।

ਵਿੱਕੀ ਮਹਿੰਦਰੂ ਨੇ ਕਿਹਾ ਕਿ ਦਰੱਖਤਾਂ ਦੀ ਹੋ ਰਹੀ ਕਟਾਈ ਨਾਲ ਵਾਤਾਵਰਨ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈ ਜਿਸ ਲਈ ਹਰ ਇਨਸਾਨ ਨੂੰ ਆਪਣੀ ਜ਼ਿਮੇਵਾਰੀ ਨਿਭਾਉਂਦੇ ਹੋਏ ਵੱਧ ਤੋਂ ਵੱਧ ਦਰਖ਼ਤ ਲਗਾਉਣੇ ਚਾਹੀਦੇ ਹਨ ਤਾਂ ਜੋ ਪ੍ਰਦੂਸ਼ਿਤ ਹੋ ਰਹੀ ਹਵਾ ਤੇ ਰੋਕ ਲਗਾਈ ਜਾ ਸਕੇ।ਉਨ੍ਹਾਂ ਕਿਹਾ ਕਿ ਅਲੱਗ ਅਲੱਗ ਤਰ੍ਹਾਂ ਦੇ ਵਧ ਰਹੇ ਪ੍ਰਦੂਸ਼ਣਾਂ ਕਾਰਨ ਬਹੁਤ ਸਾਰੇ ਜੀਵ ਜੰਤੂ ਅਲੋਪ ਹੋ ਗਏ ਹਨ, ਇਸ ਲਈ ਸਾਨੂੰ ਕੁਦਰਤ ਨੂੰ ਬਚਾਉਣ ਲਈ ਹਰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ।

# ਮੁੱਖ ਮੰਤਰੀ ਵੱਲੋਂ ਪਿੰਜੌਰ 'ਚ ਏਸ਼ੀਆ ਦੀ ਸਭ ਤੋਂ ਵੱਡੀ ਫਲ ਤੇ ਸਬਜ਼ੀ ਮੰਡੀ ਦਾ ਉਦਾਘਟਨ

**ਪੰਚਕੂਲਾ, (ਕ੍ਰਿਸ਼ਨ ਗਰਗ)**—ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਜ਼ਿਲ੍ਹਾ ਪੰਚਕੂਲਾ ਦੇ ਪਿੰਜੌਰ ਵਿਚ ਏਸ਼ੀਆ ਦੀ ਸੱਭ ਤੋਂ ਵੱਡੀ ਆਧੁਨਿਕ ਸੇਬ, ਫਲ ਅਤੇ ਸਬਜੀ ਮੰਡੀ ਪਿੰਜੌਰ ਦੇ ਪਹਿਲੇ ਪੜਾਅ ਦਾ ਉਦਘਾਟਨ ਕੀਤਾ।ਮੁੱਖ ਮੰਤਰੀ ਨੇ ਵਪਾਰ ਨੂੰ ਵਧਾਉਣ ਲਈ ਇਸ ਮੰਡੀ ਵਿਚ ਮਾਰਕਿਟ ਫੀਸ 1 ਫੀਸਦੀ ਤੋਂ ਘਟਾ ਕੇ 0.5 ਫੀਸਦੀ ਕਰਨ ਦਾ ਐਲਾਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਮੁੱਖ ਮੰਤਰੀ ਕਿਸਾਨ ਅਤੇ ਖੇਤੀਹਰ ਮਜਦੂਰ ਜੀਵਨ ਸੁਰੱਖਿਆ ਯੋਜਨਾ, 2013 ਦੇ ਤਹਿਤ ਬਿਨੈਕਾਰ ਦੀ ਉਮਰ ਨੂੰ ਮੌਜੂਦ 10 ਤੋਂ 65 ਸਾਲ ਤੋਂ ਵਧਾ ਕੇ 10 ਤੋਂ 75 ਸਾਲ ਤਕ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਯੋਜਨਾ ਵਿਚ ਕਿਸਾਨ ਅਤੇ ਖੇਤੀਹਰ ਮਜਦੂਰ 'ਤੇ ਆਸਮਾਨੀ ਬਿਜਲੀ ਡਿੱਗਣ ਨਾਲ ਹੋਈ ਦੁਰਘਟਨਾ 'ਤੇ ਕੋਈ ਰਕਮ ਨਹੀਂ ਦਿੱਤੀ ਜਾਂਦੀ ਸੀ। ਹੁਣ ਸਰਕਾਰ ਵੱਲੋਂ ਆਸਮਾਨੀ ਬਿਜਲੀ ਡਿੱਗਣ ਨਾਲ ਹੋਣ ਵਾਲੀ ਦੁਰਘਟਨਾ ਨੂੰ ਵੀ ਇਸ ਯੋਜਨਾ ਵਿਚ ਸ਼ਾਮਿਲ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਉਨ੍ਹਾਂ ਨੇ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਪੰਚਕੂਲਾ ਵੱਲੋਂ ਜ਼ਿਲ੍ਹਾ ਕਰਨਾਲ ਦੇ ਪਿੰਡ ਸੱਗਾ ਵਿਚ 8.99 ਕਰੋੜ ਦੀ ਲਾਗਤ ਨਾਲ ਬਨਣ ਵਾਲੀ ਨਵੀਂ ਅਨਾਜ ਮੰਡੀ ਦੇ ਨਿਰਮਾਣ ਕਾਰਜ ਤੇ ਜ਼ਿਲ੍ਹਾ ਕੁਰੂਕਸ਼ੇਤਰ ਦੀ ਬਾਬੈਨ ਅਨਾਜ ਮੰਡੀ ਦੀ ਵੱਖ-ਵੱਖ ਮੁੱਢਲੀ ਸਹੂਲਤਾਂ ਨੂੰ ਸੁਚਾਰੂ ਬਣਾਏ ਰੱਖਣ ਲਈ 6.69 ਕਰੋੜ ਰੁਪਏ ਤੋਂ ਵਿਸ਼ੇਸ਼ ਮੁਰੰਮਤ ਦੇ ਕਾਰਜ ਦਾ ਨੀਂਹ ਪੱਥਰ ਰੱਖਿਆ। ਨਾਲ ਹੀ ਕਾਲਕਾ ਵਿਧਾਨ ਸਭਾ ਖੇਤਰ ਵਿਚ ਵੱਖ-ਵੱਖ ਵਿਕਾਸ ਕੰਮਾਂ ਦੇ ਲਈ ਪੰਜ ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀ ਵੱਖ-ਵੱਖ ਮੰਡੀਆਂ ਵਿਚ ਸਾਲਭਰ ਵਿਚ ਔਸਤਨ 210 ਲੱਖ ਕੁਇੰਟਲ ਫਲ ਤੇ ਸਬਜੀਆਂ ਦੀ ਆਮਦ ਹੁੰਦੀ ਹੈ। ਇਸ ਸਮੇਂ ਪੰਚਕੂਲਾ ਦੇ ਸੈਕਟਰ-20 ਵਿਚ ਸੱਭ ਤੋਂ ਵੱਡੀ ਸੇਬ ਮੰਡੀ ਹੈ। ਸਾਲ 2016 ਵਿਚ ਇਸ ਮੰਡੀ ਵਿਚ ਸੇਬ ਦਾ ਵਪਾਰ ਸ਼ੁਰੂ ਹੋਇਆ ਸੀ। ਇਸ ਵਿਚ ਹਰ ਸਾਲ ਲਗਭਗ 35 ਲੱਖ ਸੇਬ ਦੇ ਡੱਬਿਆਂ ਦਾ ਵਪਾਰ ਹੁੰਦਾ ਹੈ। ਇੱਥੇ ਸਾਲ ਵਿਚ ਚਾਰ ਮਹੀਨੇ ਅਗਸਤ ਤੋਂ ਨਵੰਬਰ ਦੌਰਾਨ ਸੇਬ ਦੀ ਆਮਦ ਹੁੰਦੀ ਹੈ। ਉਨ੍ਹਾਂ ਨੇ ਦਸਿਆ ਕਿ ਸਰਕਾਰ ਨੇ ਵਾਅਦੇ ਅਨੁਸਾਰ ਵਪਾਰੀਆਂ ਦੀਆਂ ਸਮਸਿਆਵਾਂ ਦਾ ਹੱਲ ਕਰਨ ਦੇ ਲਈ ਹਰਿਆਣਾ ਵਪਾਰੀ ਭਲਾਈ ਬੋਰਡ ਦਾ ਗਠਨ ਕੀਤਾ ਹੈ। ਇਹ ਬੋਰਡ ਸਰਕਾਰ ਅਤੇ ਵਪਾਰੀਆਂ ਦੇ ਵਿਚ ਇਕ ਸੇਤੂ ਦਾ ਕੰਮ ਕਰ ਰਿਹਾ ਹੈ। ਵਪਾਰੀਆਂ ਦੇ ਲਈ ਸਮੂਹ ਜੀਵਨ ਬੀਮਾ ਸਕੀਮ ਬਣਾਈ ਜਾ ਰਹੀ ਹੈ।

# ਕਤਲ ਦੇ ਮਾਮਲੇ 'ਚ 2 ਗ੍ਰਿਫਤਾਰ

**ਫਗਵਾੜਾ (ਡਾ. ਰਮਨ )**—ਥਾਣਾ ਸਤਨਾਮਪੁਰਾ ਫਗਵਾੜਾ ਵਿਖੇ ਚਾਰ ਵਿਅਕਤੀਆ ਵੱਲੋਂ ਆਪਣੀ ਇਨੋਵਾ ਗੱਡੀ ਨੰਬਰੀ PB09-X-6690 ਨੂੰ ਬਹੁਤ ਤੇਜ ਰਫਤਾਰ ਨਾਲ ਲਿਆ ਕੇ ਲੱਕੀ ਪੁੱਤਰ ਨਾਮਲੂਮ ਵਾਸੀ ਨਵਾਂ ਪਿੰਡ ਨਾਰੰਗਸ਼ਾਹਪੁਰ ਉੱਪਰ ਜਾਣਬੁੱਝ ਕੇ ਚੜ੍ਹਾ ਕੇ ਕਤਲ ਕਰ ਦਿੱਤਾ ਸੀ ਜਿਸ 'ਤੇ ਮੁਕੱਦਮਾ ਨੰਬਰ 92 ਮਿਤੀ 18.07.2024 ਅ/ਧ 103(1) BNS 2023 ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਢੰਡਾ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ,ਸੰਨੀ ਪੁੱਤਰ ਹਰਜਿੰਦਰ ਕੁਮਾਰ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਜ਼ਿਲ੍ਹਾ ਕਪੂਰਥਲਾ, ਰਵੀ ਕੁਮਾਰ ਪੁੱਤਰ ਗਰੀਬ ਦਾਸ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਅਤੇ ਹਰਪਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਢੰਡੇ ਥਾਣਾ ਗੋਰਾਇਆ ਜ਼ਿਲ੍ਹਾ ਜਲੰਧਰ ਦਰਜ ਕੀਤਾ ਗਿਆ। ਜਿਸ 'ਤੇ ਤੁਰੰਤ ਕਾਰਵਾਈ ਕਰਦਿਆ ਮਿਸ ਵਸਤਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾ ਤਹਿਤ ਇੱਕ ਸਪੈਸ਼ਲ ਟੀਮ ਦਾ ਗਠਨ ਕੀਤਾ ਗਿਆ ਜਿਸ ਦੀ ਅਗਵਾਈ ਸ੍ਰੀਮਤੀ ਰੁਪਿੰਦਰ ਕੌਰ ਪੁਲਸ ਕਪਤਾਨ ਫਗਵਾੜਾ ਅਤੇ ਜਸਪ੍ਰੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਵੱਲੋ ਕੀਤੀ ਗਈ ਅਤੇ ਇੰਸਪੈਕਟਰ ਗੌਰਵ ਧੀਰ ਮੁੱਖ ਅਫਸਰ ਥਾਣਾ ਸਤਨਾਮਪੁਰਾ ਫਗਵਾੜਾ ਵੱਲੋ ਵਾਰਦਾਤ ਨੂੰ 12 ਘੰਟੇ ਦੇ ਅੰਦਰ ਹੀ ਟਰੇਸ ਕਰਕੇ ਵਾਰਦਾਤ ਕਰਨ ਵਾਲੇ 02 ਵਿਅਕਤੀਆਂ ਦਲਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਢੰਡਾ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਅਤੇ ਸੰਨੀ ਪੁੱਤਰ ਹਰਜਿੰਦਰ ਕੁਮਾਰ ਵਾਸੀ ਅਠੋਲੀ ਥਾਣਾ ਸਤਨਾਮਪੁਰਾ ਜ਼ਿਲ੍ਹਾ ਕਪੂਰਥਲਾ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਵਿਚ ਵਰਤੀ ਗਈ ਇਨੋਵਾ ਗੱਡੀ ਨੰਬਰੀ PB09-X-6690 ਬ੍ਰਾਮਦ ਕਰ ਲਈ ਹੈ।

# ਝੋਟੇ ਚੋਰੀ ਹੋਣ ਦੇ ਮਾਮਲੇ 'ਚ ਸੀ ਆਈ ਏ ਇੰਚਾਰਜ ਨਾਲ ਮੁਲਾਕਾਤ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ )**-ਪੰਚਾਇਤੀ ਝੋਟੇ ਚੋਰੀ ਹੋਣ ਦੇ ਮਾਮਲੇ ਨੂੰ ਲੈ ਕੇ ਪਸ਼ੂ ਪਾਲਕਾਂ ਤੇ ਸੰਘਰਸ਼ ਕਮੇਟੀ ਦੇ ਇਕ ਵਫਦ ਨੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਵੱਲੋਂ ਬਣਾਈ ਗਈ ਸਿਟ ਦੇ ਮੈਂਬਰ ਅਤੇ ਸੀ.ਆਈ.ਏ. ਸਟਾਫ ਰੂਪਨਗਰ ਦੇ ਇੰਚਾਰਜ ਨਾਲ ਬੈਠਕ ਕੀਤੀ। ਜ਼ਿਕਰਯੋਗ ਹੈ ਕਿ ਝੋਟੇ ਚੋਰੀ ਹੋਣ ਦੇ ਮਾਮਲੇ ਨੂੰ ਸੁਲਝਾਉਣ ਲਈ ਜ਼ਿਲ੍ਹਾ ਪੁਲਸ ਪ੍ਰਸ਼ਾਸ਼ਨ ਵਲੋਂ 2 ਮੈਂਬਰੀ ਸਿਟ ਦਾ ਗਠਨ ਕੀਤਾ ਗਿਆ ਸੀ । ਜਿਸ ਵਿਚ ਸੀ.ਆਈ.ਏ. ਸਟਾਫ ਰੂਪਨਗਰ ਦੇ ਇੰਚਾਰਜ ਇੰਸ. ਮਨਫੂਲ ਸਿੰਘ ਅਤੇ ਥਾਣਾ ਮੁੱਖੀ ਨੂਰਪੁਰਬੇਦੀ ਹਰਸ਼ ਮੋਹਨ ਗੌਤਮ ਨੂੰ ਸ਼ਾਮਲ ਕੀਤਾ ਗਿਆ ਸੀ । ਉਕਤ ਜਾਂਚ ਟੀਮ ਨਾਲ ਲਗਾਤਾਰ ਰਾਬਤਾ ਕਾਇਮ ਰੱਖ ਰਹੀ ਪਸ਼ੂ ਪਾਲਕਾਂ ਵੱਲੋਂ ਬਣਾਈ ਗਈ ਸੰਘਰਸ਼ ਕਮੇਟੀ ਦੇ ਮੈਂਬਰਾਂ 'ਚ ਸ਼ਾਮਲ ਸਮਾਜਸੇਵੀ ਗੌਰਵ ਰਾਣਾ, ਡਾ. ਦਵਿੰਦਰ ਬਜਾੜ, ਸਰਪੰਚ ਨੀਰਜ ਰਾਣਾ ਮਣਕੂਮਾਜਰਾ ਤੇ ਰਾਮਧਨ ਬਾਠ ਸੁੱਖੇਮਾਜਰਾ ਦੇ ਇਕ ਵਫਦ ਨੇ ਝੋਟੇ ਚੋਰੀ ਹੋਣ ਦੇ ਮਾਮਲੇ 'ਚ ਹੁਣ ਤੱਕ ਕੀਤੀ ਗਈ ਜਾਂਚ ਦੀ ਸਮੁੱਚੀ ਰਿਪੋਰਟ ਹਾਸਿਲ ਕਰਨ ਲਈ ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸ. ਮਨਫੂਲ ਸਿੰਘ ਨਾਲ ਅਹਿਮ ਬੈਠਕ ਕੀਤੀ । ਇੰਸ. ਮਨਫੂਲ ਸਿੰਘ ਨੇ ਵਫਦ ਨੂੰ ਦੱਸਿਆ ਕਿ ਮਾਮਲੇ ਦੀ ਤੇਜੀ ਨਾਲ ਜਾਂਚ ਚੱਲ ਰਹੀ ਹੈ ਅਤੇ ਜਾਂਚ ਟੀਮ ਹਰ ਪਹਿਲੂ ਨੂੰ ਖੰਗਾਲਣ 'ਚ ਜੁਟੀ ਹੋਈ ਹੈ । ਉਨ੍ਹਾਂ ਦੱਸਿਆ ਕਿ ਵੱਖ-ਵੱਖ ਥਾਈਂ ਰੇਡ ਕੀਤੀ ਜਾ ਰਹੀ ਹੈ ਅਤੇ ਜਾਂਚ ਦੇ ਜਲਦ ਚੰਗੇ ਨਤੀਜੇ ਮਿਲਣ ਦੀ ਉਮੀਦ ਹੈ । ਉਨ੍ਹਾਂ ਕਿਹਾ ਕਿ ਬੈਠਕ ਦੌਰਾਨ ਉਕਤ ਜਾਂਚ ਸਬੰਧੀ ਦਿੱਤੀ ਗਈ ਜਾਣਕਾਰੀ 20 ਜੁਲਾਈ ਨੂੰ ਸੰਘਰਸ਼ ਕਮੇਟੀ ਦੀ ਹੋਣ ਵਾਲੀ ਅਹਿਮ ਬੈਠਕ 'ਚ ਪਸ਼ੂ ਪਾਲਕਾਂ ਨੂੰ ਦਿੱਤੀ ਜਾਵੇਗੀ ।

# ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ 10 ਪਦਉਨਤ ਹੋਏ ਹੈੱਡ ਟੀਚਰਾਂ ਨੂੰ ਨਿਯੁਕਤੀ ਪੱਤਰ ਜਾਰੀ



**ਹੁਸ਼ਿਅਰਪਪੂਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ )**-ਜ਼ਿਲ੍ਹਾ ਸਿੱਖਿਆ ਅਫ਼ਸਰ ਹੁਸ਼ਿਆਰਪੁਰ ਕਮਲਦੀਪ ਕੌਰ ਨੇ ਵਿਭਾਗੀ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਦਫ਼ਤਰ ਵਿਖੇ 10 ਹੈੱਡ ਟੀਚਰ ਦੇ ਅਹੁਦੇ 'ਤੇ ਪਦਉੱਨਤ ਹੋਏ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ। ਇਸ ਮੌਕੇ ਉਨ੍ਹਾਂ ਨਾਲ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਵੀ ਹਾਜ਼ਰ ਸਨ।ਡੀ.ਈ.ਓ ਕਮਲਜੀਤ ਕੌਰ ਨੇ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਖੇ ਹੋਏ ਰਸਮੀ ਸਮਾਗਮ ਦੌਰਾਨ ਨਵੇਂ ਪਦਉੱਨਤ ਹੋਏ ਮੁੱਖ ਅਧਿਆਪਕਾਂ ਨੂੰ ਪੱਤਰ ਸੌਂਪਦੇ ਹੋਏ ਪਦਉੱਨਤ ਹੋਏ ਮੁੱਖ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਹਨਾਂ ਨੇ ਪਦਉਨਤ ਹੋਏ ਅਧਿਆਪਕਾਂ ਨੂੰ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਉਹਨਾਂ ਕਿਹਾ ਕੇ ਸਿੱਖਿਆ ਵਿਭਾਗ ਦੁਆਰਾ ਚੋਣ ਅਤੇ ਪ੍ਰਵਾਨਗੀ ਦੀ ਪੂਰੀ ਪ੍ਰਕਿਰਿਆ ਤੋਂ ਬਾਅਦ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਪਦਉੱਨਤ ਹੋਏ ਮੁੱਖ ਅਧਿਆਪਕਾਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਤਾਇਨਾਤ ਕੀਤਾ ਗਿਆ ਹੈ, ਜਿੱਥੇ ਉਹ ਸਕੂਲ ਪ੍ਰਸ਼ਾਸਨ ਦੇ ਪ੍ਰਬੰਧਨ, ਅਧਿਆਪਕਾਂ ਨਾਲ ਸਹਿਯੋਗ ਕਰਨ ਅਤੇ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਨੇ ਕਿਹਾ ਕੇ ਨਵੇਂ ਪਦਉੱਨਤ ਹੋਏ ਮੁੱਖ ਅਧਿਆਪਕ ਵਿਦਿਆਰਥੀਆਂ ਦੇ ਦਾਖਲੇ ਨੂੰ ਵਧਾਉਣ ਅਤੇ ਸਕੂਲਾਂ ਦੀ ਸਮੁੱਚੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਦੇ ਨਾਲ ਇੱਕ ਮਿਸਾਲ ਪੈਦਾ ਕਰਨਗੇ ।ਮੁੱਖ ਅਧਿਆਪਕ ਵਿਭਾਗੀ ਹੁਕਮਾਂ ਅਨੁਸਾਰ ਸਾਥੀ ਅਧਿਆਪਕਾਂ ਦੇ ਸਹਿਜੋਗ ਨਾਲ ਡੋਰ ਟੂ ਡੋਰ ਜਾ ਕੇ ਸਕੂਲ ਤੋਂ ਬਾਹਰ ਬੱਚਿਆਂ ਦੀ ਪਛਾਣ ਕਰਨ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਆਪਕ ਸਿੱਖਿਆ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਲਈ ਪਿੰਡਾਂ ਦੇ ਆਗੂਆਂ, ਭਾਈਚਾਰੇ ਦੇ ਮੈਂਬਰਾਂ ਅਤੇ ਸਥਾਨਕ ਸੰਸਥਾਵਾਂ ਨਾਲ ਵੀ ਤਾਲਮੇਲ ਕਰਨਗੇ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਦੇ ਦਾਖਲੇ ਨੂੰ ਵਧਾਉਣਾ, ਸਕੂਲ ਛੱਡਣ ਦੀਆਂ ਦਰਾਂ ਨੂੰ ਘਟਾਉਣਾ ਅਤੇ ਜ਼ਿਲ੍ਹੇ ਵਿੱਚ ਸਿੱਖਿਆ ਦੇ ਸਮੁੱਚੇ ਮਿਆਰ ਨੂੰ ਸੁਧਾਰਨਾ ਹੈ। ਪਦਉਨਤ ਹੋਏ ਹੈੱਡ ਟੀਚਰਾਂ ਨੇ ਕਿਹਾ ਕੇ ਉਹ ਸਾਰੇ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਸਿੱਖਿਆ ਖੇਤਰ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਵਚਨਬੱਧ ਹਨ।ਇਸ ਸਮਾਰੋਹ ਵਿੱਚ ਸਿੱਖਿਆ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਨਵੇਂ ਹੈੱਡ ਟੀਚਰਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਨਵੀਂ ਭੂਮਿਕਾ ਵਿੱਚ ਸਫਲਤਾ ਦੀ ਕਾਮਨਾ ਕੀਤੀ।ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਚਰਨਜੀਤ, ਰਾਜ ਕੁਮਾਰ, ਜਸਵਿੰਦਰ ਪਾਲ ਬਾਂਸਲ, ਸੁਰਤੀ ਲਾਲ, ਸੀਨੀਅਰ ਸਹਾਇਕ ਰਮਨ , ਹਰਵਿੰਦਰ, ਗੁਰਮਿੰਦਰ ਕੌਰ, ਰਾਜਿੰਦਰ ਸਿੰਘ, ਕਾਨੂੰਨੀ ਸਲਾਹਕਾਰ ਮਨਜੀਤ ਕੌਰ, ਰਾਜਿੰਦਰ ਕੁਮਾਰ, ਨੀਰਜ ਧੀਮਾਨ, ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ, ਰਜਨੀਸ਼ ਕੁਮਾਰ ਗੁਲਿਆਨੀ ਆਦਿ ਹਾਜ਼ਰ ਸਨ।

# ਫਲਦਾਰ, ਛਾਂਦਾਰ ਤੇ ਮੈਡੀਕੇਡਿਟ ਪੌਦੇ ਲਗਾਏ ਜਾਣਗੇ

**ਭਲਾਣ (ਹਰਭਜਨ ਢਿੱਲੋਂ)** ਸਤਲੁਜ ਪ੍ਰੈਸ ਕਲੱਬ ਸੁਖਸਾਲ (ਰਜਿ.) ਦੀ ਰੁਟੀਨ ਮੀਟਿੰਗ ਹੋਈ ਜਿਸ ਵਿੱਚ ਕਲੱਬ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਸ਼ੇਸ਼ ਵਿਚਾਰਾਂ ਕੀਤੀਆਂ ਗਈਆਂ।ਸਮੂਹ ਮੈਂਬਰਾਂ ਅਤੇ ਸਮਾਜ ਸੇਵੀ ਪਤਵੰਤਿਆਂ ਨੇ ਹਾਜਰੀ ਭਰੀ ਅਤੇ ਫੈਸਲਾ ਕੀਤਾ ਕਿ ਕਲੱਬ ਵੱਲੋਂ ਆਰੰਭੀਆਂ ਗਈਆਂ ਸਮਾਜ ਸੇਵਾ ਦੀਆਂ ਗਤੀਵਿਧੀਆਂ ਨੂੰ ਅੱਗੇ ਤੋਰਦੇ ਹੋਏ ਬਰਸਾਤ ਦੇ ਮੌਸਮ ਵਿੱਚ ਹਰ ਸਾਲ ਦੀ ਤਰ੍ਹਾਂ ਵਧੀਆ ਕਿਸਮ ਦੇ ਫਲਦਾਰ, ਛਾਂਦਾਰ ਅਤੇ ਮੈਡੀਕੇਡਿਟ ਪੌਦੇ ਲਗਾਏ ਜਾਣਗੇ। ਮੈਂਬਰਾਂ ਨੇ ਦੱਸਿਆ ਕਿ ਕਲੱਬ ਵੱਲੋਂ ਹਰ ਸਾਲ ਪਿੰਡਾਂ ਦੀਆਂ ਸਾਂਝੀਆਂ ਜਗ੍ਹਾ ਵਿੱਚ ਪਿੱਪਲ, ਬੋਹੜ, ਨਿੰਮ (ਤਿਰਵੇਣੀ) ਅਤੇ ਹੋਰ ਪੌਦੇ ਲਗਾਏ ਜਾਂਦੇ ਹਨ ਜੋ ਕੇ ਕਾਮਯਾਬ ਵੀ ਹਨ। ਇਸ ਮੌਕੇ ਕਲੱਬ ਪ੍ਰਧਾਨ ਮਾਸਟਰ ਮਲਕੀਅਤ ਸਿੰਘ, ਜੁਝਾਰ ਸਿੰਘ, ਚੌਧਰੀ ਧਰਮ ਪਾਲ, ਅਜੇ ਕੌਸ਼ਲ, ਪੂਨਮ ਜੋਸ਼ੀ, ਸੁਧੀਰ ਪ੍ਰਿੰਸ, ਹਰਭਜਨ ਸਿੰਘ ਢਿੱਲੋਂ, ਅਸ਼ਵਨੀ ਸੈਣੀ ਅਤੇ ਮੋਹਤਵਰ ਪਤਵੰਤੇ ਹਾਜਰ ਸਨ।

20-July-PAGE-9.qxd 7/19/2024 10:11 PM Page 1



# ਫਲ ਅਤੇ ਸਬਜ਼ੀਆਂ ਸਾਡੇ ਜੀਵਨ ਦਾ ਅਹਿਮ ਹਿੱਸਾ : ਬਰਸਟ



**ਐਸ.ਏ.ਐਸ. ਨਗਰ ( ਗੁਰਜੀਤ ਬਿੱਲਾ )** - ਪੰਜਾਬ ਮੰਡੀ ਬੋਰਡ ਅਤੇ ਨੈਸ਼ਨਲ ਕਾਊਂਸਲ ਆਫ ਸਟੇਟ ਐਗਰੀਕਲਚਰ ਮਾਰਕਿਟਿੰਗ ਬੋਰਡ (ਕੋਸਾਂਬ), ਨਵੀਂ ਦਿੱਲੀ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਰਹਿਨੁਮਾਈ ਹੇਠ ਕਿਸਾਨ ਭਵਨ, ਚੰਡੀਗੜ੍ਹ ਵਿਖੇ ਫ਼ਲ ਅਤੇ ਸਬਜੀ ਮੰਡੀਆਂ ਦੇ ਅਧੁਨਿਕੀਕਰਨ ਕਰਨ ਸਬੰਧੀ ਇੱਕ ਦਿਨਾਂ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ, ਪੰਜਾਬ ਅਤੇ ਗੁਰਮੀਤ ਸਿੰਘ ਖੁੱਡੀਆ ਖੇਤੀਬਾੜੀ ਮੰਤਰੀ ਪੰਜਾਬ ਨੇ ਸ਼ਿਰਕਤ ਕੀਤੀ। ਜਦਕਿ ਆਦਿਤਯ ਦੇਵੀਲਾਲ ਚੌਟਾਲਾ ਚੇਅਰਮੈਨ ਕੋਸਾਂਬ ਤੇ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ, ਹਰਿਆਣਾ ਅਤੇ ਨੀਲੀਮਾ ਆਈ.ਏ.ਐਸ. ਕਮਿਸ਼ਨਰ ਐਗਰੀਕਲਚਰ, ਪੰਜਾਬ ਸਰਕਾਰ ਨੇ ਸਨਮਾਨਤ ਸ਼ਖਸੀਅਤਾਂ ਵੱਜੋਂ ਸ਼ਮੂਲੀਅਤ ਕੀਤੀ।

ਬਰਸਟ ਨੇ ਕਿਹਾ ਕਿ ਫ਼ਲ ਤੇ ਸਬਜੀਆਂ ਸਾਡੇ ਜੀਵਨ ਦਾ ਹਿੱਸਾ ਹਨ ਅਤੇ ਇਨ੍ਹਾਂ ਤੋਂ ਬਿਨਾਂ ਜੀਵਨ ਜਿਉਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਪਰ ਮੰਡੀਆਂ ਵਿੱਚ ਸਬਜੀਆਂ ਦੀ ਚੰਗੇ ਤਰੀਕੇ ਨਾਲ ਸਾਂਭ-ਸੰਭਾਲ ਨਹੀਂ ਕੀਤੀ ਜਾਂਦੀ। ਇਸ ਲਈ ਸਾਨੂੰ ਸਾਰਿਆਂ ਨੂੰ ਫ਼ਲ ਅਤੇ ਸਬਜੀ ਮੰਡੀਆਂ ਨੂੰ ਚੰਗੇ ਤਰੀਕੇ ਨਾਲ ਡਿਵੈਲਪ ਕਰਨ ਦੀ ਜਰੂਰਤ ਹੈ, ਤਾਂ ਜੋ ਲੋਕਾਂ ਨੂੰ ਇੱਕ ਚੰਗਾ ਵਾਤਾਵਰਣ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ 2014 ਵਿੱਚ ਬਣੀ ਆਧੁਨਿਕ ਫ਼ਲ ਅਤੇ ਸਬਜੀ ਮੰਡੀ ਮੋਹਾਲੀ ਨੂੰ ਚਾਲੂ ਕੀਤਾ ਗਿਆ ਤੇ ਹੁਣ ਇਸ ਵੱਲੋਂ ਵੀ ਸਾਨੂੰ ਕਮਾਈ ਹੋਣੀ ਸ਼ੁਰੂ ਹੋ ਗਈ ਹੈ। ਪੰਜਾਬ ਦੀਆਂ ਸਮੂਹ ਮਾਰਕਿਟ ਕਮੇਟੀਆਂ, ਫੀਲਡ ਦਫ਼ਤਰਾਂ ਅਤੇ ਮੰਡੀਆਂ ਦੇ ਕਵਰ ਸ਼ੈੱਡਾਂ ਤੇ ਸੋਲਰ ਸਿਸਟਮ ਲਗਾਉਣ ਦੀ ਸ਼ੁਰੂਆਤ, ਮੰਡੀਆਂ ਵਿੱਚ ਏ.ਟੀ.ਐਮਜ਼ ਲਗਾਉਣਾ, ਮੰਡੀਆਂ ਦੇ ਕਵਰ ਸ਼ੈੱਡਾਂ ਨੂੰ ਆਫ਼ ਸੀਜ਼ਨ ਵਿੱਚ ਵਿਆਰ ਸ਼ਾਦੀਆਂ ਤੇ ਹੋਰ ਗਤੀ ਵਿਧੀਆਂ ਲਈ ਦੇ ਲਈ ਕਿਰਾਏ 'ਤੇ ਮੁਹੱਈਆ ਕਰਵਾਉਣਾ,ਬੱਚਿਆਂ ਦੇ ਵਿਕਾਸ ਲਈ ਆਫ਼ ਸੀਜ਼ਨ ਦੌਰਾਨ ਮੰਡੀਆਂ ਦੇ ਕਵਰ ਸ਼ੈੱਡਾਂ ਨੂੰ ਇੰਨਡੋਰ ਗੇਮਜ਼ ਲਈ ਮੁਹੱਈਆ ਕਰਵਾਉਣਾ, ਕਿਸਾਨ ਭਵਨ ਰਾਹੀਂ 1 ਜੁਲਾਈ 2023 ਤੋਂ 30 ਜੂਨ 2024 ਤੱਕ ਬੀਤੇ ਇੱਕ ਸਾਲ ਵਿੱਚ 4 ਕਰੋੜ 13 ਲੱਖ 19 ਹਜਾਰ ਰੁਪਏ ਦੀ ਆਮਦਨ ਹੋਈ ਹੈ।ਇਸ ਦੌਰਾਨ. ਹਰਪਾਲ ਸਿੰਘ ਚੀਮਾ ਵਿੱਤ ਮੰਤਰੀ, ਪੰਜਾਬ ਨੇ ਕਿਹਾ ਕਿ ਕਿਸਾਨ ਦੀ ਉਪਜ ਤੋਂ ਲੈ ਕੇ ਫਸਲ ਦੇ ਮੰਡੀ ਵਿੱਚ ਆਉਣਾ ਅਤੇ ਕੰਜ਼ੂਮਰ ਦੇ ਘਰ ਤੱਕ ਪਹੁੰਚਾਉਣ ਦਾ ਕੰਮ ਸਾਫ਼ ਤਰੀਕੇ ਨਾਲ ਹੋਣਾ ਬਹੁਤ ਜਰੂਰੀ ਹੈ।ਗੁਰਮੀਤ ਸਿੰਘ ਖੁੱਡੀਆ ਖੇਤੀਬਾੜੀ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਨੇ ਦੇਸ਼ ਦੇ ਅਨਾਜ਼ ਭੰਡਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸਮੇਂ ਦੇ ਨਾਲ-ਨਾਲ ਖੇਤੀਬਾੜੀ ਦੀਆਂ ਤਕਨੀਕਾਂ ਵਿੱਚ ਵੀ ਵਧੇਰਾ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬ ਦਾ ਮੰਡੀਕਰਨ ਸਿਸਟਮ ਬਹੁਤ ਹੀ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।

ਆਦਿਤਯ ਦੇਵੀਲਾਲ ਚੌਟਾਲਾ ਚੇਅਰਮੈਨ ਕੋਸਾਂਬ ਤੇ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ, ਹਰਿਆਣਾ ਨੇ ਕਿਹਾ ਕਿ ਅਨਾਜ ਉਤਪਾਦਨ ਲਈ ਹਮੇਸ਼ਾ ਤੋਂ ਹੀ ਪੰਜਾਬ ਅਤੇ ਹਰਿਆਣੇ ਦਾ ਨਾਂਅ ਸਭ ਤੋਂ ਅੱਗੇ ਰਿਹਾ ਹੈ।ਪੰਜਾਬ ਦਾ ਕਿਸਾਨ ਅਧੁਨਿਕੀਕਰਨ ਨੂੰ ਅਪਣਾ ਰਿਹਾ ਹੈ ਤੇ ਹੁਣ ਸਮਾਂ ਆ ਗਿਆ ਹੈ ਕਿ ਫ਼ਲ ਅਤੇ ਸਬਜੀ ਮੰਡੀਆਂ ਦਾ ਅਧੁਨਿਕੀਕਰਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਡਾ. ਜੇ.ਐਸ. ਯਾਦਵ ਐਮ.ਡੀ. ਕੋਸਾਂਬ ਨੇ ਵੀ ਆਪਣੇ ਵਿਚਾਰ ਰਖੇ।ਇਸ ਮੌਕੇ ਸ੍ਰੀਮਤੀ ਗੀਤਿਕਾ ਸਿੰਘ ਸੰਯੁਕਤ ਸਕੱਤਰ ਪੰਜਾਬ ਮੰਡੀ ਬੋਰਡ, ਗੁਰਿੰਦਰ ਸਿੰਘ ਚੀਮਾ ਚੀਫ਼ ਇੰਜੀਨਿਯਰ, ਸ. ਮਨਜੀਤ ਸਿੰਘ ਸੰਧੂ ਜੀ.ਐਮ., ਬੀ.ਐਸ. ਚਹਿਲ (ਆਈ.ਏ.ਐਸ.) ਐਮ.ਡੀ. ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ, ਉਤਰਾਖੰਡ, ਰਕੇਸ਼ ਸੰਧੂ (ਐਸ.ਸੀ.ਐਸ.) ਹਰਿਆਣਾ, ਡਾ. ਰਮਨਦੀਪ ਸਿੰਘ ਪੰਜਾਬ ਐਗਰੀਕਲਰ ਯੂਨੀਵਰਸਿਟੀ ਲੁਧਿਆਣਾ, ਰਾਹੁਲਲ ਤਿਵਾਰੀ ਰਿਜ਼ਨਲ ਡਾਇਰੈਕਟਰ, ਡਾ. ਬੀ.ਵੀ.ਸੀ. ਮਹਾਜਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ਡਾ. ਕ੍ਰਿਸ਼ਨੇਨਦੂ ਕੁਨਦੂ, ਸੀਨਿਅਰ ਪ੍ਰਿੰਸੀਪਲ, ਨਿਤੀਨ ਬੰਸਲ ਸਿਸਟਮ ਐਨਾਲਿਸਟ ਪੰਜਾਬ ਮੰਡੀ ਬੋਰਡ, ਨੀਰਜ਼ ਚੋਪੜਾ ਐਸੋਸਿਏਟਸ, ਰਾਘਵ ਸੂਦ ਸੈਕਟਰੀ ਏਪੀਐਮਸੀ ਬਿਲਾਸਪੁਰ ਹਿਮਾਚਲ ਪ੍ਰਦੇਸ਼, ਵਿਜੇ ਤਪਲੀਆਲ ਡੀ.ਜੀ.ਐਮ. ਮਾਰਕਿਟਿੰਗ ਬੋਰਡ ਉਤਰਾਖੰਡ, ਮੁਕੇਸ਼ ਕੁਮਾਰ ਤਕ ਐਸ.ਈ. ਮੌਜੂਦ ਰਹੇ।

## ਬੀ ਕੇ ਯੂ ਤੋਤੇਵਾਲ ਦੇ ਵਫਦ ਨੇ ਸੀਚੇਵਾਲ ਨੂੰ ਦਿੱਤਾ ਮੰਗ ਪੱਤਰ



**ਮਹਿਤਪੁਰ (ਰਾਜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਦੇ ਦਿਸ਼ਾ ਨਿਰਦੇਸ਼ਾਂ ਤੇ ਵਫਦ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਮੰਗ ਪੱਤਰ ਦੇਣ ਪਹੁੰਚੇ ਕੇਵਲ ਸਿੰਘ ਖਹਿਰਾ ਕੌਮੀ ਜਨਰਲ ਸਕੱਤਰ ਪੰਜਾਬ, ਦਵਿੰਦਰ ਸਿੰਘ ਸ਼ਹਿਰੀ ਪ੍ਰਧਾਨ ਕੋਟ ਈਸੇ ਖਾਂ, ਗੁਰਮੁੱਖ ਸਿੰਘ ਲਾਡੀ, ਜਰਨੈਲ ਸਿੰਘ ਦਾਨੇਵਾਲ, ਤਜਿੰਦਰ ਸਿੰਘ ਸੈਕਟਰੀ ਜਿਲ੍ਹਾ ਪ੍ਰਧਾਨ, ਹਰਦੀਪ ਸਿੰਘ ਲਾਡੀ ਬੀਟਲ, ਰਵਿੰਦਰ ਸਿੰਘ ਸੋਢੀ, ਮਹਿੰਦਰ ਸਿੰਘ ਮਹਿਤਪੁਰ, ਜੋਗਿੰਦਰਪਾਲ ਸਿੰਘ, ਸ਼ੁਭਨੂਰ ਸਿੰਘ, ਇਸ ਮੌਕੇ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਵਫਦ ਨੂੰ ਭਰੋਸਾ ਦਵਾਇਆ ਕੇ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਗਏ ਮੰਗ ਪੱਤਰ ਵਿੱਚ ਜੋ ਕਿਸਾਨਾਂ ਦੀਆਂ ਮੰਗਾਂ ਹਨ ਉਹਨਾਂ ਦੀ ਪੂਰਤੀ ਕਰਵਾਉਣ ਲਈ ਦਿਲੋਂ ਕੇਂਦਰ ਅਤੇ ਪੰਜਾਬ ਸਾਰਕਾਰ ਨੂੰ ਸਿਫਾਰਿਸ਼ ਕਰਾਂਗਾ।

## ਹੁਸ਼ਿਆਰਪੁਰ ਵਿਖੇ ਨੈਕਸਾ ਸਰਵਿਸ ਆਉਟਲੈੱਟ ਦਾ ਉਦਘਾਟਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਆਟੋਮੋਬਾਇਲਸ ਦੀ ਸ਼ੁਰੂਆਰ 13 ਅਪ੍ਰੈਲ 1980 'ਚ ਅਜਵਿੰਦਰ ਸਿੰਘ ਨੇ ਬਜਾਜ ਟੈਂਪੂ ਦੀ ਅਥੋਰਾਇਸ ਸਰਵਿਸ ਪੁਆਇੰਟ ਦੇ ਤੌਰ 'ਤੇ ਕੀਤੀ।ਅਜਵਿੰਦਰ ਸਿੰਘ ਦੀ ਅਣਥੱਕ ਮਿਹਨਤ ਨਾਲ ਇਸ ਕੰਪਨੀ ਨੂੰ ਸਿਖਰਾ ਤੱਕ ਪਹੁੰਚਾਇਆ। ਉਸ ਤੋਂ ਬਾਅਦ 2016 'ਚ ਮੰਡੀ ਗੋਬਿੰਦਗੜ੍ਹ ਵਿਚ ਅਥੋਰਾਇਸ ਡੀਲਰ ਅਤੇ ਹੁਸ਼ਿਆਰਪੁਰ ਵਿਚ ਨੈਕਸਾ ਸੇਲਸ ਚੈਨਲ ਦੇ ਡੀਲਰ ਦੇ ਤੌਰ 'ਤੇ ਕੰਮ ਸ਼ੁਰੂ ਕੀਤਾ। ਹੁਸ਼ਿਆਰਪੁਰ ਵਿਚ ਨੈਕਸਾ ਸਰਵਿਸ ਦਾ ਉੱਦਘਾਟਨ ਡੇਰਾ ਮਿੱਠਾ ਟਿਵਾਣਾ ਦੇ ਮਹੰਤ ਪ੍ਰਿਤਪਾਲ ਸਿੰਘ ਅਤੇ ਡਾਕਟਰ ਰਵਜੋਤ ਸਿੰਘ ਨਾਲ ਮਿਲਕੇ ਕੀਤਾ ਗਿਆ। ਇਸ ਮੌਕੇ ਕੰਪਨੀ ਦੇ ਐਮ.ਡੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਨੈਕਸਾ ਵਰਕਸ਼ਾਪ 'ਚ ਵਰਲਡ ਕਲਾਸ ਸੁਵਿਧਾਵਾ ਨਾਲ ਭਰਪੂਰ ਹੈ।ਇਸ ਮੌਕੇ ਬਾਬਾ ਬਲਵੰਤ ਸਿੰਘ ਹਰਖੋਵਾਲ, ਬਾਬਾ ਹਰਮਨਜੀਤ ਸਿੰਘ ਸਿੰਗੜੀਵਾਲਾ, ਬਾਬਾ ਹਰਦੇਵ ਸਿੰਘ ਤਲਵੰਡੀ ਅਰਾਈਆ, ਬਾਬਾ ਹਰਨਾਮ ਸਿੰਘ ਜੰਡੋਲੀ, ਬਾਬਾ ਹਰਜਿੰਦਰ ਸਿੰਘ, ਅਮਰੀਕ ਸਿੰਘ ਤੇ ਡਾ. ਸੁਖਰਾਜ ਸਿੰਘ ਸਵਰਨ ਸਿਨੇਮਾ ਵਾਲੇ, ਸਾਬਕਾ ਕੇਂਦਰੀ ਮੰਤਰੀ ਵਿਜੇ ਸਾਪਲਾਂ, ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਦੇ ਸਮੂਹ ਮੈਂਬਰ ਅਤੇ ਸ਼ਹਿਰ ਦੇ ਪਤਵੰਡੇ ਸੱਜਣ ਹਾਜ਼ਰ ਸਨ।

## ਤੀਆਂ ਦਾ ਮੇਲਾ 28 ਨੂੰ ਮਨਾਇਆ ਜਾਵੇਗਾ : ਸੂਰੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਧੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਸਾਵਣ ਦਾ ਮਹੀਨਾ ਪੰਜਾਬੀ ਸੱਭਿਆਚਾਰ ਦੇ ਲਈ ਵੀ ਬਹੁਤ ਮਹੱਤਵਪੂਰਨ ਹੈ।ਸਾਵਣ ਦੇ ਮਹੀਨੇ ਵਿੱਚ ਨਵ-ਵਿਆਹੁਤਾ ਔਰਤਾਂ ਆਪਣੇ ਪੇਕੇ ਘਰ ਜਾ ਕੇ ਆਪਣੀ ਸਹੇਲੀਆਂ ਨਾਲ ਪਿੱਪਲ ਹੇਠਾਂ ਪੀਂਘਾਂ ਝੂਟਦੀਆਂ ਅਤੇ ਨੱਚ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਅੱਜ ਦੇ ਆਧੁਨਿਕ ਯੁੱਗ ਵਿੱਚ ਨਵੀਂ ਪੀੜ੍ਹੀ ਆਪਣੇ ਸੱਭਿਆਚਾਰ ਨੂੰ ਭੁੱਲਦੀ ਜਾ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਸੂਰੀ ਹਸਪਤਾਲ ਬਲਾਚੌਰ ਦੇ ਡਾਕਟਰ ਅਮਨਦੀਪ ਸੂਰੀ ਕਿਹਾ ਕਿ 28 ਜੁਲਾਈ ਦਿਨ ਐਤਵਾਰ ਨੂੰ ਸਮਾ 3: 00 ਤੋਂ 6:00 ਵਜੇ ਤੱਕ ਸਥਾਨ ਖਾਲਸਾ ਫਾਰਮ ਸੁਜੋਵਾਲ ਰੋਡ ਬਲਾਚੌਰ ਤੀਆਂ ਦਾ ਮੇਲਾ ਵੱਡੇ ਪੱਧਰ 'ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਨ ਭਗਵਾਨ ਭੋਲੇ ਸ਼ੰਕਰ ਅਤੇ ਮਾਤਾ ਪਾਰਵਤੀ ਦਾ ਮਿਲਾਪ ਹੋਇਆ ਸੀ। ਇਸ ਕਾਰਨ ਵਿਆਹੁਤਾ ਔਰਤਾਂ ਆਪਣੇ ਪਤੀ ਦੀ ਲੰਬੀ ਉਮਰ ਅਤੇ ਬਿਹਤਰ ਵਿਆਹੁਤਾ ਜੀਵਨ ਲਈ ਇਸ ਦਿਨ ਵਰਤ ਰੱਖਦੀਆਂ ਹਨ। ਇਸ ਦੇ ਨਾਲ ਹੀ ਅਣਵਿਆਹੀਆਂ ਕੁੜੀਆਂ ਚੰਗੇ ਪਤੀ ਲਈ ਤੀਜ ਦਾ ਵਰਤ ਰੱਖਦੀਆਂ ਹਨ। ਇਸ ਮਹੀਨੇ 'ਚ ਚਾਰੇ ਪਾਸੇ ਹਰਿਆਲੀ ਹੁੰਦੀ ਹੈ। ਇਸ ਦੌਰਾਨ ਮੁੱਖ ਮਹਿਮਾਨ ਅਨੀਤਾ ਦੇਵਗਨ, ਹੋਸਟਿਡ ਮੋਹਿਤ ਕਪੂਰ ਖਲੀ , ਮਨੀ ਬੋਪਾਰਾਏ, ਮਨਪ੍ਰੀਤ ਮਨੀ, ਪਾਇਲ ਪਰਮ, ਟਾਇਗਰ ਅਮਰੀਕਅਮਰੀਕ ਸਿੰਘ, ਪ੍ਰੀਤ ਬਾਠ, ਬੱਲੂ ਰਾਮਗੜ੍ਹੀਆ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

## ਡੇਂਗੂ ਦੀ ਰੋਕਥਾਮ ਲਈ ਆਮ ਲੋਕਾਂ ਨੂੰ ਕੀਤਾ ਜਾਗਰੂਕ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਦੀ ਯੋਗ ਰਹਿਨੁਮਾਈ ਹੇਠ ਹੈਲਥ ਇੰਸਪੈਕਟਰ ਰਾਜਿੰਦਰ ਸਿੰਘ ਅਤੇ ਆਸ਼ਾ ਵਰਕਰ ਤਸਮੇਸ਼ ਕੌਰ ਪਿੰਡ ਦੁਰਗਾਪੁਰ ਵਿਖੇ ਡੇਂਗੂ ਦੀ ਰੋਕਥਾਮ ਲਈ ਆਮ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਘਰਾਂ ਵਿੱਚ ਲਾਰਵਾ ਵੀ ਚੈੱਕ ਕੀਤਾ ਗਿਆ। ਪਿੰਡ ਦੁਰਗਾਪੁਰ ਵਿੱਚ ਡੇਂਗੂ, ਮਲੇਰੀਆ ਦੇ ਲੱਛਣਾਂ ਤੇ ਬਚਾਅ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਗਮਲਿਆਂ, ਫਰਿਜਾਂ ਦੀਆਂ ਟਰੇਆਂ, ਕੂਲਰਾਂ, ਪੁਰਾਣੇ ਟਾਇਰਾਂ, ਛੱਤਾਂ 'ਤੇ ਪਏ ਕਬਾੜ ਸਮਾਨ ਆਦਿ 'ਚ ਪਾਣੀ ਨਾ ਜਮ੍ਹਾਂ ਹੋਣ ਦਿੱਤਾ ਜਾਵੇ, ਹਫ਼ਤੇ 'ਚ ਇਕ ਦਿਨ ਹਰੇਕ ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ ਡਰਾਈ ਡੇ ਵਜੋਂ ਮਨਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ ਏਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਸ ਤੋਂ ਬਚਾਅ ਲਈ ਅਪਣੇ ਸਰੀਰ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖਣਾ ਚਾਹੀਦਾ ਹੈ, ਰਾਤ ਨੂੰ ਸੌਣ ਸਮੇਂ ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਡੇਂਗੂ ਬੁਖਾਰ ਦਾ ਟੈਸਟ ਅਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫਤ ਕੀਤਾ ਜਾਂਦਾ ਹੈ।

## ਬਜਵਾੜਾ ਕਲਾਂ ਵਿਖੇ ਬਾਬਾ ਮੇਲਾ ਸਿੰਘ ਜਾਗਣੀਵਾਲ ਦੀ ਯਾਦ 'ਚ ਗੁਰਮਤਿ ਸਮਾਗਮ



**ਹੁਸ਼ਿਆਰਪੁਰ, (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਜਵਾੜਾ ਕਲਾਂ ਗੁਰਦੁਆਰਾ ਸ਼੍ਰੀ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਦੇ ਅਸਥਾਨ 'ਤੇ ਮੀਰੀ ਪੀਰੀ ਸ਼ਾਸਤਰ ਧਾਰਨ ਦਿਵਸ, ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ ਬਾਬਾ ਮੇਲਾ ਸਿੰਘ ਜਾਗਣੀਵਾਲ ਦੀ ਯਾਦ ਵਿੱਚ ਸਾਲਾਨਾ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਮੁੱਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਸਮਾਗਮ ਦੌਰਾਨ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਸਮਾਗਮ ਦੌਰਾਨ ਸਿੰਘ ਸਾਹਿਬ ਜਥੇਦਾਰ ਬਾਬਾ ਸਿੰਘ ਸਾਹਿਬ ਗੁਰਦੇਵ ਸਿੰਘ, ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ, ਭਾਈ ਜਗਜੀਤ ਸਿੰਘ, ਭਾਈ ਤਨਵੀਰ ਸਿੰਘ, ਭਾਈ ਸਿਮਰਨਜੀਤ ਸਿੰਘ-ਭਾਈ ਬਲਜੋਤ ਸਿੰਘ ਕਵੀਸ਼ਰੀ ਚੱਬੇਵਾਲ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਬਾਬਾ ਕੁਲਵਰਨ ਸਿੰਘ ਬੈਂਸ ਗੋਪਾਲੀਆ, ਹਰਵਿੰਦਰ ਸਿੰਘ ਰਾਣਾ ਭਬਿਆਣਾ, ਕੁਲਵੰਤ ਸਿੰਘ ਹਾਰਟਾ, ਰਾਜੂ ਸਿੰਘ, ਬੱਬੀ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਲੰਗੇਰੀ, ਸੁਰਜੀਤ ਸਿੰਘ ਢੱਕੋਵਾਲ, ਸੁਰਿੰਦਰ ਸਿੰਘ, ਬੀਬੀ ਰਜਨੀ, ਕਰਨੈਲ ਸਿੰਘ ਪੱਟੀ, ਬਲਵੀਰ ਸਿੰਘ ਹੇੜੀਆ, ਬਲਦੇਵ ਸਿੰਘ ਅਜੜਾਮ ਆਦਿ ਹਾਜ਼ਰ ਸਨ।ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ।

## ਕੈਂਪ ਦੌਰਾਨ ਵਿਧਾਇਕ ਘੁੰਮਣ ਤੇ ਏ ਡੀ ਸੀ ਨੇ ਸੁਣੀਆਂ ਲੋਕਾਂ ਦੀਆਂ ਸ਼ਿਕਾਇਤਾਂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਉਪ ਮੰਡਲ ਦਸੂਹਾ ਦੇ ਪਿੰਡ ਸੰਘਵਾਲ ਸੰਸਾਰਪੁਰ ਵਿਚ ਜਨਤਕ ਸ਼ਿਕਾਇਤ ਨਿਵਾਰਣ ਕੈਂਪ ਲਗਾਇਆ ਗਿਆ।ਇਸ ਦੌਰਾਨ ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਅਤੇ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਖੇਤਰ ਦੇ 50 ਤੋਂ ਵੱਧ ਪਿੰਡਾਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਜ਼ਿਆਦਾਤਰ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ।ਇਸ ਦੌਰਾਨ ਐਸ ਡੀ ਐਮ ਦਸੂਹਾ ਪ੍ਰਦੀਪ ਸਿੰਘ ਬੈਂਸ, ਡੀ ਐਸ ਪੀ ਜਗਦੀਸ਼ ਰਾਜ, ਤਹਿਸੀਲਦਾਰ ਮਨਬੀਰ ਸਿੰਘ ਢਿੱਲੋਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਇਸ ਮੌਕੇ 'ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਸੂਬੇ ਦੇ ਵੱਖ-ਵੱਖ ਪਿੰਡਾਂ ਵਿਚ ਇਸ ਤਰ੍ਹਾਂ ਦੇ ਸ਼ਿਕਾਇਤ ਨਿਵਾਰਣ ਕੈਂਪ ਲਗਾਏ ਜਾ ਰਹੇ ਹਨ, ਜਿਥੇ ਆਸਪਾਸ ਦੇ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ। ਇਸੇ ਲੜੀ ਵਿਚ ਦਸੂਹਾ ਵਿਧਾਨ ਸਭਾ ਖੇਤਰ ਦੇ ਪਿੰਡ ਸੰਘਵਾਲ ਸੰਸਾਰਪੁਰ ਵਿਚ ਲਗਾਏ ਗਏ ਇਸ ਕੈਂਪ 'ਚ ਖੇਤਰ ਦੇ ਪਿੰਡਾਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਜ਼ਿਲ੍ਹੇ ਦੇ ਸਾਰੇ ਵਿਭਾਗ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੇ ਸ਼ਿਕਾਇਤ ਨਿਵਾਰਨ ਕੈਂਪ ਰਾਹੀਂ ਸਾਰੇ ਵਿਭਾਗਾਂ ਦੇ ਅਧਿਕਾਰੀ ਲੋਕਾਂ ਦੇ ਕੋਲ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਇਸ ਦੌਰਾਨ ਦੱਸਿਆ ਕਿ ਸ਼ਿਕਾਇਤ ਨਿਵਾਰਣ ਕੈਂਪ ਵਿਚ ਜ਼ਿਆਦਾਤਰ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਹੈ ਅਤੇ ਜਿਨ੍ਹਾਂ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਨਹੀਂ ਹੋਇਆ, ਉਨ੍ਹਾਂ ਨੂੰ ਜਲਦ ਹੀ ਸਬੰਧਿਤ ਵਿਭਾਗ ਵੱਲੋਂ ਸਮੇਂ ਸਿਰ ਹੱਲ ਕੀਤਾ ਜਾਵੇਗਾ।

## ਸਿੱਖਿਆ ਬੋਰਡ ਦੇ ਸਕੱਤਰ ਵੱਲੋਂ ਖੇਤਰੀ ਦਫਤਰਾਂ ਦੇ ਸਟੋਰ ਇੰਚਾਰਜਾਂ ਨਾਲ ਉੱਚ-ਪੱਧਰੀ ਮੀਟਿੰਗ



**ਐਸ.ਏ.ਐਸ ਨਗਰ, (ਗੁਰਜੀਤ ਬਿੱਲਾ )** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ (ਪੀ.ਸੀ.ਐਸ) ਜੀ ਨੇ ਵੱਖ-ਵੱਖ ਖੇਤਰੀ ਦਫ਼ਤਰਾਂ ਦੇ ਸਟੋਰ ਕੀਪਰਾਂ ਨਾਲ ਇੱਕ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ ।ਮੀਟਿੰਗ ਦਾ ਕੇਂਦਰ ਬਿੰਦੂ ਸਟੋਰ ਇੰਚਾਰਜਾਂ ਦੀਆਂ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਸਰਗਰਮੀ ਨਾਲ ਸੁਣਦੇ ਹੋਏ ਜ਼ਿਲ੍ਹਾ ਦਫ਼ਤਰਾਂ ਦੀ ਕਾਰਜਕੁਸ਼ਲਤਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਵਿਆਪਕ ਰਣਨੀਤੀਆਂ ਬਣਾਉਣ ਅਤੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਗੁਣਵੱਤਾ ਨੂੰ ਵਧਾਉਣ ਇਸ ਮੀਟਿੰਗ ਦਾ ਇੱਕ ਮਹੱਤਵਪੂਰਨ ਅਤੇ ਮੁੱਖ ਟੀਚਾ ਰਿਹਾ ।ਮੀਟਿੰਗ ਦੌਰਾਨ, ਸਕੱਤਰ ਨੇ ਸੂਬੇ ਦੇ ਵਿਦਿਆਰਥੀਆਂ ਦੀ ਸੇਵਾ ਵਿੱਚ ਜ਼ਿਲ੍ਹਾ ਦਫ਼ਤਰਾਂ ਦੁਆਰਾ ਨਿਭਾਈ ਗਈ ਅਹਿਮ ਭੂਮਿਕਾ ਅਤੇ ਰਾਜ ਭਰ ਵਿੱਚ ਨਿਰਵਿਘਨ ਸੇਵਾਵਾਂ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਕੱਤਰ ਨੇ ਸਟੋਰ ਕੀਪਰਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਕਾਜ ਵਿੱਚ ਦਰਪੇਸ਼ ਚੁਣੌਤੀਆਂ ਅਤੇ ਪੁਸਤਕਾਂ ਦੇ ਰੱਖ-ਰਖਾਅ ਨਾਲ ਸਬੰਧਤ ਵੱਖ-ਵੱਖ ਔਂਕੜਾਂ ਤੇ ਪਹਿਲੂਆਂ ਨੂੰ ਸੁਣਿਆ।ਸਕੱਤਰ ਨੇ ਆਪਣੇ ਸੰਬੋਧਨ ਦੌਰਾਨ ਪੁਸਤਕਾਂ ਦੇ ਰੱਖ ਰਖਾਵਾਂ ਅਤੇ ਸੁਧਾਰ ਲਈ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਅਤੇ ਅਜਿਹਾ ਢੰਗ ਤਰਿਕਾ ਅਪਣਾਏ ਜਾਣ ਲਈ ਕਿਹਾ ਜਿਸ ਨਾਲ ਪਾਠ ਪੁਸਤਕਾਂ ਤਰਤੀਬ ਅਨੁਸਾਰ ਰੱਖਿਆ ਜਾ ਸਕੇ। ਸਮੂਹ ਸਟੋਰ ਇੰਚਾਰਜਾਂ ਵੱਲੋਂ ਦੱਸਿਆ ਗਿਆ ਕਿ ਭਲਾਈ ਵਿਭਾਗ ਅਤੇ ਸਰਬ ਸਿੱਖਿਆ ਅਭਿਆਨ ਦੀ ਡਿਮਾਂਡ ਅਨੁਸਾਰ ਪੁਸਤਕਾਂ ਦੀ ਸਪਲਾਈ ਮੁਕੰਮਲ ਹੋ ਚੁੱਕੀ ਹੈ ।ਸਕੱਤਰ ਨੇ ਸਾਰੇ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਰੋਡਮੈਪ ਤਿਆਰ ਕਰਨ, ਖੇਤਰੀ ਦਫਤਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਆਦੇਸ਼ ਦਿੱਤੇ ਅਤੇ ਜ਼ਿਲ੍ਹਾ ਦਫ਼ਤਰਾਂ ਵਿੱਚ ਸਮੁੱਚੇ ਕੰਮਕਾਜੀ ਮਾਹੌਲ ਨੂੰ ਸੁਖਾਵਾਂ ਕਰਨ, ਪੁਸਤਕਾਂ ਦੀ ਵਿਕਰੀ ਵਧਾਉਣ ਲਈ ਹੋਰ ਸੰਭਵ ਉਪਰਾਲੇ ਕਰਨ ਲਈ ਕਿਹਾ ਗਿਆ । ਅੰਤ ਵਿੱਚ ਸਕੱਤਰ ਵੱਲੋਂ ਇਹ ਸੰਦੇਸ਼ ਦਿੱਤਾ ਗਿਆ ਕਿ ਕੋਈ ਵੀ ਵਿਦਿਆਰਥੀ ਪੁਸਤਕ ਤੋਂ ਵਾਂਝਾ ਨਾ ਰਹੇ ਅਤੇ ਦੀ ਵਿਦਿਆਰਥੀਆਂ ਦੇ ਭਲਾਈ ਲਈ ਸਿੱਖਿਆ ਬੋਰਡ ਹਮੇਸ਼ਾ ਵਚਨਬੱਧ ਰਹੇਗਾ।

## ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਵਿਖੇ ਭਗਵਾਨ ਗਣੇਸ਼ ਦੀ ਮੂਰਤੀ ਸਥਾਪਨਾ ਭਲਕੇ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਮਾਂ ਮਾਤੇਸ਼ਵਰੀ ਮੰਦਿਰ ਢੋਲਵਾਹਾ ਜਨੌੜੀ ਵਿਖੇ ਸ਼ਿਵ ਪਰਵਾਰ ਭਗਵਾਨ ਗਣੇਸ਼ ਜੀ ਦੀ ਮੂਰਤੀ ਸਥਾਪਨਾ ਅਤੇ ਗੁਰੂਪੁਰਨੀਮਾ ਦੇ ਮੌਕੇ 'ਤੇ 21 ਜੁਲਾਈ ਨੂੰ ਗੱਦੀ ਨਸ਼ੀਨ ਸਨਿਆਸੀ ਬਾਬਾ ਸੋਮਾਨੰਦ ਅਤੇ ਮੁੱਖ ਅਚਾਰਿਆ ਰਜਿੰਦਰ ਸ਼ਰਮਾ ਦੀ ਦੇਖਰੇਖ ਵਿੱਚ ਕਰਵਾਏ ਜਾ ਰਹੇ ਨੌਂ ਹਵਨ ਕੁੰਡੀ ਯੱਗ ਦੀਆਂ ਕੀਤੀਆਂ ਗਈਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੰਦਿਰ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਮੰਦਿਰ ਕਮੇਟੀ ਦੇ ਹੈਡ ਆਫਿਸ ਟਾਂਡਾ ਵਿਖੇ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਅਰਵਿੰਦਰ ਠਾਕੁਰ, ਸੁਰਜੀਤ ਸਿੰਘ, ਸਰਬਜੀਤ ਸਾਬੀ, ਠਾਕੁਰ ਬਿਮਲਾ ਦੇਵੀ, ਹਰਭਜਨ ਸਿੰਘ, ਹਰਪ੍ਰੀਤ ਸਿੰਘ, ਰਾਮ ਕ੍ਰਿਪਾਲ ਅਤੇ ਹੋਰ ਕਮੇਟੀ ਮੈਂਬਰ ਸ਼ਾਮਿਲ ਹੋਏ। ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਸਥਾਪਕ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਪਿੰਡ ਢੋਲਵਾਹਾ ਜਨੌੜੀ ਅਤੇ ਇਲਾਕੇ ਦੇ ਸ਼ਰਧਾਲੂਆਂ ਦੀ ਸ਼ਰਧਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੇ ਸਹਿਯੋਗ ਨਾਲ 21 ਜੁਲਾਈ ਨੂੰ ਮਾਂ ਮਾਤੇਸ਼ਵਰੀ ਮੰਦਿਰ ਢੋਲਵਾਹਾ ਜਨੌੜੀ ਵਿਖੇ ਪੂਰੀ ਵਿਧੀ ਪੂਰਵਕ ਸ਼ਿਵ ਪਰਿਵਾਰ ਭਗਵਾਨ ਗਣੇਸ਼ ਜੀ ਦੀ ਮੂਰਤੀ ਸਥਾਪਨਾ ਕੀਤੀ ਜਾ ਰਹੀ ਹੈ ਜਿਸ ਵਿੱਚ ਦੂਰ ਦਰਾਜੋ ਹਜ਼ਾਰਾਂ ਦੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੇ ਰਾਤ ਠਹਿਰਨ ਅਤੇ ਖਾਣ ਪੀਣ ਲਈ ਸਾਰੇ ਢੁੱਕਵੇਂ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ 21 ਜੁਲਾਈ ਨੂੰ ਗੁਰੂਪੁਰਨਿਮਾ ਦੇ ਮੌਕੇ ਤੇ ਗਾਂਧੀ ਪਰਵਾਰ ਵੱਲੋਂ ਨੌ ਹਵਨ ਕੁੰਡੀ ਯੱਗ ਕੀਤੇ ਜਾਣਗੇ, ਜਿਸ ਵਿੱਚ ਠਾਕੁਰ ਗਾਂਧੀ ਰਾਮ, ਠਾਕੁਰ ਸੁਰਜੀਤ ਸਿੰਘ, ਠਾਕੁਰ ਲਵਨੇਸ਼, ਸਮੂਹ ਕਮੇਟੀ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆਂ ਉੱਗੀਆਂ ਸ਼ਖਸੀਅਤਾਂ ਵੱਲੋਂ ਪੂਜਾ ਪਾਠ ਉਪਰੰਤ ਸਮੱਗਰੀ ਪਾ ਕੇ ਹਵਨ ਯੱਗ ਸੰਪੂਰਨ ਕੀਤੇ ਜਾਣਗੇ। ਗੱਦੀ ਨਸ਼ੀਨ ਸਨਿਆਸੀ ਬਾਬਾ ਸੋਮਾਨੰਦ ਅਤੇ ਮੁੱਖ ਆਚਾਰਿਆ ਰਜਿੰਦਰ ਸ਼ਰਮਾ ਵੱਲੋਂ ਮੰਤਰ ਜਾਪ ਕਰਨ ਉਪਰੰਤ ਵਿਧੀ ਪੂਰਵਕ ਮੂਰਤੀ ਸਥਾਪਨਾ ਕੀਤੀ ਜਾਵੇਗੀ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਸਰਕਾਰੀ ਹਾਈ ਸਕੂਲ ਲਲਵਾਣ ਦੇ 46 ਲੋੜਵੰਦ ਬੱਚਿਆਂ ਨੂੰ ਵਰਦੀਆਂ ਦਿੱਤੀਆਂ



**ਮਾਹਿਲਪੁਰ (ਸ.ਫਰੀ)**— ਹਕੂਮਤਪੁਰੀ ਹੈਲਪਿੰਗ ਆਰਗੇਨਾਈਜ਼ਿੰਗ ਦੇ ਪ੍ਰਧਾਨ ਅਵਤਾਰ ਸਿੰਘ ਕਾਲੇਵਾਲ, ਲੈਕਚਰਾਰ ਬਲਦੇਵ ਸਿੰਘ, ਵਿਵੇਕ ਅਤੇ ਹਾਰਦਿਕ ਅਤੇ ਸਮੀਰ ਸ਼ਰਮਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸੰਸਥਾ ਵੱਲੋਂ ਸੰਸਥਾ ਵੱਲੋਂ ਪਿੰਡ ਲਲਵਾਣ ਦੇ ਸਰਕਾਰੀ ਹਾਈ ਸਕੂਲ ਚ ਲੋੜਵੰਦ ਬੱਚਿਆਂ ਨੂੰ ਵਰਦੀਆਂ ਅਤੇ ਉਨ੍ਹਾਂ ਦੀ ਮਹੀਨਾਵਾਰ ਫ਼ੀਸ ਅਤੇ ਰਜਿਸਟ੍ਰੇਸ਼ਨ ਫੀਸ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਵਰਦੀਆਂ ਵਿਚ ਜਿੱਥੇ ਐਨ ਆਰ ਆਈਜ਼ ਨੇ ਸਹਿਯੋਗ ਕੀਤਾ ਨਾਲ ਨਿਸ਼ਕਾਮ ਸੁਖਮਨੀ ਸੁਸਾਇਟੀ ਨੇ ਵੀ ਬੱਚਿਆਂ ਦੀ ਵਰਦੀਆਂ ਦੇ ਕੱਪੜੇ ਵਿੱਚ ਸਹਿਯੋਗ ਕੀਤਾ। ਉਨ੍ਹਾਂ ਦੱਸਿਆ ਕਿ ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੀ ਦਿੱਤਾ ਜਾ ਰਿਹਾ ਹੈ। ਇਹ ਸਾਰਾ ਕੁਝ ਡੈਲਿਸ ਦੀ ਟੀਮ ਐਨ ਆਰ ਆਈ ਆਈਜ਼ - ਨਰਿੰਦਰ ਸੈਣੀ, ਸ਼ੈਲੀ ਸੈਣੀ, ਤਹਿਸੀਲ ਸਿੰਘ ਧਾਲੀਵਾਲ, ਇੰਦਰਜੀਤ ਸਿੰਘ, ਰਕੇਸ਼ ਸੈਣੀ, ਦਵਿੰਦਰ ਸਿੰਘ ਸਾਂਗੋਵਾਲੀਆ, ਜਸਵਿੰਦਰ ਸਿੰਘ, ਵਿੱਕੀ ਭੋਗਲ , ਡਾ. ਰਾਜੇਸ਼ ਸੈਣੀ, ਸੱਜਣਮੀਤ ਸਿੰਘ ਗਿੱਲ, ਅਕਾਲ ਬਿਜਨੇਸ ਇਨ ਕਾਰਪੋਰੇਸ਼ਨ, ਅਮਨਦੀਪ ਸਿੰਘ, ਸੰਦੀਪ ਸਿੰਘ, ਚਰਨਪ੍ਰੀਤ ਸਿੰਘ ਟਿੰਮੀਂ, ਰਜਿੰਦਰ ਮੱਟੂ, ਅਜੀਤ ਗੰਗੜ, ਮਹਾਰਾਜਾ ਇੰਡੀਅਨ ਰੈਸਟੋਰੈਂਟ, ਸੁਨੀਲ ਕੱਕੜ, ਅਕਾਸ਼ ਬੰਗੜ , ਦਲਜੀਤ ਲਾਲੀ, ਸਦੀਪ ਸਿੰਘ, ਕੁਲਜੀਤ ਚੀਮਾਂ, ਟਾਕ ਐਂਡ ਟ੍ਰੇਡ ਐਲ.ਐਲ.ਸੀ , ਅਮਰੀਕ ਨੇਜ਼ਰ, ਪ੍ਰਤਾਪ ਸਿੰਘ, ਭੁਪਿੰਦਰ ਸਿੰਘ, ਰਮਤ ਸੈਣੀ, ਸੋਨੂੰ ਸਿੰਘ, ਬਲਵਿੰਦਰ ਸਿੰਘ, ਅਸਟ੍ਰੇਲੀਆ ਸਿਡਨੀ ਟੀਮ, ਸੁਨੀਤਾ ਮੁਖਰਜੀ, ਹਰਵਿੰਦਰ ਸਿੰਘ, ਕਮਲੇਸ਼ ਕੁਮਾਰੀ, ਮਨੋਜ ਕੁਮਾਰ ਰਾਣਾ, ਨੈਨਸੀ ਭਾਰਤੀ, ਵਿਵੇਕ, ਹਾਰਦਿਕ, ਸਮੀਰ ਸ਼ਰਮਾ, ਬਲਦੇਵ ਸਿੰਘ, ਬਾਲਕ੍ਰਿਸ਼ਨ, ਪੂਨਮ ਵਾਲੀਆ, ਰਾਜੇਸ਼ ਗੌਤਮ, ਸ਼ਲਿੰਦਰ, ਹਰਸ਼ ਬੰਗੜ, ਸਾਗਰ ਜਿਆਣ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਮੌਕੇ ਸਕੂਲ ਇੰਚਾਰਜ ਮੈਡਮ ਮਨਦੀਪ ਕੌਰ, ਮਨੋਜ ਕੁਮਾਰ, ਮਹੇਸ਼ਇੰਦਰ, ਗੁਰਦੇਵ ਸਿੰਘ, ਮਨਜੀਤ ਕੌਰ, ਰਮਿੰਦਰ ਕੌਰ, ਜਸਵੰਤ ਸਿੰਘ ਸਿਹਰਾ, ਇੰਜ਼ ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਨੇ ਕਰਵਾਇਆ ਮਹੀਨਾਵਾਰ ਪੈਨਸ਼ਨ ਵੰਡ ਸਮਾਗਮ



**ਫਗਵਾੜਾ ( ਡਾ. ਰਮਨ, ਢੱਡਾ )** ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵਲੋਂ ਮਹੀਨਾਵਾਰ ਪੈਨਸ਼ਨ ਵੰਡ ਸਮਾਗਮ ਕਲੱਬ ਪ੍ਰਧਾਨ ਲਾਇਨ ਜੁਗਲ ਬਵੇਜਾ ਦੀ ਅਗਵਾਈ ਹੇਠ ਲਾਇਨਜ ਇੰਟਰਨੈਸ਼ਨਲ 321-ਡੀ ਦੇ ਰਿਜਨ ਚੇਅਰਮੈਨ ਆਸ਼ੂ ਮਾਰਕੰਡਾ ਦੇ ਦਫਤਰ ਚਿਰਾਗ ਐਸੋਸੀਏਟਸ ਸੁਭਾਸ਼ ਨਗਰ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ, ਨੌਜਵਾਨ ਆਗੂ ਹਰਨੂਰ ਸਿੰਘ ਹਰਜੀ ਮਾਨ ਤੋਂ ਇਲਾਵਾ ਲਾਇਨਜ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ, ਸਮਾਜ ਸੇਵਕ ਤਜਿੰਦਰ ਬਾਵਾ, ਬੱਬੂ ਮਨੀਲਾ ਤੇ ਅਸ਼ੋਕ ਵਧਵਾ ਨੇ ਹਾਜਰੀ ਲਗਵਾਈ। ਡਾ. ਰਾਜਕੁਮਾਰ ਚੱਬੇਵਾਲ ਨੇ ਲੋੜਵੰਦ ਔਰਤਾਂ ਨੂੰ ਪੈਨਸ਼ਨ ਦੇ ਨਾਲ ਆਟੇ ਦੀ ਥੈਲੀ ਭੇਂਟ ਕਰਨ ਦੀ ਆਰੰਭਤਾ ਕਰਵਾਈ। ਉਪਰੰਤ ਉਹਨਾਂ ਕਲੱਬ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਵਲੋਂ ਹਰ ਸੰਭਵ ਸਹਿਯੋਗ ਕਲੱਬ ਨੂੰ ਦੇਣ ਦਾ ਭਰੋਸਾ ਦਿੱਤਾ। ਕਲੱਬ ਪ੍ਰਧਾਨ ਲਾਇਨ ਜੁਗਲ ਬਵੇਜਾ ਨੇ ਦੱਸਿਆ ਕਿ ਪੈਨਸ਼ਨ ਦੇ ਨਾਲ ਆਟੇ ਦੀ ਥੈਲੀ ਭੇਂਟ ਕਰਨ ਦਾ ਇਹ ਪ੍ਰੋਜੈਕਟ ਬਤੌਰ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਵਲੋਂ ਸ਼ੁਰੂ ਕੀਤਾ ਗਿਆ ਸੀ। ਜੋ ਕਿ ਹੁਣ ਰਿਜਨ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹਨਾਂ ਦੱਸਿਆ ਕਿ ਪੈਨਸ਼ਨ ਵੰਡਣ ਦਾ 13ਵਾਂ ਲੜੀਵਾਰ ਪ੍ਰੋਜੈਕਟ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਗਿਆ ਹੈ। ਜਿਸ ਦੀ ਸਫਲਤਾ ਲਈ ਉਹ ਸਮੂਹ ਪਤਵੰਤਿਆਂ ਅਤੇ ਸਹਿਯੋਗੀਆਂ ਦੇ ਧੰਨਵਾਦੀ ਹਨ। ਰਿਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਨੇ ਭਰੋਸਾ ਜਤਾਇਆ ਕਿ ਕਲੱਬ ਦੀ ਨਵੀਂ ਟੀਮ ਵਲੋਂ ਇਸ ਪ੍ਰੋਜੈਕਟ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਡਿਸਟ੍ਰਿਕਟ ਚੇਅਰਮੈਨ ਲਾਇਨ ਗੁਰਦੀਪ ਸਿੰਘ ਕੰਗ, ਸਮਾਜ ਸੇਵਕ ਤੇਜਿੰਦਰ ਬਾਵਾ, ਬੱਬੂ ਮਨੀਲਾ ਅਤੇ ਅਸ਼ੋਕ ਵਧਵਾ ਨੇ ਵੀ ਲਾਇਨਜ ਕਲੱਬ ਫਗਵਾੜਾ ਸਿਟੀ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ। ਕਲੱਬ ਵਲੋਂ ਮੁੱਖ ਮਹਿਮਾਨ ਡਾ. ਰਾਜਕੁਮਾਰ ਚੱਬੇਵਾਲ, ਗੈਸਟ ਆਫ ਆਨਰ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ ਤੇ ਹਰਨੂਰ ਸਿੰਘ ਹਰਜੀ ਮਾਨ ਤੋਂ ਇਲਾਵਾ ਯੂਥ ਵਿੰਗ ਦੇ ਕੋਆਰਡੀਨੇਟਰ ਆਸ਼ੂ ਮੱਟੂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਸਰਪੰਚ ਪੰਡਵਾ, ਵਰੁਣ ਬੰਗੜ ਚੱਕ ਹਕੀਮ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਤੋਂ ਇਲਾਵਾ ਡਿਸਟ੍ਰਿਕਟ ਚੇਅਰਮੈਨ ਸੁਨੀਲ ਢੀਂਗਰਾ, ਡਿਸਟ੍ਰਿਕਟ ਚੇਅਰਮੈਨ ਅਤੁਲ ਜੈਨ, ਕਲੱਬ ਸਕੱਤਰ ਜਸਵੀਰ ਮਾਹੀ, ਕੈਸ਼ੀਅਰ ਸੁਮਿਤ ਭੰਡਾਰੀ, ਪੀ.ਆਰ.ਓ. ਵਿਪਨ ਠਾਕੁਰ, ਗੁਲਸ਼ਨ ਸ਼ਰਮਾ, ਵਿਜੇ ਅਰੋੜਾ, ਦਿਨੇਸ਼ ਖਰਬੰਦਾ, ਮਨੀਸ਼ ਕਨੌਜੀਆ, ਸ਼ਿਵ ਕਨੌਜੀਆ ਆਦਿ ਹਾਜਰ ਸਨ।

## ਡੀ ਜੀ ਪੀ ਦੀ ਪੁਸਤਕ ਵਾਇਰਡ ਫਾਰ ਸਕਸੈਸ ਦੀ ਮਨੋਹਰ ਲਾਲ ਨੇ ਕੀਤੀ ਘੁੰਡ ਚੁਕਾਈ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**—ਕੇਂਦਰੀ ਬਿਜਲੀ ਅਤੇ ਸ਼ਹਿਰੀ ਕਾਰਜ ਮੰਤਰੀ ਮਨੋਹਰ ਲਾਲ ਨੇ ਨਵੀਂ ਦਿੱਲੀ ਸਥਿਤ ਨਵੇਂ ਮਹਾਰਾਸ਼ਟਰ ਸਦਨ ਵਿਚ ਹਰਿਆਣਾ ਦੇ ਪੁਲਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ ਵੱਲੋਂ ਲਿਖਿਤ ਪੁਸਤਕ ਵਾਇਰਡ ਫਾਰ ਸਕਸੇਸ ਦੀ ਘੁੰਡ ਚੁਕਾਈ ਕੀਤੀ।ਇਸ ਮੌਕੇ 'ਤੇ ਦਿੱਲੀ ਹਾਈ ਕੋਰਟ ਦੇ ਜੱਜ ਡੀ ਕੇ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋ ਮੌਜੂਦ ਰਹੇ। ਇਹ ਕਿਤਾਬ ਹਰਿਆਣਾ ਵਿਚ ਬਿਜਲੀ ਸੁਧਾਰਾਂ ਦੀ ਦਿਸ਼ਾ ਵਿਚ ਕੀਤੇ ਗਏ ਯਤਨਾਂ 'ਤੇ ਅਧਾਰਿਤ ਹੈ ਜਿਸ ਦਾ ਸਮਾਜ ਦੇ ਸਾਰੇ ਵਰਗਾਂ ਤੇ ਹੋਰ ਸੂਬਿਆਂ ਦੇ ਬਿਜਲੀ ਵੰਡ ਨਿਗਮਾਂ ਨੂੰ ਵੀ ਵੱਡੇ ਪੈਮਾਨੇ 'ਤੇ ਲਾਭ ਹੋਵੇਗਾ।ਪੁਸਤਕ ਦੇ ਬਾਰੇ ਵਿਚ ਵਿਚਾਰ ਰੱਖਦੇ ਹੋਏ ਉਨ੍ਹਾਂ ਨੇ ਕਿਹਾ ਕਿ ਵਾਇਰਡ ਫਾਰ ਸਕਸੇਸ ਪੁਸਤਕ ਹਰਿਆਣਾ ਬਿਜਲੀ ਵੰਡ ਕੰਪਨੀਆਂ ਦੀ ਅਭੂਤਪੂਰਵ ਕਹਾਣੀ 'ਤੇ ਅਧਾਰਿਤ ਹੈ। ਉਨ੍ਹਾਂ ਨੇ ਕਿਹਾ ਕਿ ਅਧਿਕਾਰ ਸਿਰਫ ਕਰਮ ਕਰਨ ਦਾ ਹੈ, ਫੱਲ ਦੀ ਚਿੰਤਾ ਕਰਨਾ ਸਾਡਾ ਕੰਮ ਨਹੀਂ ਹੈ ਅਤੇ ਸਾਡੇ ਕਰਮ ਹੀ ਹਰਿਆਣਾ ਨੂੰ ਬਿਜਲੀ ਸੁਧਾਰ ਦੇ ਖੇਤਰ ਵਿਚ ਮੋਹਰੀ ਬਣਾਇਆ ਹੈ।ਇਸ ਮੌਕੇ 'ਤੇ ਉਨ੍ਹਾਂ ਨੇ ਯੂਐਚਬੀਵੀਐਨ ਅਤੇ ਡੀਐਚਬੀਵੀਐਨ ਦੇ ਸਾਰੇ ਮਨੁੱਖ ਸੰਸਾਧਨਾਂ ਅਤੇ ਉਸ ਸਮੇਂ ਦੇ ਸੀਐਮਡੀ ਸ਼ਤਰੂਜੀਤ ਕਪੂਰ ਨੂੰ ਆਪਣੀ ਸ਼ੁਭਕਾਮਨਾਵਾਂ ਦਿੱਤੀਆਂ। ਇਸ ਪੁਸਤਕ ਵਿਚ ਦਿੱਤੀ ਗਈ ਬੇਸਟ ਪ੍ਰੈਕਟੀਸੇਜ ਨੂੰ ਪਬਲਿਕ ਅਤੇ ਕੇਂਦਰ ਸਰਕਾਰ ਦੇ ਸਿਖਲਾਈ ਕੇਂਦਰਾਂ ਵਿਚ ਪੜਾਇਆ ਜਾਵੇ ਤਾਂ ਜੋ ਭਵਿੱਖ ਵਿਚ ਉਨ੍ਹਾਂ ਨੂੰ ਇੰਨ੍ਹਾਂ ਦਾ ਲਾਭ ਮਿਲ ਸਕੇ।

ਪ੍ਰੋਗ੍ਰਾਮ ਵਿਚ ਆਪਣੇ ਵਿਚਾਰ ਰੱਖਦੇ ਹੋਏ ਪੁਲਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ ਨੇ ਕਿਹਾ ਕਿ ਮਨੋਹਰ ਲਾਲ ਦੀ ਅਗਵਾਈ ਹੇਠ ਹਰਿਆਣਾ ਬਿਜਲੀ ਨਿਗਮਾਂ ਨੂੰ ਨਾ ਸਿਰਫ ਸਫਲਤਾ ਦੀ ਨਵੀਂ ਉਚਾਈਆਂ ਮਿਲੀ ਸਗੋਂ ਲਾਇਨ ਲਾਸੇਸ ਵਿਚ ਰਿਕਾਰਡ ਕਮੀ ਦਰਜ ਕੀਤੀ ਗਈ ਜਿਸ ਦੇ ਨਤੀਜੇਵਜੋ ਦੋਵਾਂ ਵੰਡ ਕੰਪਨੀਆਂ ਮੁਨਾਫੇ ਵਿਚ ਆ ਗਈਆਂ। ਇਸ ਉਪਲਬਧੀ ਨੇ ਹੋਰ ਸੂਬਿਆਂ ਲਈ ਵੀ ਇਕ ਉਦਾਹਰਣ ਪੇਸ਼ ਕੀਤਾ ਹੈ।

ਉਨ੍ਹਾਂ ਨੇ ਪੁਸਤਕ ਦੇ ਪ੍ਰਕਾਸ਼ਕ ਨੂੰ ਵਧਾਈ ਦਿੰਦੇ ਹੋਏ ਸੁਝਾਅ ਦਿੱਤਾ ਕਿ ਉਹ ਇਸ ਪੁਸਤਕ ਦਾ ਅਨੁਵਾਦ ਹੋਰ ਭਾਸ਼ਾਵਾਂ ਵਿਚ ਵੀ ਕਰਵਾਉਣ।ਇਸ ਮੌਕੇ 'ਤੇ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਦੇ ਕਈ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## 'ਸਰਕਾਰ ਆਪ ਕੇ ਦੁਆਰ' ਮੁਹਿੰਮ ਤਹਿਤ ਮੱਲੂ ਪੋਤਾ ਵਿਖੇ ਕੈਂਪ ਲਗਾਇਆ



**ਨਵਾਂਸ਼ਹਿਰ/ਬੰਗਾ,(ਮਨੋਜ ਲਾਡੀ, ਕੁਲਵਿੰਦਰ ਦੁਰਗਾਪੁਰੀਆ, ਅਵਤਾਰ ਕਲੇਰ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਸਰਕਾਰ ਆਪ ਕੇ ਦੁਆਰ ਮੁਹਿੰਮ ਤਹਿਤ ਗੁਰਦੁਆਰਾ ਸਿੰਘ ਸਭਾ ਹਾਲ ਨੇੜੇ ਸੁਸਾਇਟੀ ਬੈਂਕ ਮੱਲੂ ਪੋਤਾ ਵਿਖੇ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ।

ਰੰਧਾਵਾ ਨੇ ਦੱਸਿਆ ਕਿ ਕੈਂਪ ਵਿੱਚ ਆਮ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਮੌਕੇ 'ਤੇ ਨਿਪਟਾਰਾ ਕਰਨ ਦੇ ਸਬੰਧਤ ਵਿਭਾਗਾਂ ਨੂੰ ਆਦੇਸ਼ ਦਿੱਤੇ ਗਏ। ਇਸ ਕੈਂਪ ਵਿੱਚ ਸੇਵਾ ਕੇਂਦਰ, ਰੈਵੀਨਿਊ ਵਿਭਾਗ, ਸਿਹਤ ਵਿਭਾਗ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਪਾਵਰ ਕਾਮ, ਕਿਰਤ ਵਿਭਾਗ, ਜ਼ਿਲ੍ਹਾ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਆਦਿ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਵਿੱਚ ਆਮ ਸ਼ਿਕਾਇਤਾਂ ਦੌਰਾਨ ਮਾਣਯੋਗ ਹਾਈਕੋਰਟ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਛੱਪੜ ਬਣਾਉਣ ਦੀ ਸ਼ਿਕਾਇਤ ਜਤੇ ਵੀ ਪਿੰਡ ਦੇ ਮੁੱਖ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਵੱਖ-ਵੱਖ ਵਿਭਾਗਾਂ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਕੇ ਮੌਕੇ 'ਤੇ ਜਾਇਜ਼ਾ ਲਿਆ ਗਿਆ ਹੈ। ਅਧਿਕਾਰੀਆਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਨੂੰ ਤਿਆਰ ਕਰਨ ਸਬੰਧੀ ਰੂਪ ਰੇਖਾ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਮਾਣਯੋਗ ਹਾਈਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ।ਇਸ ਮੌਕੇ 'ਤੇ ਉਨ੍ਹਾਂ ਨਾਲ ਉਪ ਮੰਡਲ ਮੈਜਿਸਟਰੇਟ ਬੰਗਾ ਵਿਕਰਮਜੀਤ ਸਿੰਘ ਪਾਂਥੇ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜਕਿਰਨ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਬਿਸ਼ਨੋਈ ਗੈਂਗ ਦੇ ਦੋ ਮੈਂਬਰ ਗ੍ਰਿਫਤਾਰ, 3 ਪਿਸਟਲ ਤੇ ਰੌਂਦ ਬਰਾਮਦ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆਂ)** ਡਾ. ਮਹਿਤਾਬ ਸਿੰਘ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪੁਲਸ ਵਲੋਂ 02 ਵਿਅਕਤੀਆਂ ਨੂੰ 03 ਹਥਿਆਰਾਂ ਸਮੇਤ ਕੀਤਾ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਏ.ਐਸ.ਆਈ ਸੁਰਿੰਦਰ ਕੁਮਾਰ 58/ਸਭਸ ਨਗਰ ਥਾਣਾ ਸਿਟੀ ਨਵਾਂਸ਼ਹਿਰ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਬੇਗਮਪੁਰ ਤੋਂ ਸਲੋਹ ਰੋਡ, ਪਿੰਡ ਸਲੋਹ ਵਿਖੇ ਨਾਕਾਬੰਦੀ ਕਰਕੇ ਸ਼ੱਕੀ ਵਹੀਕਲਾਂ/ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਕਿ ਇਸ ਦੌਰਾਨ ਓਮ ਬਹਾਦੁਰ ਉਰਫ ਸਾਹਿਲ ਪੁੱਤਰ ਹੋਮ ਬਹਾਦੁਰ ਵਾਸੀ ਪਿੰਡ ਸਲੋਹ ਥਾਣਾ ਸਿਟੀ ਨਵਾਂਸ਼ਹਿਰ ਅਤੇ ਸਮਰਨ ਸਿੰਘ ਉਰਫ ਗਿਆਨੀ ਪੁੱਤਰ ਜਸਵਿੰਦਰ ਸਿੰਘ ਵਾਸੀ ਡੀਪੂ ਵਾਲੀ ਗਲੀ, ਵਿਕਾਸ ਨਗਰ ਥਾਣਾ ਸਿਟੀ ਨਵਾਂਸ਼ਹਿਰ ਨੂੰ ਮੋਟਰਸਾਇਕਲ 'ਤੇ ਆਉਂਦਿਆ ਨੂੰ ਕਾਬੂ ਕਰਕੇ ਤਲਾਸ਼ੀ ਕੀਤੀ। ਜਿਨ੍ਹਾਂ ਦੀ ਤਲਾਸ਼ੀ ਦੌਰਾਨ ਓਮ ਬਹਾਦੁਰ ਉਰਫ ਸਾਹਿਲ ਉਕਤ ਦੇ ਡੱਬ ਵਿੱਚੋਂ ਇੱਕ ਪਿਸਟਲ 9 ਸਮੇਤ ਮੈਗਜੀਨ ਅਤੇ 07 ਜਿੰਦਾ ਰੌਂਦ 9 ਅਤੇ ਓਮ ਬਹਾਦੁਰ ਉਰਫ ਸਾਹਿਲ ਉਕਤ ਵੱਲੋ ਪਹਿਨੀ ਹੋਈ ਕਾਲੇ ਰੰਗ ਦੀ ਕਿੱਟ ਵਿੱਚੋਂ ਇੱਕ ਪਿਸਟਲ 32 ਬੋਰ (7.65 ) ਬਿਨਾਂ ਮੈਗਜੀਨ ਸਮੇਤ 04 ਜਿੰਦਾ ਰੌਂਦ 7.65 ਅਤੇ 03 ਜਿੰਦਾ ਰੌਂਦ 12 ਬੋਰ ਬ੍ਰਾਮਦ ਕੀਤੇ ਅਤੇ ਉਸ ਦੇ ਸਾਥੀ ਸਿਮਰਨ ਸਿੰਘ ਉਰਫ ਗਿਆਨੀ ਉਕਤ ਦੇ ਡੱਬ ਵਿੱਚੋਂ ਇੱਕ ਪਿਸਤੌਲ ਦੇਸੀ ਕੱਟਾ 12 ਬੋਰ ਸਮੇਤ 01 ਜਿੰਦਾ ਰੌਂਦ 12 ਬੋਰ ਬ੍ਰਾਮਦ ਕੀਤਾ ਅਤੇ ਮੋਟਰਸਾਇਕਲ ਨੰਬਰੀ 32- 0760 ਮਾਰਕਾ ਸਪਲੈਂਡਰ ਰੰਗ ਕਾਲਾ ਬ੍ਰਾਮਦ ਕਰਕੇ ਉਕਤ ਖਿਲਾਫ ਮੁਕੱਦਮਾ ਨੰਬਰ 115 ਮਿਤੀ 16- 07-2024 ਜੁਰਮ 25 ਅਸਲਾ ਐਕਟ 1959 ਥਾਣਾ ਸਿਟੀ ਨਵਾਂਸ਼ਹਿਰ ਦਰਜ ਕੀਤਾ ਗਿਆ ਹੈ। ਦੌਰਾਨੇ ਤਫਤੀਸ਼ ਪੁੱਛ-ਗਿੱਛ ਤੋਂ ਸਾਹਮਣੇ ਆਇਆ ਕਿ ਇਨ੍ਹਾਂ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਨਾਲ ਹੈ। ਇਹ ਲਾਰੈਂਸ ਬਿਸ਼ਨੋਈ ਗੈਂਗਸਟਰ ਦੇ ਭਰਾ ਅਨਮੋਲ ਬਿਸ਼ਨੋਈ ਦੇ ਸੰਪਰਕ ਵਿੱਚ ਹਨ। ਉਨ੍ਹਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਉਹਨਾ ਦਾ 02 ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ।

## ਸਤਵਿੰਦਰ ਸਿੰਘ ਚੈੜੀਆਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



**ਨੰਗਲ (ਸੁਰਜੀਤ ਢੇਰ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਤਵਿੰਦਰ ਸਿੰਘ ਚੈੜੀਆਂ ਦੀ ਮੌਤ 'ਤੇ ਸੀ ਪੀ ਆਈ ਐਮ ਤੇ ਸੀ ਪੀ ਆਈ ਦੇ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਇੱਥੇ ਸੀਪੀਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸਕੱਤਰੇਤ ਮੈਂਬਰ ਬਲਵੀਰ ਸਿੰਘ ਜਾਡਲਾ, ਦਰਸ਼ਨ ਸਿੰਘ ਮੱਟੂ, ਗੁਰਨੇਕ ਸਿੰਘ ਭੱਜਲ, ਮਹਾਂ ਸਿੰਘ ਰੋੜੀ,ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ,ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਨੰਗਲੀ, ਗੁਰਦੇਵ ਸਿੰਘ ਬਾਗੀ, ਗੀਤਾ ਰਾਮ, ਬਜਿੰਦਰ ਪੰਡਤ, ਪਵਨ ਕੁਮਾਰ ਚੱਕ ਕਰਮਾ ਜਸਵਿੰਦਰ ਸਿੰਘ ਭੰਗਲ, ਸੁਖਵੀਰ ਸਿੰਘ ਸੁੱਖਾ, ਕਾਮਰੇਡ ਤਰਸੇਮ ਸਿੰਘ ਭੱਲੜੀ,ਭਜਨ ਸਿੰਘ ਸੰਦੋਆ, ਕਰਨੈਲ ਸਿੰਘ, ਰਾਮ ਪਾਲ ਤਾਰਾਪੁਰ ਨੇ ਕਿਹਾ ਕਿ ਚੈੜੀਆਂ ਦੀ ਮੌਤ 'ਤੇ ਜਿਥੇ ਕਾਂਗਰਸ ਪਾਰਟੀ, ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉਥੇ ਆਮ ਲੋਕਾਂ ਨੂੰ ਵੀ ਭਾਰੀ ਘਾਟਾ ਪਿਆ।ਉਹ ਬਹੁਤ ਹੀ ਮਿਲਣਸਾਰ ਵਾਲੇ ਆਗੂ ਸਨ। ਇਸ ਦੁੱਖ ਦੀ ਘੜੀ ਵਿੱਚ ਖੱਬੇ ਪੱਖੀ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

## ਸਰਬ ਨੌਜਵਾਨ ਸਭਾ ਨੇ ਡੀ ਐੱਸ ਪੀ ਬਣਨ 'ਤੇ ਉਂਕਾਰ ਸਿੰਘ ਬਰਾੜ ਦਾ ਕੀਤਾ ਸਨਮਾਨ




**ਫਗਵਾੜਾ, ( ਡਾ. ਰਮਨ, ਜਸਵਿੰਦਰ ਢੱਡਾ )** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂਪੰਜਾਬ ਪੁਲਸ ਦੇ ਜੁਝਾਰੂ ਅਫਸਰ ਉਂਕਾਰ ਸਿੰਘ ਬਰਾੜ ਨੂੰ ਇੰਸਪੈਕਟਰ ਤੋਂ ਡੀ.ਐਸ.ਪੀ. ਪ੍ਰਮੋਟ ਹੋਣ 'ਤੇ ਉਹਨਾਂ ਦੇ ਸਨਮਾਨ ਵਿਚ ਇਕ ਸਮਾਗਮ ਸਥਾਨਕ ਪੈਲੇਸ ਵਿਖੇ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮੱਲ੍ਹੀ ਐਡਵੋਕੇਟ ਤੋਂ ਇਲਾਵਾ ਸਭਾ ਦੇ ਸਲਾਹਕਾਰ ਕਮੇਟੀ ਮੈਂਬਰ ਅਵਤਾਰ ਸਿੰਘ ਮੰਡ, ਸੰਤੋਸ਼ ਕੁਮਾਰ ਗੋਗੀ, ਰਾਜ ਕੁਮਾਰ ਮੱਟੂ, ਜਤਿੰਦਰ ਸਿੰਘ ਕੁੰਦੀ ਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਵਿਸ਼ੇਸ਼ ਤੌਰ ਹਾਜਰ ਆਏ। ਸਮੂਹ ਪਤਵੰਤਿਆਂ ਵਲੋਂ ਡੀ.ਐਸ.ਪੀ. ਉਂਕਾਰ ਸਿੰਘ ਬਰਾੜ ਦਾ ਸਮਾਗਮ 'ਚ ਪੁੱਜਣ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਸਭਾ ਦੇ ਸਮੂਹ ਮੈਂਬਰਾਂ ਨੇ ਉਹਨਾਂ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਖੂਬਸੂਰਤ ਤਸਵੀਰ ਅਤੇ ਦੁਸ਼ਾਲਾ ਭੇਂਟ ਕਰਦਿਆਂ ਸਨਮਾਨਤ ਕੀਤਾ। ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕਰੋਨਾ ਕਾਲ ਦੌਰਾਨ ਬਤੌਰ ਐਸ.ਐਚ.ਓ. ਥਾਣਾ ਸਿਟੀ ਤਾਇਨਾਤ ਰਹੇ ਉਂਕਾਰ ਸਿੰਘ ਬਰਾੜ ਨੇ ਸਭਾ ਵਲੋਂ ਲੋਕ ਸੇਵਾ ਦੇ ਕੀਤੇ ਜਾ ਰਹੇ ਕਾਰਜਾਂ 'ਚ ਵਡਮੁੱਲਾ ਸਹਿਯੋਗ ਹੀ ਨਹੀਂ ਦਿੱਤਾ, ਸਗੋਂ ਖੁੱਦ ਇਕ ਯੋਧੇ ਦੀ ਤਰ੍ਹਾਂ ਕੋਰੋਨਾ ਵਾਇਰਸ ਦੇ ਰੂਪ 'ਚ ਸੜਕਾਂ 'ਤੇ ਘੁੰਮ ਰਹੀ ਭਿਆਨਕ ਬਿਮਾਰੀ ਤੋਂ ਬੇਪਰਵਾਹ ਹੋ ਕੇ ਫਗਵਾੜਾ ਦੇ ਵਸਨੀਕਾਂ ਨੂੰ ਹਰ ਸੰਭਵ ਮੱਦਦ ਪਹੁੰਚਾਉਣ ਦਾ ਯਤਨ ਕੀਤਾ। ਜਿਸ ਕਰਕੇ ਉਹਨਾਂ ਨੂੰ ਦੋ ਵਾਰ ਕੋਵਿਡ ਇਨਫੈਕਸ਼ਨ ਵੀ ਹੋਇਆ ਪਰ ਉਹਨਾਂ ਨੇ ਆਪਣੇ ਫਰਜ਼ ਤੋਂ ਮੂੰਹ ਨਹੀਂ ਮੋੜਿਆ। ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਅਤੇ ਅਵਤਾਰ ਸਿੰਘ ਮੰਡ ਨੇ ਕਿਹਾ ਕਿ ਬਤੌਰ ਐਸ.ਐਚ.ਓ. ਉਂਕਾਰ ਸਿੰਘ ਬਰਾੜ ਨੇ ਪੂਰੀ ਤਨਦੇਹੀ ਅਤੇ ਦ੍ਰਿੜਤਾ ਨਾਲ ਫਗਵਾੜਾ ਸ਼ਹਿਰ ਦੇ ਅਮਨ ਕਾਨੂੰਨ ਦੀ ਬਹਾਲੀ ਨੂੰ ਯਕੀਨੀ ਬਣਾਇਆ ਸੀ ਅਤੇ ਉਹ ਆਸ ਕਰਦੇ ਹਨ ਕਿ ਡੀ.ਐਸ.ਪੀ. ਪ੍ਰਮੋਟ ਹੋਣ ਤੋਂ ਬਾਅਦ ਵੀ ਉਹਨਾਂ ਦੀਆਂ ਬਿਹਤਰੀਨ ਸੇਵਾਵਾਂ ਪੁਲਸ ਵਿਭਾਗ ਨੂੰ ਪ੍ਰਾਪਤ ਹੋਣਗੀਆਂ। ਸੰਤੋਸ਼ ਕੁਮਾਰ ਗੋਗੀ ਨੇ ਉਂਕਾਰ ਸਿੰਘ ਬਰਾੜ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਥਾਣਾ ਸਿਟੀ ਦੇ ਐਸ.ਐਚ.ਓ. ਵਜੋਂ ਉਂਕਾਰ ਸਿਘ ਬਰਾੜ ਸ਼ਹਿਰ ਵਿੱਚ ਬਹੁਤ ਹਰਮਨ ਪਿਆਰੇ ਪੁਲਸ ਅਫਸਰ ਸਨ ਅਤੇ ਉਹ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਰਲ ਕੇ ਕੋਵਿਡ ਲਾਕਡਾਊਨ ਸਮੇਂ ਆਮ ਲੋਕਾਂ ਦੇ ਭਾਈਵਾਲ ਬਣੇ। ਡੀ.ਐਸ.ਪੀ. ਉਂਕਾਰ ਸਿੰਘ ਬਰਾੜ ਨੇ ਸਰਬ ਨੌਜਵਾਨ ਸਭਾ ਵਲੋਂ ਮਿਲੇ ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਆਪਣੇ ਫਰਜ਼ ਨੂੰ ਪੂਰੀ ਇਮਾਨਦਾਰੀ ਦੇ ਨਾਲ ਨਿਭਾਇਆ ਹੈ ਅਤੇ ਬਤੌਰ ਡੀ.ਐਸ.ਪੀ. ਨਵੀਂ ਜਿੰਮੇਵਾਰੀ ਨੂੰ ਵੀ ਉਸੇ ਤਨਦੇਹੀ ਦੇ ਨਾਲ ਨਿਭਾਉਣਗੇ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਵਲੋਂ ਨਿਭਾਈ ਗਈ। ਇਸ ਮੌਕੇ ਰਸ਼ਪਾਲ ਰਾਏ ਗੁਪਤਾ, ਸੁਖਵਿੰਦਰ ਸਿੰਘ ਸੱਲ, ਡਾ: ਵਿਜੇ ਕੁਮਾਰ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਬੱਸੀ, ਨਰਿੰਦਰ ਸੈਣੀ, ਰਾਕੇਸ਼ ਕੋਛੜ, ਗੁਰਦੀਪ ਸਿੰਘ ਤੁੱਲੀ, ਵਿੱਕੀ ਸਿੰਘ, ਰਵਿੰਦਰ ਸਿੰਘ ਰਾਏ, ਰਾਜਕੁਮਾਰ ਰਾਜਾ ਆਦਿ ਮੌਜੂਦ ਸਨ।

# ਪ੍ਰਦੂਸ਼ਤ ਗੈਸ ਫ਼ੈਕਟਰੀਆਂ ਬੰਦ ਕਰਾਉਣ ਲਈ ਤਾਲਮੇਲ ਕਮੇਟੀ ਵੱਲੋਂ ਸਰਕਾਰ ਨੂੰ ਅਲਟੀਮੇਟਮ

## ਫ਼ੈਕਟਰੀਆਂ ਬੰਦ ਨਾ ਹੋਣ ਦੀ ਸੂਰਤ 'ਚ 2 ਨੂੰ ਡੀ ਸੀ ਦਫ਼ਤਰ ਨੂੰ ਕਰਾਂਗੇ ਜਾਮ



**ਜਗਰਾਉਂ (ਅਮਿਤ ਖੰਨਾ)**-ਪ੍ਰਦੂਸ਼ਤ ਗੈਸ ਫੈਕਟਰੀਆਂ ਵਿਰੋਧੀ ਤਾਲਮੇਲ ਕਮੇਟੀ ਦੀ ਮੀਟਿੰਗ ਡੀ ਸੀ ਲੁਧਿਆਣਾ ਮੈਡਮ ਸਾਕਸ਼ੀ ਸਾਹਨੀ ਨਾਲ ਹੋਈ।ਮੀਟਿੰਗ 'ਚ ਅਖਾੜਾ, ਭੂੰਦੜੀ, ਮੁਸ਼ਕਾਬਾਦ, ਘੁੰਗਰਾਲੀ ਰਾਜਪੂਤਾਂ ਸੰਘਰਸ਼ ਮੋਰਚਿਆਂ ਦੇ ਨੁਮਾਇੰਦਿਆਂ ਨੇ ਸੁਖਦੇਵ ਸਿੰਘ ਭੂੰਦੜੀ ਦੀ ਅਗਵਾਈ 'ਚ ਸ਼ਿਰਕਤ ਕੀਤੀ।ਇਸ ਸਮੇਂ ਡੀ ਸੀ ਵੱਲੋਂ ਤਾਲਮੇਲ ਕਮੇਟੀ ਨੂੰ ਦੱਸਿਆ ਕਿ ਮਾਹਰਾਂ ਵੱਲੋਂ ਪਾਣੀ ਦੇ ਸੈਂਪਲ ਦੀ ਰਿਪੋਰਟ ਅਜੇ ਪ੍ਰਾਪਤ ਨਹੀਂ ਹੋਈ।ਵਫ਼ਦ ਨੇ ਰਿਪੋਰਟ ਦੀ ਆੜ 'ਚ ਮਸਲੇ ਨੂੰ ਲਗਾਤਾਰ ਲਟਕਾਉਣ ਤੇ ਰੋਸ ਦਾ ਇਜ਼ਹਾਰ ਕੀਤਾ ਤਾਂ ਜ਼ਿਲ੍ਹਾ ਅਧਿਕਾਰੀ ਨੇ ਰਿਪੋਰਟ ਜਲਦੀ ਮੰਗਵਾਉਣ ਦਾ ਭਰੋਸਾ ਦਿੱਤਾ। ਜ਼ਿਲ੍ਹਾ ਅਧਿਕਾਰੀ ਨੇ ਦੱਸਿਆ ਕਿ ਪ੍ਰਦੂਸ਼ਤ ਫੈਕਟਰੀਆਂ ਦਾ ਮੁੱਦਾ ਮੁੱਖ ਮੰਤਰੀ ਪੰਜਾਬ ਦੇ ਧਿਆਨ 'ਚ ਲਿਆਂਦਾ ਜਾ ਚੁੱਕਾ ਹੈ ਤੇ ਜਲਦੀ ਹੀ ਮੀਟਿੰਗ ਕਰਵਾ ਕੇ ਮਸਲੇ ਦਾ ਹੱਲ ਕੀਤਾ ਜਾਵੇਗਾ।ਇਸ ਸਮੇਂ ਡੀ ਸੀ ਮੈਡਮ ਵੱਲੋਂ ਮਸਲੇ ਦੇ ਹੱਲ ਲਈ ਦਸ ਦਿਨ ਦਾ ਹੋਰ ਸਮਾਂ ਦੇਣ ਦੀ ਮੰਗ ਕੀਤੀ ਗਈ।ਉਪਰੰਤ ਤਾਲਮੇਲ ਕਮੇਟੀ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਜੇਕਰ ਦਸ ਦਿਨਾਂ ਦੇ ਅੰਦਰ ਅੰਦਰ ਮਸਲੇ ਦਾ ਪੱਕਾ ਹੱਲ ਨਾ ਹੋਇਆ ਤਾਂ 2 ਅਗਸਤ ਨੂੰ ਵਿਸ਼ਾਲ ਇਕੱਤਰਤਾ ਵੱਲੋਂ ਡੀ ਸੀ ਦਫ਼ਤਰ ਦੇ ਘਿਰਾਓ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੂਰੇ ਚਾਰ ਚਾਰ ਮਹੀਨੇ ਤੋਂ ਉੱਪਰ ਸਮੇਂ ਤੋਂ ਚਾਰ ਥਾਵਾਂ 'ਤੇ ਸੰਘਰਸ਼ ਮੋਰਚੇ ਚੱਲ ਰਹੇ ਹਨ ਤੇ ਹੁਣ ਸਬਰ ਦਾ ਪਿਆਲਾ ਭਰ ਚੁੱਕਾ ਹੈ।ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਤਾਲਮੇਲ ਕਮੇਟੀ ਮੈਂਬਰ ਕੰਵਲਜੀਤ ਖੰਨਾ ਨੇ ਦੱਸਿਆ ਕਿ ਪ੍ਰਸ਼ਾਸਨ ਦੇ ਡੰਗ ਟਪਾਊ ਰਵੱਈਏ ਪ੍ਰਤੀ ਕੋਕਾਂ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ।ਮਸਲਾ ਹੱਲ ਨਾ ਹੋਣ ਦੀ ਸੂਰਤ 'ਚ ਮਾਹੌਲ 'ਚ ਉਤੇਜਨਾ ਦੀ ਸੂਰਤ 'ਚ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਅੱਜ ਦੀ ਮੀਟਿੰਗ 'ਚ ਉਪਰੋਕਤ ਤੋਂ ਬਿਨਾਂ ਗੁਰਤੇਜ ਸਿੰਘ ਅਖਾੜਾ, ਮਾਸਟਰ ਗੁਲਵੰਤ ਸਿੰਘ, ਹਰਦੇਵ ਸਿੰਘ ਅਖਾੜਾ, ਜਗਮੋਹਨ ਸਿੰਘ ਭੂੰਦੜੀ, ਹਰਮੀਤ ਸਿੰਘ ਮੁਸ਼ਕਾਬਾਦ, ਨਿਰਮਲ ਸਿੰਘ ਮੁਸ਼ਕਾਬਾਦ, ਮਲਵਿੰਦਰ ਸਿੰਘ, ਭਿੰਦਰ ਸਿੰਘ ਭਿੰਦੀ ਆਦਿ ਹਾਜ਼ਰ ਸਨ ।

# ਵਿਧਾਇਕਾ ਮਾਣੂੰਕੇ ਵੱਲੋਂ ਰੁੱਖ ਲਗਾ ਕੇ ਵਣ-ਮਹਾਂਉਤਸਵ ਦੀ ਸ਼ੁਰੂਆਤ

## ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਬਚਾਉਣ ਦੀ ਕੀਤੀ ਅਪੀਲ



**ਜਗਰਾਉਂ (ਅਮਿਤ ਖੰਨਾ)**
ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਅੱਜ ਰੁੱਖ ਲਗਾ ਕੇ ਵਣ-ਮਹਾਂਉਤਸਵ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਉਨ੍ਹਾਂ ਵੱਲੋਂ ਵਣ-ਵਿਭਾਗ ਜਗਰਾਉਂ ਦੇ ਕਰਮਚਾਰੀਆਂ ਨਾਲ ਜਗਰਾਉਂ ਦੇ ਸੂਆ ਰੋਡ ਉਪਰ ਅੰਬ ਤੇ ਜਾਮਣ ਦੇ ਪੌਦੇ ਲਗਾਏ ਗਏ ਅਤੇ ਪੌਦਿਆਂ ਦੀ ਸਾਂਭ-ਸੰਭਾਲ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ ਉਨ੍ਹਾਂ ਨਾਲ ਪ੍ਰੋਫੈਸਰ ਸੁਖਵਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਵਿਧਾਇਕਾ ਮਾਣੂੰਕੇ ਨੇ ਦੱਸਿਆ ਕਿ ਵਣ ਵਿਭਾਗ ਰਾਹੀਂ ਅੱਜ ਵਣ-ਮਹਾਂਉਤਸਵ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਸ਼ਹਿਰ ਤੇ ਇਲਾਕੇ ਦੇ ਬਾਕੀ ਹਿੱਸਿਆਂ ਵਿੱਚ ਵੀ ਫਲ-ਦਾਰ ਤੇ ਛਾਂ-ਦਾਰ ਪੌਦੇ ਲਗਾਏ ਜਾਣਗੇ।ਉਨ੍ਹਾਂ ਆਖਿਆ ਕਿ ਭਾਵੇਂ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਆਪਣੇ ਪੱਧਰ 'ਤੇ ਉਪਰਾਲੇ ਕਰਕੇ ਪੌਦੇ ਲਗਾ ਰਹੀਆਂ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਦੀ ਵੀ ਜ਼ਿੰਮੇਵਾਰੀ ਚੱਕ ਰਹੀਆਂ ਹਨ, ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਸ਼ਹਿਰ ਦੇ ਸਕੂਲਾਂ, ਕਾਲਜਾਂ ਤੇ ਹੋਰ ਵੀ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਵਾਤਾਵਰਨ ਬਚਾਉਣ ਲਈ ਇਸ ਵਾਰ ਵੱਧ ਤੋਂ ਵੱਧ ਫਲ-ਦਾਰ ਤੇ ਛਾਂ-ਦਾਰ ਪੌਦੇ ਲਗਾਉਣ ਲਈ ਉਪਰਾਲੇ ਕਰਨ।

ਇਸ ਮੌਕੇ ਉਨ੍ਹਾਂ ਨਾਲ ਡਾ. ਮਨਦੀਪ ਸਿੰਘ ਸਰਾਂ, ਕਾਕਾ ਕੋਠੇ ਅੱਠ ਚੱਕ, ਵਣ ਵਿਭਾਗ ਤੋਂ ਮੈਡਮ ਪੂਨਮ ਦੇਵੀ, ਸਵਰਨ ਸਿੰਘ, ਨੀਰਜ ਕੁਮਾਰ, ਹਰਦਿਆਲ ਸਿੰਘ, ਜੱਗਾ ਸਿੰਘ ਤੇ ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਨਾਨਕ ਬਗੀਚੀ ਮੁਹਿੰਮ ਵਾਤਾਵਰਣ ਲਈ ਵਰਦਾਨ : ਮਨਦੀਪ ਕੌਰ

## ਨਾਨਕ ਬਗੀਚੀ ਸਕੀਮ ਤਹਿਤ ਧਰਮਸ਼ਾਲਾ ਵਿਖੇ ਬੂਟੇ ਲਗਾਏ




**ਭੀਖੀ (ਮਨਦੀਪ ਸਿੰਗਲਾ)**-ਜੰਗਲਾਤ ਵਿਭਾਗ ਭੀਖੀ ਵੱਲੋਂ ਮੈਡਮ ਮਨਦੀਪ ਕੌਰ ਦਰੋਗਾ ਦੀ ਨਿਗਰਾਨੀ ਹੇਠ ਸਥਾਨਕ ਧਰਮਸ਼ਾਲਾ ਆਲਾ ਪੱਤੀ ਵਿਖੇ ਨਾਨਕ ਬਗੀਚੀ ਸਕੀਮ ਤਹਿਤ ਬੂਟੇ ਲਗਾਏ ਗਏ। ਇਸ ਮੌਕੇ ਕਿਸਾਨ ਆਗੂ ਕਾ. ਗੁਰਨਾਮ ਸਿੰਘ ਭੀਖੀ, ਸਮਾਜ ਸੇਵੀ ਅਸ਼ੋਕ ਜੈਨ, ਵਿੱਕੀ ਜਿੰਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਹ ਸਕੀਮ ਲੋਕਾਂ ਦੀ ਸਿਹਤ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗੀ, ਕਿਉਂਕਿ ਜਿਸ ਤਰ੍ਹਾਂ ਵਾਤਾਵਰਣ ਸੰਤੁਲਨ ਵਿਗੜ ਰਿਹਾ ਹੈ ਤੇ ਲੋਕ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਉਨ੍ਹਾਂ ਤੋਂ ਬਚਾਅ ਲਈ ਸ਼ੁੱਧ ਆਕਸੀਜਨ ਦਾ ਹੋਣਾ ਜ਼ਰੂਰੀ ਹੈ। ਇਹ ਲਗਾਏ ਜਾ ਰਹੇ ਬੂਟੇ ਦਰੱਖਤ ਬਣ ਕੇ ਮਨਾਮੂੰਹੀ ਆਕਸੀਜਨ ਪ੍ਰਦਾਨ ਕਰਨਗੇ, ਜਿਸ ਦਾ ਆਉਣ ਵਾਲੀਆਂ ਪੀੜ੍ਹੀਆਂ ਅਨੰਦ ਲੈਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਹੁਣ ਵਾਤਾਵਰਣ ਦੀ ਸੰਭਾਲ ਨਾ ਕੀਤੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਆਕਸੀਜਨ ਪਾਣੀ ਵਾਂਗ ਮੁੱਲ ਮਿਲਿਆ ਕਰੇਗੀ। ਪੰਜਾਬ ਵਿੱਚ ਪਹਿਲਾਂ ਹੀ ਜੰਗਲ ਹੇਠ ਰਕਬਾ ਬਹੁਤ ਘਟ ਚੁੱਕਾ ਹੈ ਤੇ ਸੜਕਾਂ ਦੇ ਵਿਛਾਏ ਜਾ ਰਹੇ ਜਾਲ ਕਾਰਨ ਲੱਖਾਂ ਦਰੱਖਤ ਕੱਟੇ ਜਾ ਰਹੇ ਹਨ, ਇਸ ਲਈ ਪੰਜਾਬ ਸਰਕਾਰ ਤੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਹਰੇਕ ਮਨੁੱਖ ਵੱਧ ਤੋਂ ਵੱਧ ਰੁੱਖ ਲਗਾਵੇ। ਕ੍ਰਿਸ਼ਨ ਸਿੰਘ ਦਰੋਗਾ ਮਾਨਸਾ ਨੇ ਕਿਹਾ ਕਿ ਇਸ ਸਕੀਮ ਤਹਿਤ ਲਗਭਗ 550 ਬੂਟੇ ਲਗਾਏ ਜਾ ਰਹੇ ਹਨ। ਭੀਖੀ ਵਿੱਚ ਦੋ ਨਾਨਕ ਬਗੀਚੀਆਂ ਲਗਾਈਆਂ ਜਾਣਗੀਆਂ ਤੇ ਆਪਣੇ ਖੇਤ ਵਿੱਚ ਜੇਕਰ ਕੋਈ ਕਿਸਾਨ ਬੂਟਾ ਲਗਾਵੇਗਾ ਤਾਂ ਉਸ ਨੂੰ ਪ੍ਰਤੀ ਸਾਲ ਪ੍ਰਤੀ ਬੂਟਾ ਸਰਕਾਰ ਵੱਲੋਂ 25 ਰੁਪਏ ਦਿੱਤੇ ਜਾਣਗੇ। ਇਸ ਮੌਕੇ ਨਗਰ ਕੌਂਸਲ ਭੀਖੀ ਦੇ ਸਾਬਕਾ ਪ੍ਰਧਾਨ ਵਿਨੋਦ ਸਿੰਗਲਾ, ਗੋਪਾਲ ਸ਼ਰਮਾ, ਕੇਵਲ ਕੁਮਾਰ ਬੰਟੂ, ਇੰਦਰਜੀਤ ਭੀਖੀ, ਬਿੰਦਰ ਸਿੰਘ ਬੋਘਕਾ, ਵਣ ਵਿਭਾਗ ਦੇ ਆਰ ਓ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਨੈਸ਼ਨਲ ਕਾਲਜ ਦੀਆਂ ਵਿਦਿਆਰਥਣਾਂ ਨੇ ਐੱਮ ਏ ਇੰਗਲਿਸ਼ 'ਚ ਬਾਜ਼ੀ ਮਾਰੀ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਐੱਮ ਏ ਇੰਗਲਿਸ਼ ਸਮੈਸਟਰ ਤੀਜਾ ਦਾ ਨਤੀਜਾ ਸੌ ਫੀਸਦੀ ਰਿਹਾ। ਵਿਭਾਗ ਮੁਖੀ ਪ੍ਰੋ. ਬਲਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੁਪਿੰਦਰ ਕੌਰ ਤੇ ਰਮਨਦੀਪ ਕੌਰ ਨੇ ਸਾਂਝੇ ਤੌਰ 'ਤੇ 72 ਫੀਸਦੀ ਅੰਕਾਂ ਨਾਲ ਪਹਿਲਾ ਤੇ ਅਮਨਦੀਪ ਕੌਰ ਨੇ 70 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਵਿਭਾਗ ਦੇ ਸਾਰੇ ਪ੍ਰੋਫੈਸਰ ਸਾਹਿਬਾਨ ਦੀ ਮਿਹਨਤ ਦੀ ਸ਼ਲਾਘਾ ਕੀਤੀ। ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਸਾਰੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ, ਪ੍ਰੋ. ਅਮਨਦੀਪ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਕੁਲਦੀਪ ਸਿੰਘ ਪੰਧੇਰ, ਪ੍ਰਗਟ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

### ਧੋਖਾਧੜੀ ਦੇ ਦੋਸ਼ ਹੇਠ ਪਤੀ ਪਤਨੀ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਸੀ ਪਠਾਣਾਂ ਪੁਲਸ ਵੱਲੋਂ ਪਿੰਡ ਦੀਆਂ ਔਰਤਾਂ ਤੋਂ ਲੋਨ ਦੀਆਂ ਕਿਸ਼ਤਾਂ ਦੇ ਪੈਸੇ ਲੈ ਕੇ ਅੱਗੇ ਨਾ ਭਰਨ ਦੇ ਇੱਕ ਕਥਿਤ ਮਾਮਲੇ 'ਚ ਇੱਕ ਵਿਆਹੁਤਾ ਜੋੜੇ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਪਿੰਡ ਖਾਲਸਪੁਰ ਦੀ ਰਹਿਣ ਵਾਲੀ ਕੁਲਵਿੰਦਰ ਕੌਰ ਨੇ ਦੋਸ਼ ਲਗਾਏ ਸਨ ਕਿ ਕਮਲਜੀਤ ਕੌਰ ਅਤੇ ਧਰਮਿੰਦਰ ਸਿੰਘ ਵੱਲੋਂ ਸਾਲ 2013 ਵਿੱਚ ਉਸ ਦੇ ਅਤੇ ਪਿੰਡ ਦੀਆਂ ਕੁਝ ਹੋਰ ਔਰਤਾਂ ਦੇ ਨਾਂਅ 'ਤੇ ਲੋਨ ਕਰਵਾਇਆ ਗਿਆ ਸੀ, ਜਿਸ ਦੀਆਂ ਕਿਸ਼ਤਾਂ ਦੇ ਪੈਸੇ ਉਨ੍ਹਾਂ ਤੋਂ ਤਾਂ ਲੈ ਲਏ ਗਏ ਪਰ ਅੱਗੇ ਭਰਨੀਆਂ ਬੰਦ ਕਰ ਦਿੱਤੀਆਂ।ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਵਿਅਕਤੀਆਂ ਨੇ ਉਸ ਨੂੰ ਅਤੇ ਪਿੰਡ ਦੀਆਂ ਹੋਰ ਔਰਤਾਂ ਨੂੰ ਭਰੋਸੇ ਵਿੱਚ ਲੈ ਕੇ ਉਨ੍ਹਾਂ ਨਾਲ ਠੱਗੀ ਮਾਰੀ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਕਮਲਜੀਤ ਕੌਰ ਅਤੇ ਧਰਮਿੰਦਰ ਸਿੰਘ ਵਾਸੀਆਨ ਪਿੰਡ ਖਾਲਸਪੁਰ ਵਿਰੁੱਧ ਮੁਕੱਦਮਾ ਦਰਜ ਕਰਕੇ ਬਸੀ ਪਠਾਣਾਂ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਸੰਘੋਲ 'ਚ ਕੁੱਟਮਾਰ ਕਰਨ ਤੇ ਹਵਾਈ ਫਾਇਰ ਕਰਨ ਦੇ ਦੋਸ਼ ਹੇਠ ਪਿਓ-ਪੁੱਤ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੱਡੀ ਨੂੰ ਸਾਈਡ ਨਾ ਦੇਣ 'ਤੇ ਤਲਖੀ 'ਚ ਆਏ ਪਿਓ-ਪੁੱਤਰ ਨੂੰ ਕਥਿਤ ਤੌਰ 'ਤੇ ਇੱਕ ਵਿਅਕਤੀ ਦੀ ਕੁੱਟਮਾਰ ਕਰਨੀ ਅਤੇ ਹਵਾਈ ਫਾਇਰ ਕਰਨੇ ਉਦੋਂ ਮਹਿੰਗੇ ਪੈ ਗਏ ਜਦੋਂ ਸੰਘੋਲ ਪੁਲਸ ਵੱਲੋਂ ਦੋਵਾਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ। ਜਾਣਕਾਰੀ ਅਨੁਸਾਰ ਅਰਵਿੰਦਰ ਸਿੰਘ ਵਾਸੀ ਜ਼ੀਰਕਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਆਪਣੇ ਇੱਕ ਜਾਣਕਾਰ ਨਾਲ ਕਿਤੇ ਕੰਮ ਜਾ ਕੇ ਆਇਆ ਸੀ ਤੇ ਉਹ ਜਦੋਂ ਸੰਘੋਲ ਵਿਖੇ ਇੱਕ ਆਈਸ ਕਰੀਮ ਦੀ ਰੇਹੜੀ 'ਤੇ ਰੁਕਿਆ ਤਾਂ ਉਸ ਦੇ ਕੋਲ ਆ ਕੇ ਰੁਕੇ ਜਸਵਿੰਦਰ ਸਿੰਘ ਅਤੇ ਉਸ ਦੇ ਲੜਕੇ ਨੇ ਇਹ ਕਹਿੰਦੇ ਹੋਏ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਕਿ ਤੂੰ ਸਾਡੀ ਗੱਡੀ ਨੂੰ ਸਾਈਡ ਕਿਉਂ ਨਹੀਂ ਦਿੱਤੀ।ਅਰਵਿੰਦਰ ਸਿੰਘ ਨੇ ਦੋਸ਼ ਲਗਾਏ ਕਿ ਜਸਵਿੰਦਰ ਸਿੰਘ ਵੱਲੋਂ ਮੌਕੇ 'ਤੇ ਪਿਸਟਲ ਨਾਲ ਹਵਾਈ ਫਾਇਰ ਵੀ ਕੀਤੇ ਗਏ ਜਦੋਂ ਕਿ ਜਸਵਿੰਦਰ ਸਿੰਘ ਤੇ ਲੜਕੇ ਨੇ ਉਸ 'ਤੇ ਕਿਰਪਾਨ ਨਾਲ ਵਾਰ ਕੀਤੇ, ਜਿਸ ਕਾਰਨ ਉਹ ਜ਼ਖਮੀ ਹੋ ਗਿਆ।ਮਾਮਲੇ ਦੀ ਤਫਤੀਸ਼ ਕਰ ਰਹੇ ਸੰਘੋਲ ਚੌਂਕੀ ਇੰਚਾਰਜ ਹਰਮਿੰਦਰ ਸਿੰਘ ਨੇ ਦੱਸਿਆ ਕਿ ਗੱਡੀ ਨੂੰ ਸਾਈਡ ਨਾ ਦੇਣ ਨੂੰ ਲੈ ਕੇ ਪਿਓ-ਪੁੱਤਰ ਵੱਲੋਂ ਇੱਕ ਵਿਅਕਤੀ ਦੀ ਕੁੱਟਮਾਰ ਕਰਨ ਅਤੇ ਹਵਾਈ ਫਾਇਰ ਕਰਨ ਦੀ ਸ਼ਿਕਾਇਤ ਮਿਲੀ ਸੀ ਜਿਸ ਸਬੰਧੀ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਜਸਵਿੰਦਰ ਸਿੰਘ ਵਾਸੀ ਪਿੰਡ ਮਹੇਸ਼ਪੁਰਾ ਅਤੇ ਉਸ ਦੇ ਲੜਕੇ ਵਿਰੁੱਧ ਥਾਣਾ ਖਮਾਣੋਂ ਵਿਖੇ ਮੁਕੱਦਮਾ ਦਰਜ ਕਰਕੇ ਉਕਤ ਪਿਓ-ਪੁੱਤਰ ਦੀ ਭਾਲ ਕੀਤੀ ਜਾ ਰਹੀ ਹੈ।

# ਸ਼ਿਵਾਲਿਕ ਕਿਡਜ਼ ਸਕੂਲ 'ਚ ਕਰਵਾਏ ਅੰਗਰੇਜ਼ੀ ਕਵਿਤਾ ਮੁਕਾਬਲੇ



**ਜੈਤੋ (ਸਤੀਸ਼ ਕੁਮਾਰ ਭੀਰੀ)**-ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਸ਼ਿਵਾਲਿਕ ਕਿਡਜ਼ ਸਕੂਲ ਵਿਖੇ ਬੱਚਿਆਂ ਵਿੱਚ ਅੰਗਰੇਜ਼ੀ ਕਵਿਤਾ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਨਰਸਰੀ ਕਲਾਸ ਤੋਂ ਲੈ ਕੇ ਯੂ ਕੇ ਜੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬੱਚਿਆਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।ਇਸ ਮੁਕਾਬਲੇ ਵਿੱਚ ਸਕੂਲ ਅਧਿਆਪਕ ਪਰਵਿੰਦਰ ਕੌਰ ਅਤੇ ਕੁਲਵਿੰਦਰ ਕੌਰ ਨੇ ਜੱਜਾਂ ਦੀ ਭੂਮਿਕਾ ਨਿਭਾਈ।ਕਲਾਸ ਨਰਸਰੀ ਵਿੱਚ ਪ੍ਰਿੰਸ ਨੇ ਪਹਿਲਾ, ਕੀਰਤਵੀਰ ਨੇ ਦੂਜਾ, ਸ਼ਿਵਾਂਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਐਲ ਕੇ ਜੀ ਜਮਾਤ ਵਿੱਚ ਕੀਰਤੀ ਨੇ ਪਹਿਲਾ, ਗੁਰਲੀਨ ਅਤੇ ਸਿਫਤ ਨੇ ਦੂਜਾ, ਅਰਸ਼ੀਆ ਅਤੇ ਗੁਨਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਯੂ ਕੇ ਜੀ ਪਰਲ ਵਿੱਚੋਂ ਹਰਲੀਨ ਨੇ ਪਹਿਲਾ, ਯਕਸ਼ ਨੇ ਦੂਸਰਾ, ਪਰਨਿਧੀ ਅਤੇ ਜਿਆਂਸ਼ੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਯੂ ਕੇ ਜੀ ਵਿੱਚੋਂ ਰੂਬੀ ਨੇ ਪਹਿਲਾ, ਏਕਮਦੀਪ ਨੇ ਦੂਜਾ, ਕਨਕ ਅਤੇ ਸੇਜਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸੁਖਵਿੰਦਰ ਕੌਰ ਨੇ ਜੇਤੂ ਵਿਦਿਆਰਥਣਾਂ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕਵਿਤਾਵਾਂ ਪੜ੍ਹਨ ਨਾਲ ਬੱਚਿਆਂ ਦੇ ਮੌਖਿਕ ਵਿਕਾਸ ਵਿੱਚ ਹੋਰ ਪੜ੍ਹਨ ਦੇ ਢੰਗਾਂ ਵਾਂਗ ਮਦਦ ਮਿਲ ਸਕਦੀ ਹੈ।

ਉੱਚੀ ਆਵਾਜ਼ ਵਿੱਚ ਕਵਿਤਾਵਾਂ ਪੜ੍ਹ ਕੇ, ਬੱਚੇ ਸ਼ਬਦਾਂ ਦੇ ਉਚਾਰਣ ਦੇ ਤਰੀਕੇ 'ਤੇ ਧਿਆਨ ਕੇਂਦਰਤ ਕਰਦੇ ਹਨ।ਇਸ ਲਈ ਇਹ ਬੱਚਿਆਂ ਵਿੱਚ ਪੜ੍ਹਨ ਦੇ ਹੁਨਰ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਨੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਮੰਡੀ ਕਲਾਂ ਮਾਮਲੇ 'ਚ ਇਨਸਾਫ ਲਈ ਏਕਤਾ ਡਕੌਂਦਾ ਧਨੇਰ ਵੱਲੋਂ ਬਾਲਿਆਂਵਾਲੀ ਥਾਣੇ ਅੱਗੇ ਧਰਨਾ 22 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਨੇ ਫੈਸਲਾ ਕੀਤਾ ਹੈ ਕਿ ਉਹ ਮੰਡੀ ਕਲਾਂ ਮਾਮਲੇ 'ਚ ਇਨਸਾਫ ਲੈਣ ਲਈ ਬਾਲਿਆਂਵਾਲੀ ਥਾਣੇ ਅੱਗੇ 22 ਜੁਲਾਈ ਨੂੰ ਧਰਨਾ ਦੇਣਗੇ। ਇਹ ਫੈਸਲਾ ਜਥੇਬੰਦੀ ਦੀ ਪਿੰਡ ਇਕਾਈ ਮੰਡੀ ਕਲਾਂ ਵੱਲੋਂ ਪਿੰਡ ਦੇ ਡੇਰਾ ਨਿਰਮਲਾ ਪੰਥ ਵਿਖੇ ਹੋਈ ਮੀਟਿੰਗ ਦੌਰਾਨ ਲਿਆ ਗਿਆ, ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਮਹਿੰਦਰ ਸਿੰਘ ਕੱਲੂ ਨੇ ਕੀਤੀ। ਜਾਰੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਇਸੇ ਸਾਲ ਦੇ ਮਈ ਮਹੀਨੇ ਦੌਰਾਨ ਜਥੇਬੰਦੀ ਦਾ ਮੰਡੀ ਕਲਾਂ ਦਾ ਇਕਾਈ ਮੈਂਬਰ ਜਦੋਂ ਫੰਡ ਇਕੱਠਾ ਕਰ ਰਿਹਾ ਸੀ ਤਾਂ ਉਸ ਦੀ ਪਿੰਡ ਦੇ ਹੀ ਕੁੱਝ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੀ ਗਈ ਸੀ ਅਤੇ ਪੈਸੇ ਵੀ ਖੋਹ ਲਏ ਗਏ ਸਨ, ਪ੍ਰੰਤੂ ਥਾਣਾ ਬਾਲਿਆਂਵਾਲੀ ਵਿਖੇ ਸੂਚਿਤ ਕਰਨ ਦੇ ਬਾਵਜੂਦ ਅਜੇ ਤੱਕ ਇਨਸਾਫ ਨਹੀਂ ਮਿਲਿਆ। ਮੀਟਿੰਗ 'ਚ ਸ਼ਾਮਲ ਆਗੂਆਂ ਇਕਾਈ ਪ੍ਰਧਾਨ ਨਿਰਮਲ ਸਿੰਘ ਬੂਸਰ, ਖਜ਼ਾਨਚੀ ਕੁਲਵਿੰਦਰ ਸਿੰਘ, ਸੁਖਪਾਲ ਸਿੰਘ, ਰਣਜੀਤ ਸਿੰਘ, ਬਾਬੂ ਸਿੰਘ, ਗੁਰਮੀਤ ਸਿੰਘ ਮੀਤਾ, ਮੰਦਰ ਸਿੰਘ, ਗੁਰਮੀਤ ਸਿੰਘ ਅਕਾਲੀ, ਰਾਣੂੰ ਸਿੰਘ, ਮੁਕੰਦ ਸਿੰਘ ਢਿੱਲੋਂ ਤੇ ਸੁਰਜੀਤ ਸਿੰਘ ਰੋਮਾਣਾ ਜ਼ਿਲ੍ਹਾ ਕਮੇਟੀ ਮੈਂਬਰ ਨੇ ਦੱਸਿਆ ਕਿ ਇਸ ਮਾਮਲੇ 'ਚ ਇਨਸਾਫ ਲੈਣ ਹਿੱਤ ਇਨ੍ਹਾਂ ਚੋਣਾਂ ਦੌਰਾਨ ਵੀ ਬਾਲਿਆਂਵਾਲੀ ਥਾਣੇ ਅੱਗੇ ਧਰਨਾ ਦਿੱਤਾ ਗਿਆ ਸੀ, ਪ੍ਰੰਤੂ ਪ੍ਰਸ਼ਾਸਨ ਵੱਲੋਂ ਇਨਸਾਫ ਦਿਵਾਉਣ ਦਾ ਵਿਸ਼ਵਾਸ ਦਿੱਤੇ ਜਾਣ 'ਤੇ ਧਰਨਾ ਇੱਕ ਵਾਰ ਚੁੱਕ ਲਿਆ ਗਿਆ ਸੀ। ਇਸ ਉਪਰੰਤ ਬਾਅਦ ਵਿੱਚ ਵੀ ਮਿਲ ਕੇ ਕਾਰਵਾਈ ਦੀ ਮੰਗ ਕੀਤੀ ਗਈ ਸੀ, ਪ੍ਰੰਤੂ ਫਿਰ ਵੀ ਨਿਪਟਾਰਾ ਨਹੀਂ ਕੀਤਾ ਗਿਆ। ਆਗੂਆਂ ਆਪਣੇ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ 22 ਜੁਲਾਈ ਨੂੰ ਸਵੇਰੇ 10 ਵਜੇ ਬਾਲਿਆਂਵਾਲੀ ਥਾਣੇ ਅੱਗੇ ਪੁੱਜਣ।

# ਜ਼ਮੀਨੀ ਵਿਵਾਦ ਨੂੰ ਲੈ ਕੇ ਪਿਓ-ਪੁੱਤ ਦੇ ਕਤਲ ਦੇ ਮਾਮਲੇ 'ਚ ਮੁਲਜ਼ਮ ਗ੍ਰਿਫ਼ਤਾਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਾਜ਼ਿਲਕਾ ਦੀ ਅਗਵਾਈ ਹੇਠ ਸ੍ਰੀ ਅੱਛਰੂ ਰਾਮ ਡੀ.ਐੱਸ.ਪੀ. ਸਬ ਡਵੀਜ਼ਨ ਜਲਾਲਾਬਾਦ ਨਿਗਰਾਨੀ ਹੇਠ ਐੱਸ ਆਈ ਗੁਰਿੰਦਰ ਸਿੰਘ ਮੁੱਖ ਅਫਸਰ ਥਾਣਾ ਅਰਨੀਵਾਲਾ ਵੱਲੋਂ ਪਿੰਡ ਪਾਕਾਂ ਵਿੱਚ ਵਿੱਚ ਜ਼ਮੀਨੀ ਵਿਵਾਦ ਨੂੰ ਲੈ ਕੇ ਕੀਤੇ ਗਏ ਪਿਓ ਪੁੱਤ ਦੇ ਕਤਲ ਦੇ ਮਾਮਲੇ ਵਿੱਚ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਇੱਕ ਮੁਲਜ਼ਮ ਨੂੰ ਕਾਬੂ ਕੀਤਾ ਗਿਆ ਹੈ, ਜਦਕਿ ਬਾਕੀਆਂ ਦੀ ਭਾਲ ਜਾਰੀ ਹੈ।ਇਸ ਸਬੰਧੀ ਥਾਣਾ ਅਰਨੀਵਾਲਾ ਵਿਖੇ ਮੁਕੱਦਮਾ ਨੰਬਰ 81 ਮਿਤੀ 19—07—2024 ਜੁਰਮ 103, 3(5) ਭਾਰਤੀ ਨਿਆਂ ਸੰਹਿਤਾ ਤੇ 25, 27 ਅਸਲਾ ਐਕਟ ਤਹਿਤ ਸਰਬਜੀਤ ਕੌਰ ਪਤਨੀ ਅਵਤਾਰ ਸਿੰਘ ਵਾਸੀ ਢਾਣੀ ਪਿੰਡ ਪਾਕਾਂ ਦੇ ਬਿਆਨਾਂ 'ਤੇ ਰਜਿਸਟਰ ਕੀਤਾ ਗਿਆ ਕਿ ਉਨ੍ਹਾਂ ਪਾਸ 2.1/2 ਕਿੱਲੇ ਜ਼ਮੀਨ ਹੈ ਤੇ ਉਹ ਕਰੀਬ 09 ਕਿੱਲੇ ਜ਼ਮੀਨ ਹਰਦੀਪ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਚੂੜਪੁਰ ਲੁਧਿਆਣਾ ਪਾਸੋਂ ਠੇਕੇ 'ਤੇ ਲੈ ਕੇ ਵਾਹੀ ਕਰਦੇ ਹਨ।ਇਸ ਜ਼ਮੀਨ ਦੀ ਨਹਿਰੀ ਪਾਣੀ ਦੀ ਵਾਰੀ ਹਰ ਹਫਤੇ ਦਿਨ ਵੀਰਵਾਰ ਸ਼ਾਮ ਨੂੰ ਹੁੰਦੀ ਹੈ।ਬੀਤੀ 18 ਜੁਲਾਈ 2024 ਨੂੰ ਉਸ ਦਾ ਪਤੀ ਅਵਤਾਰ ਸਿੰਘ ਤੇ ਲੜਕਾ ਹਰਮੀਤ ਸਿੰਘ 04:30 ਵਜੇ ਸ਼ਾਮ ਨੂੰ ਇਸ ਜ਼ਮੀਨ ਦੀ ਨਹਿਰੀ ਪਾਣੀ ਦੀ ਵਾਰੀ ਲਾਉਣ ਲਈ ਖੇਤ ਗਏ ਸੀ ਤੇ ਮੁਦਈਆ ਕਰੀਬ ਇੱਕ ਘੰਟੇ ਬਾਅਦ ਉਨ੍ਹਾਂ ਦੀ ਚਾਹ ਲੈ ਕੇ ਖੇਤ ਗਈ ਤਾਂ ਮੌਕੇ 'ਤੇ ਪਲਵਿੰਦਰ ਸਿੰਘ ਉਰਫ ਪਿੰਦਾ ਮਸੱਲਾ ਪਿਸਤੌਲ, ਬਲਵੀਰ ਸਿੰਘ ਉਰਫ ਬੀਰਾ ਮੁੱਸਲਾ ਕਹੀ, ਰਘਬੀਰ ਸਿੰਘ ਉਰਫ ਗੋਮਾ ਮੁੱਸਲਾ ਕਹੀ ਪੁੱਤਰਾਨ ਜੋਗਿੰਦਰ ਸਿੰਘ ਤੇ ਅਨਮੋਲ ਸਿੰਘ ਉਰਫ ਮੋਲਾ ਪੁੱਤਰ ਬਲਵੀਰ ਸਿੰਘ ਮੁੱਸਲਾ ਕਹੀ ਵਾਸੀਆਨ ਪਿੰਡ ਪਾਕਾਂ ਪਾਣੀ ਦੀ ਵਾਰੀ ਨੂੰ ਲਗਾਉਣ ਕਰਕੇ ਉਸ ਦੇ ਪਤੀ ਤੇ ਲੜਕੇ ਨਾਲ ਬਹਿਸ ਬਾਜ਼ੀ ਕਰਨ ਲੱਗੇ ਤੇ ਪਲਵਿੰਦਰ ਸਿੰਘ ਉਰਫ ਪਿੰਦਾ ਨੇ ਤਹਿਸ ਵਿੱਚ ਆ ਕੇ ਆਪਣੇ ਪਿਸਤੌਲ ਨਾਲ ਉਸ ਦੇ ਪਤੀ ਅਵਤਾਰ ਸਿੰਘ ਤੇ ਲੜਕੇ ਹਰਮੀਤ ਸਿੰਘ 'ਤੇ ਫਾਇਰ ਕੀਤੇ ਅਤੇ ਕਹੀਆਂ ਨਾਲ ਵਾਰ ਕੀਤੇ, ਜਿਸ ਨਾਲ ਅਵਤਾਰ ਸਿੰਘ ਤੇ ਉਸ ਦੇ ਲੜਕੇ ਹਰਮੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।ਉਪਰੋਕਤ ਵਾਰਦਾਤ ਦੀ ਖਬਰ ਮਿਲਣ 'ਤੇ ਤੁਰੰਤ ਸ੍ਰੀ ਅੱਛਰੂ ਰਾਮ ਡੀ.ਐੱਸ.ਪੀ. ਸਬ ਡਵੀਜ਼ਨ ਜਲਾਲਾਬਾਦ ਤੇ ਐੱਸ ਆਈ ਗੁਰਿੰਦਰ ਸਿੰਘ ਮੁੱਖ ਅਫਸਰ ਥਾਣਾ ਅਰਨੀਵਾਲਾ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜੇ।ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਇੱਕ ਮੁਲਜ਼ਮ ਅਨਮੋਲ ਸਿੰਘ ਉਰਫ ਮੋਲਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਪਾਕਾਂ ਨੂੰ ਕਾਬੂ ਕਰ ਲਿਆ ਹੈ, ਜਦਕਿ ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ, ਜਿਨ੍ਹਾਂ ਨੂੰ ਵੀ ਬਹੁਤ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸ਼ਿਵ ਸ਼ੰਕਰ ਯੂਥ ਸੇਵਾ ਦਲ ਸਮਾਣਾ ਵੱਲੋਂ ਵਾਤਾਵਰਣ ਸ਼ੁਧਤਾ ਲਈ ਚਲਾਈ ਜਾ ਰਹੀ ਪੌਦੇ ਲਗਾਉਣ ਦੀ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਸਥਾਨਕ ਕੂੜਾ ਡੰਪ ਵਿਖੇ 5 ਦਰਜਨ ਦੇ ਕਰੀਬ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ।ਇਸ ਮੌਕੇ ਨਗਰ ਕੌਂਸਲ ਸਮਾਣਾ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਪ੍ਰਧਾਨ ਜੀਵਨ ਗਰਗ, ਵਾਈਟ ਗੋਲਡ ਫੈਬਰ ਦੇ ਐੱਮ ਡੀ ਗੌਰਵ ਅਗਰਵਾਲ, ਸਮਾਜ ਸੇਵੀ ਪ੍ਰਦੀਪ ਗੋਇਲ ਮਿੰਕਾ, ਦੇਵਕੀ ਨੰਦਨ ਸਿੰਗਲਾ, ਬੌਬੀ ਕੁਮਾਰ ਤੇ ਸੰਜੇ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਆਪਣੇ ਹੱਥੀਂ ਪੌਦੇ ਲਗਾਏ।ਇਸ ਮੌਕੇ ਯਸ਼ਪਾਲ ਸਿੰਗਲਾ, ਪ੍ਰਧਾਨ ਜੀਵਨ ਗਰਗ ਤੇ ਗੌਰਵ ਅਗਰਵਾਲ ਨੇ ਕਿਹਾ ਕਿ ਦਿਨੋਂ-ਦਿਨ ਗੰਧਲੇ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਤੇ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਇਹ ਸਾਡਾ ਸਭ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਦੀ ਸੰਭਾਲ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ ਤੇ ਇਸ ਨੂੰ ਗੰਧਲਾ ਹੋਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰੀਏ।ਇਸ ਮੌਕੇ ਪ੍ਰਦੀਪ ਗੋਇਲ ਮਿੰਕਾ, ਦੇਵਕੀ ਨੰਦਨ ਸਿੰਗਲਾ ਤੇ ਬੌਬੀ ਕੁਮਾਰ ਨੇ ਵਾਤਾਵਰਣ ਨੂੰ ਬਚਾਉਣ ਤੇ ਸਮਾਜ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਲਈ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਅੱਜ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨੂੰ ਬਚਾਉਣਾ ਸਭ ਤੋਂ ਵੱਡੀ ਲੋੜ ਬਣ ਚੁੱਕਾ ਹੈ, ਕਿਉਂਕਿ ਇਸ ਤੋਂ ਬਿਨਾਂ ਤੰਦਰੁਸਤ ਜੀਵਨ ਜਿਊਣਾ ਅਸੰਭਵ ਹੈ ਤੇ ਦਿਨੋਂ-ਦਿਨ ਵਧ ਰਹੀਆਂ ਬਿਮਾਰੀਆਂ ਵੀ ਵਾਤਾਵਰਣ ਪ੍ਰਦੂਸ਼ਤ ਹੋਣ ਕਾਰਨ ਹੀ ਫੈਲ ਰਹੀਆਂ ਹਨ।ਸਾਨੂੰ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸੰਭਾਲਣ ਦਾ ਜ਼ਿੰਮਾ ਵੀ ਚੁੱਕਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਹਰੇਕ ਵਿਅਕਤੀ ਨੂੰ ਆਪਣੇ ਆਲੇ ਦੁਆਲੇ ਘੱਟੋ ਘੱਟ 5 ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ।ਇਸ ਮੌਕੇ ਸੰਸਥਾ ਦੇ ਪ੍ਰਧਾਨ ਰਮਨ ਮਹਿੰਦਰਾ, ਇੰਸਪੈਕਟਰ ਹਰਵਿੰਦਰ ਸਿੰਘ, ਕਮਲ ਸ਼ਰਮਾ, ਰਾਹੁਲ ਗਰਗ, ਮਨੀ ਸ਼ਰਮਾ, ਸਾਹਿਲ ਭਟਨਾਗਰ, ਕਰਨ ਬਜਾਜ, ਲੱਕੀ ਵਰਮਾ, ਭਾਰਤ ਭੂਸ਼ਣ, ਮਨੋਜ ਰਹੇਜਾ, ਰਣਜੀਤ ਰਾਣਾ, ਸ਼ਨੀ ਪੋਪਲੀ, ਸ਼ਨੀ ਥਰੇਜਾ, ਮੋਹਨ ਚਾਵਲਾ, ਬਲਵਿੰਦਰ ਭਟਨਾਗਰ, ਸਾਗਰ ਤੇ ਰਾਕੇਸ਼ ਕੁਮਾਰ ਆਦਿ ਮੌਜੂਦ ਰਹੇ।

# ਹੋਲੀ ਹਾਰਟ ਸਕੂਲ 'ਚ ਪਾਣੀ ਦੀ ਸੰਭਾਲ ਸੰਬੰਧੀ ਸੈਮੀਨਾਰ



**ਅਜੀਤਵਾਲ (ਨਛੱਤਰ ਸੰਧੂ)**-ਨਾਮਵਰ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪਾਣੀ ਦੀ ਸੰਭਾਲ ਅਤੇ ਵਰਤੋਂ ਸੰਬੰਧੀ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੌਰਾਨ ਬੱਚਿਆਂ ਨੂੰ ਘਰਾਂ ਅੰਦਰ ਪਾਣੀ ਦੀ ਵਰਤੋਂ ਸੰਬੰਧੀ ਦੱਸਿਆ ਗਿਆ।ਇਸ ਦੇ ਨਾਲ ਬੱਚਿਆਂ ਤੋਂ ਲਿਖਾਈ ਮੁਕਾਬਲੇ, ਪੋਸਟਰ ਮੁਕਾਬਲੇ ਵੀ ਕਰਵਾਏ ਗਏ। ਇਸ ਵਿੱਚ ਪਾਣੀ ਦੀ ਦੁਰਵਰਤੋਂ ਰੋਕਣ ਲਈ ਖਾਸ ਨਿਯਮ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਸੈਮੀਨਾਰ ਦੌਰਾਨ ਬੱਚਿਆਂ ਨੂੰ ਅਧਿਆਪਕਾਂ ਨੇ ਦੱਸਿਆ ਕਿ ਪਾਣੀ ਕੁਦਰਤ ਦਾ ਅਨਮੋਲ ਖਜ਼ਾਨਾ ਹੈ। ਜਿਸ ਤੋਂ ਬਿਨਾਂ ਸੰਸਾਰਿਕ ਜੀਵਨ ਬੇਕਾਰ ਹੈ, ਕਿਉਂਕਿ ਇਨਸਾਨ, ਪਸ਼ੂ ਪੰਛੀਆਂ ਅਤੇ ਜੀਵ -ਜੰਤੂਆਂ ਨੂੰ ਜੀਵਨ ਜਿਉਣ ਲਈ ਪਾਣੀ ਦੀ ਬੇਹੱਦ ਲੋੜ ਹੈ ।ਪਰ ਪਿਛਲੇ ਸਮੇਂ ਤੋਂ ਨਿਰੰਤਰ ਪੱਧਰ ਡਿਗਦਾ ਜਾ ਰਿਹਾ ਹੈ। ਜਿਸ ਦਾ ਸਭ ਤੋਂ ਵੱਡਾ ਕਾਰਨ ਧੜਾਧੜ ਜੰਗਲਾਂ ਦੀ ਕਟਾਈ ਹੈ, ਜਿਸ ਕਰਕੇ ਮੌਸਮ ਵਿੱਚ ਭਾਰੀ ਬਦਲਾਉ ਆ ਰਹੇ ਹਨ ।ਉਨ੍ਹਾਂ ਕਿਹਾ ਕਿ ਸਾਡਾ ਬਰਸਾਤੀ ਪਾਣੀ ਅਤੇ ਧਰਤੀ ਹੇਠਲਾ ਪਾਣੀ ਖਣਿਜ ਭਰਪੂਰ ਹੁੰਦਾ ਹੈ, ਜਿਸ ਨਾਲ ਮਨੁੱਖੀ ਸਰੀਰ ਨੂੰ ਜੋ ਖਣਿਜ ਚਾਹੀਦੇ ਹਨ, ਉਹ ਇਸ 'ਚ ਭਰਪੂਰ ਮਾਤਰਾ 'ਚ ਹੁੰਦੇ ਹਨ ਅਤੇ ਮਿੱਟੀ ਦੇ ਭਾਂਡਿਆਂ 'ਚ ਅਜਿਹੇ ਗੁਣ ਹੁੰਦੇ ਹਨ, ਜੋ ਪਾਣੀ ਦੇ ਦੂਸ਼ਿਤ ਖਣਿਜਾਂ ਨੂੰ ਆਪਣੇ 'ਚ ਸਮਾ ਲੈਂਦੇ ਹਨ, ਜੋ ਮਨੁੱਖੀ ਸਰੀਰ ਲਈ ਲੋੜੀਂਦੇ ਹਨ, ਉਨ੍ਹਾਂ ਨੂੰ ਬਚਾਅ ਕੇ ਰੱਖਦੇ ਹਨ। ਇਸ ਲਈ ਪਾਣੀ ਹਮੇਸ਼ਾ ਤਾਜ਼ਾ ਹੀ ਪੀਤਾ ਜਾਵੇ, ਜਿਸ ਨਾਲ ਸਰੀਰ ਨਿਰੋਗ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਪਾਣੀ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ, ਇਸ ਨੂੰ ਸੇਵ ਕਰਕੇ ਨਿਤ ਦੀ ਵਰਤੋਂ 'ਚ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿਨ -ਬ -ਦਿਨ ਘਟ ਰਹੇ ਦਰੱਖਤਾਂ ਕਰਕੇ ਬਾਰਿਸ਼ਾਂ ਵਿੱਚ ਕਮੀ ਆ ਰਹੀ ਹੈ ਤੇ ਸਾਡੇ ਕੁਦਰਤੀ ਜਲ ਸਰੋਤ ਨਹਿਰਾਂ, ਨਦੀਆਂ, ਦਰਿਆ, ਝੀਲਾਂ ਆਦਿ ਵਿੱਚ ਪਾਣੀ ਦਾ ਸਤਰ ਘਟ ਰਿਹਾ ਹੈ ਤੇ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ। ਜੇਕਰ ਅਸੀਂ ਪਾਣੀ ਦੀ ਦੁਰਵਰਤੋਂ ਇਸੇ ਤਰ੍ਹਾਂ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਪਾਣੀ ਦੀ ਬੂੰਦ ਬੂੰਦ ਨੂੰ ਤਰਸਾਂਗੇ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਅਤੇ ਹੋਰ ਸਕੂਲ ਸਟਾਫ ਹਾਜ਼ਰ ਸੀ।

# ਡਾਇਰੀਆ ਰੋਕੋ ਮੁਹਿੰਮ ਤਹਿਤ ਸਕੂਲਾਂ 'ਚ ਜਾਗਰੂਕਤਾ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਦੇ ਦੋ ਵਾਰਡਾਂ ਵਿੱਚ ਫੈਲੇ ਡਾਇਰੀਏ ਮਗਰੋਂ ਸਿਹਤ ਵਿਭਾਗ ਨੇ ਹਰਕਤ ਵਿੱਚ ਆਉਂਦਿਆਂ ਉੱਪ-ਮੰਡਲ ਪਾਤੜਾਂ ਅਧੀਨ ਆਉਂਦੇ ਦਰਜਨਾਂ ਸਕੂਲਾਂ ਵਿੱਚ ਡਾਇਰੀਆ ਰੋਕੋ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਕਰਵਾਏ।ਸਿਹਤ ਵਿਭਾਗ ਵੱਲੋਂ ਕਰਵਾਏ ਗਏ ਇਨ੍ਹਾਂ ਸਮਾਗਮਾਂ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਡਾਇਰੀਆ ਤੋਂ ਬਚਾਅ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਸਕੂਲਾਂ ਵਿੱਚ ਕੀਤੇ ਗਏ ਇਨ੍ਹਾਂ ਸਮਾਗਮਾਂ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਪੀਣ ਵਾਲੇ ਪਾਣੀ ਦੀ ਸਫਾਈ ਲਈ ਵਰਤੀ ਜਾਣ ਵਾਲੀ ਕਲੋਰੀਨ ਦੀ ਦਵਾਈ ਦੇਣ ਦੇ ਨਾਲ ਨਾਲ ਪੀਣ ਵਾਲੇ ਪਾਣੀ ਦੇ ਸੈਂਪਲ ਇਕੱਤਰ ਕੀਤੇ ਗਏ। ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਜਾਣਕਾਰੀ ਦਿੰਦਿਆਂ ਸੀ ਡੀ ਐੱਸ ਆਕਾਸ਼ਦੀਪ ਕੌਰ, ਬੀ ਸੀ ਆਰ ਬਲਵਿੰਦਰ ਸਿੰਘ ਤੇ ਮਨਜੀਤ ਕੌਰ ਨੇ ਦੱਸਿਆ ਕਿ ਬਰਸਾਤਾਂ ਦੇ ਮੌਸਮ ਦੌਰਾਨ ਡਾਇਰੀਆ ਦੇ ਫੈਲਾਅ ਨੂੰ ਰੋਕਣ ਲਈ ਸਾਵਧਾਨੀਆਂ ਵਰਤਣੀਆਂ ਲਾਜ਼ਮੀ ਹਨ।ਪੇਚਸ ਰੋਗ, ਜਿਸ ਵਿੱਚ ਮਰੀਜ਼ ਨੂੰ ਆਮ ਤੌਰ 'ਤੇ ਟੱਟੀਆਂ ਤੇ ਉਲਟੀਆਂ ਲੱਗਦੀਆਂ ਹਨ, ਇਹ ਆਮ ਤੌਰ 'ਤੇ ਪੀਣ ਵਾਲੇ ਪਾਣੀ ਵਿੱਚ ਪੈਦਾ ਹੋਏ ਬੈਕਟੀਰੀਆ ਕਰਕੇ ਫੈਲਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਟੱਟੀਆਂ ਉਲਟੀਆਂ ਲੱਗਣ ਦੀ ਸੂਰਤ ਵਿੱਚ ਸਰੀਰ ਅੰਦਰ ਪਾਣੀ ਦੀ ਕਮੀ ਹੋ ਜਾਣ ਕਾਰਨ ਕਈ ਵਾਰ ਸਥਿਤੀ ਗੰਭੀਰ ਹੋ ਜਾਂਦੀ ਹੈ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਜਿੱਥੇ ਅਜਿਹੀ ਸਥਿਤੀ ਵਿੱਚ ਓ ਆਰ ਐੱਸ ਦਾ ਘੋਲ ਬਣਾ ਕੇ ਮਰੀਜ਼ ਨੂੰ ਦੇਣਾ ਲਾਹੇਵੰਦ ਹੈ, ਉੱਥੇ ਗੰਭੀਰ ਸਥਿਤੀ ਹੋਣ ਦੀ ਸੂਰਤ ਵਿੱਚ ਤਰੁੰਤ ਡਾਕਟਰੀ ਇਲਾਜ ਕਰਵਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਹੀਂ ਵਰਤਣੀ ਚਾਹੀਦੀ।

# ਕਾਲਜ ਦੀ ਪੜ੍ਹਾਈ ਤੋਂ ਬਿਨਾਂ ਵਿਦਿਆਰਥੀ ਦੇ ਗਿਆਨ ਦਾ ਦਾਇਰਾ ਸੀਮਤ ਹੋ ਕੇ ਰਹਿ ਜਾਂਦਾ : ਪ੍ਰਿੰਸੀਪਲ ਹਰਿੰਦਰ ਕੌਰ



**ਸਮਰਾਲਾ (ਸੁਰਜੀਤ ਸਿੰਘ)**
ਸਿੱਖਿਆ ਸੰਸਥਾਵਾਂ ਵਿੱਚ ਹੋਈਆਂ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਅਤੇ ਕਾਲਜ ਖੁੱਲ੍ਹ ਗਏ ਹਨ। ਇਹਨਾਂ ਸਿੱਖਿਆ ਸੰਸਥਾਵਾਂ ਵਿਚ ਨਵੇਂ ਦਾਖਲੇ ਲੈਣ ਵਾਲੇ ਵਿਦਿਆਰਥੀਆਂ ਦੀਆਂ ਸਥਾਨਕ ਮਾਲਵਾ ਕਾਲਜ ਬੋਂਦਲੀ ਵਿਚ ਰੌਣਕਾਂ ਮੁੜ ਤੋਂ ਪਰਤ ਆਈਆਂ ਹਨ। ਕਾਲਜ ਖੁੱਲ੍ਹਦੇ ਸਾਰ ਹੀ ਨਵੇਂ ਵਿਦਿਆਰਥੀ ਕਾਲਜ ਕੋਰੀਡੋਰਾਂ ਦੀ ਰੌਣਕ ਵਧਾਉਣ ਲੱਗ ਪਏ ਹਨ। ਸਥਾਨਕ ਮਾਲਵਾ ਕਾਲਜ ਬੌਂਦਲੀ ਦੀ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਅਤੇ ਦਾਖਲਿਆਂ ਦੇ ਡੀਨ ਡਾ. ਹਰਿੰਦਰਜੀਤ ਸਿੰਘ ਕਲੇਰ ਨੇ ਦੱਸਿਆ ਕਿ ਇਸ ਵਾਰ ਕਾਲਜ ਵਿਚ ਵਿਦਿਆਰਥੀਆਂ ਦੇ ਜ਼ਿਆਦਾ ਗਿਣਤੀ ਵਿਚ ਦਾਖਲੇ ਲੈਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਕਾਲਜ ਸਟਾਫ ਵੱਲੋਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਪੜ੍ਹਾਈ ਪ੍ਰਤੀ ਜਾਗਰੂਕ ਕਰਨ ਲਈ ਇਲਾਕੇ ਦੇ ਪਿੰਡਾਂ ਦੇ ਦੌਰੇ ਕੀਤੇ ਗਏ। ਇਸ ਮੁਹਿੰਮ ਦੌਰਾਨ ਟੀਚਰਾਂ ਨੇ ਹੋਣਹਾਰ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਪੜ੍ਹਾਈ ਪ੍ਰਤੀ ਜਾਗਰੂਕ ਕੀਤਾ ਅਤੇ ਕਾਲਜ ਵਿਚ ਹੁੰਦੀ ਮਿਆਰੀ ਪੜ੍ਹਾਈ ਅਤੇ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ, ਜਿਸ ਦੇ ਸਿੱਟੇ ਵਜੋਂ ਬਹੁਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਮਾਲਵਾ ਕਾਲਜ ਵਿੱਚ ਸੁਰੱਖਿਅਤ ਹੈ। ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਦੱਸਿਆ ਕਿ ਕਾਲਜ ਵਿੱਚ ਪੰਜਾਬੀ, ਹਿਸਾਬ ਅਤੇ ਇਤਿਹਾਸ ਵਿਸ਼ੇ ਦੀ ਐਮ ਏ ਦੀਆਂ ਕਲਾਸਾਂ ਚਲਦੀਆਂ ਹਨ, ਇਸ ਤੋਂ ਇਲਾਵਾ ਬੀ ਏ ਵਿਚ ਅੰਗਰੇਜ਼ੀ, ਪੰਜਾਬੀ, ਹਿੰਦੀ, ਅਰਥ-ਸ਼ਾਸਤਰ, ਰਾਜਨੀਤੀ ਸ਼ਾਸਤਰ, ਇਤਿਹਾਸ, ਆਈ ਟੀ ਅਤੇ ਫਿਜ਼ੀਕਲ ਐਜੂਕੇਸ਼ਨ ਸਮੇਤ ਐਡ ਔਨ ਕੋਰਸਾਂ ਵਿਚ ਫੈਸ਼ਨ ਡਿਜ਼ਾਇਨਿੰਗ ਅਤੇ ਸੂਚਨਾ ਟੈਕਨਾਲੋਜੀ ਦੇ ਇੱਕ, ਦੋ ਅਤੇ ਤਿੰਨ ਸਾਲਾ ਕੋਰਸ ਵੀ ਕਰਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਕਾਲਜ ਖੁੱਲ੍ਹ ਗਏ ਹਨ ਤਾਂ ਨਵੇਂ ਦਾਖਲੇ ਲੈਣ ਵਾਲੇ ਬੱਚੇ ਆਉਣੇ ਸ਼ੁਰੂ ਹੋ ਗਏ ਹਨ। ਦਾਖਲਿਆਂ ਦਾ ਇਹ ਸਿਲਸਿਲਾ ਬਾਕਾਇਦਾ 31 ਅਗਸਤ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਨਾਲ ਦੀ ਨਾਲ ਪੜ੍ਹਾਈ ਵੀ ਜਾਰੀ ਰਹੇਗੀ। ਕਾਲਜ ਅਧਿਆਪਕਾਂ ਨੇ ਦੱਸਿਆ ਕਿ ਮਾਲਵਾ ਕਾਲਜ ਵਿਚ ਵਧੀਆ ਇਮਾਰਤ ਅਤੇ ਵਧੀਆ ਕਲਾਸ ਰੂਮ ਹਨ। ਇਸ ਦੇ ਨਾਲ ਹੀ ਕਾਲਜ ਦੀ ਸ਼ਾਨਦਾਰ ਲਾਇਬ੍ਰੇਰੀ ਅਤੇ ਸਾਇੰਸ ਵਿਸ਼ੇ ਲਈ ਲੈਬੋਰਟਰੀਆਂ ਵੀ ਹਨ। ਬੀਤੇ ਸਮਿਆਂ ਵਿਚ ਕਾਲਜ ਨੇ ਖੇਡਾਂ, ਕਲਚਰਲ ਐਕਟੀਵਿਟੀਜ਼ ਅਤੇ ਅਕਾਦਮਿਕ ਪੱਧਰ ਤੇ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਕਿ ਕਾਲਜ ਦੀਆਂ ਸਾਰੀਆਂ ਜਮਾਤਾਂ ਦੇ ਸ਼ਾਨਦਾਰ ਨਤੀਜੇ ਆਏ ਹਨ। ਕਾਲਜ ਵਿੱਚ ਅਨੁਸ਼ਾਸਨ ਨੂੰ ਪਹਿਲ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਵਿਚ ਕਾਲਜ ਦੀ ਰੈਗੂਲਰ ਪੜ੍ਹਾਈ ਲਾਜ਼ਮੀ ਹੈ।

# ਡੇ-ਸਕਾਲਰ ਵਿੰਗ ਕਬੱਡੀ ਨੈਸ਼ਨਲ ਸਟਾਈਲ ਲਈ ਚੋਣ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਤੀ ਰੋੜੀ ਤੇ ਡੱਗੋ ਰੋਮਾਣਾ ਵਿਖੇ ਡੇ-ਸਕਾਲਰ ਵਿੰਗ ਕਬੱਡੀ ਨੈਸ਼ਨਲ ਸਟਾਈਲ ਲਈ ਟਰਾਇਲ ਲਏ ਗਏ।ਇਸ ਮੌਕੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਵੱਲੋਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਮੈਡਮ ਕੇਵਲ ਕੌਰ ਤੇ ਸਾਰੀ ਜ਼ਿਲ੍ਹਾ ਚੋਣ ਕਮੇਟੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਬਹੁਤ ਵਧੀਆ ਤਰੀਕੇ ਨਾਲ ਬੱਚਿਆਂ ਦੀ ਚੋਣ ਕੀਤੀ ਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ।ਇਹ ਡੇ-ਸਕਾਲਰ ਵਿੰਗ ਇਨ੍ਹਾਂ ਵਿਦਿਆਰਥੀਆਂ ਦੇ ਅੱਗੇ ਵਧਣ ਵਿੱਚ ਸਹਾਈ ਹੋਵੇਗਾ।

# ਤੰਦਰੁਸਤ ਤੇ ਖੁਸ਼ਹਾਲ ਸਮਾਜ ਲਈ ਸ਼ੁੱਧ ਵਾਤਾਵਰਣ ਬਹੁਤ ਜ਼ਰੂਰੀ : ਅਜ਼ਹਰ ਮੁਨੀਮ

## ਸਹਾਰਾ ਮੁਸਲਿਮ ਵੈੱਲਫੇਅਰ ਸੁਸਾਇਟੀ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਜਾਰੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪਿਛਲੇ ਲੰਬੇ ਸਮੇਂ ਤੋਂ ਇਲਾਕੇ ਅੰਦਰ ਖੂਨਦਾਨ ਕਰਨ ਤੋਂ ਲੈ ਕੇ ਗਰੀਬ ਹੋਣਹਾਰ ਵਿਦਿਆਰਥੀਆਂ ਦੀ ਪੜ੍ਹਾਈ 'ਚ ਸਹਾਇਤਾ ਕਰਨ ਤੇ ਬੇਸਹਾਰਾ ਗਰੀਬ ਪਰਿਵਾਰਾਂ ਦਾ ਸਹਾਰਾ ਬਣ ਕੇ ਸਮਾਜ ਦੀ ਸੇਵਾ ਕਰਦੀ ਆ ਰਹੀ ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਸਹਾਰਾ ਮੁਸਲਿਮ ਵੈੱਲਫੇਅਰ ਸੁਸਾਇਟੀ (ਰਜਿ.) ਮਾਲੇਰਕੋਟਲਾ ਵੱਲੋਂ ਪ੍ਰਧਾਨ ਅਜ਼ਹਰ ਮੁਨੀਮ ਦੀ ਅਗਵਾਈ ਹੇਠ ਸ਼ਹਿਰ ਨੂੰ ਸੁੰਦਰ ਬਣਾਉਣ ਤੇ ਵਾਤਾਵਰਨ ਦੀ ਸ਼ੁੱਧਤਾ ਲਈ ਸ਼ੁਰੂ ਕੀਤੀ ਪੰਦਰਵਾੜਾ "ਹਰ ਘਰ ਇੱਕ ਰੁੱਖ ਆਪਣਿਆ ਲਈ ਸੌ ਸੁੱਖ" ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਛਾਂਦਾਰ ਤੇ ਫਲਦਾਰ ਪੌਦੇ ਲਗਾਏ ਤੇ ਵੰਡੇ ਗਏ।

ਪ੍ਰਧਾਨ ਅਜ਼ਹਰ ਮੁਨੀਮ ਨੇ ਕਿਹਾ ਕਿ ਤੰਦਰੁਸਤ ਤੇ ਖੁਸ਼ਹਾਲ ਸਮਾਜ ਲਈ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਨ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਗਰੂਕ ਕਰਨ ਲਈ ਸਾਨੂੰ ਸਭ ਨੂੰ ਕੁਦਰਤ ਪ੍ਰਤੀ ਉਸਾਰੂ ਸੋਚ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਨੁੱਖ ਖੁਸ਼ ਤੇ ਤੰਦਰੁਸਤ ਵੀ ਤਾਂ ਹੀ ਰਹਿ ਸਕਦਾ ਹੈ ਜੇਕਰ ਉਸ ਦਾ ਆਲਾ-ਦੁਆਲਾ ਸਾਫ-ਸੁਥਰਾ ਤੇ ਹਰਿਆ-ਭਰਿਆ ਨਜ਼ਰ ਆਵੇਗਾ। ਉਨ੍ਹਾਂ ਦੱਸਿਆ ਕਿ ਬੂਟੇ ਲਗਾਉਣ ਨਾਲ ਜਿੱਥੇ ਸ਼ੁੱਧ ਹਵਾ ਤੇ ਆਕਸੀਜਨ ਮਿਲਦੀ ਹੈ, ਜਿਸ ਨਾਲ ਮਨੁੱਖ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰਦਾ ਹੈ, ਉੱਥੇ ਇਹ ਬੂਟੇ ਵੱਡੇ ਹੋ ਕੇ ਰੁੱਖ ਦਾ ਰੂਪ ਧਾਰ ਕੇ ਛਾਂ ਤੇ ਫਲ ਵੀ ਦਿੰਦੇ ਹਨ। ਉਨ੍ਹਾਂ ਅਪੀਲ ਕੀਤੀ ਕਿ ਹਰੇਕ ਵਿਅਕਤੀ ਇੱਕ ਪੌਦਾ ਜ਼ਰੂਰ ਲਗਾਵੇ ਤੇ ਉਸ ਦੀ ਸਾਂਭ-ਸੰਭਾਲ ਵੀ ਕੀਤੀ ਜਾਵੇ ਤਾਂ ਜੋ ਵੱਡੇ ਹੋ ਕੇ ਪੌਦਾ ਰੁੱਖ ਬਣੇ। ਇਸ ਮੌਕੇ ਉੱਘੇ ਵਾਤਾਵਰਣ ਪ੍ਰੇਮੀ ਮੁਹੰਮਦ ਸ਼ੌਕਤ (ਸ਼ੋਕੀ), ਮੁਹੰਮਦ ਫਿਰੋਜ਼ ਪੱਪੂ, ਮੁਹੰਮਦ ਗੁਲਜ਼ਾਰ, ਮੁਹੰਮਦ ਹਨੀਫ਼ ਜੇ ਪੀ, ਰਮਜ਼ਾਨ ਸੋਨੀ, ਮੁਹੰਮਦ ਅਨੀਸ ਕੁਰੈਸ਼ੀ, ਮੁਹੰਮਦ ਰਫ਼ੀਕ, ਇਰਫਾਨ ਫ਼ਾਨੀ, ਹਾਜੀ ਮੁਹੰਮਦ ਹਨੀਫ, ਮੁਹੰਮਦ ਹਲੀਮ, ਸ਼ਮਸ਼ਾਦ ਸਾਦੂ, ਮੁਹੰਮਦ ਮਹਿਮੂਦ ਰਾਜੂ, ਹਾਜੀ ਗੁਲਾਮ ਰਸੂਲ, ਸ਼ਹਿਜ਼ਾਦ ਮਾਹੀ, ਮੁਹੰਮਦ ਯਾਮੀਨ ਬੌਬੀ, ਰਣਜੀਤ ਕਲਿਆਣ, ਮੁਹੰਮਦ ਓਵੈਸ ਤੋਂ ਇਲਾਵਾ ਵੱਡੀ ਗਿਣਤੀ 'ਚ ਮੈਂਬਰ ਤੇ ਵਲੰਟੀਅਰ ਹਾਜ਼ਰ ਸਨ।

# ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਤਹਿਤ ਖੇਡ ਟਰਾਇਲ 4 ਨੂੰ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਾਈਕਲਿੰਗ ਫ਼ੈਡਰੇਸ਼ਨ ਆਫ ਇੰਡੀਆ ਵੱਲੋਂ ਜ਼ਮੀਨੀ ਪੱਧਰ 'ਤੇ ਨੌਜਵਾਨਾਂ ਨੂੰ ਖੇਡਾਂ ਲਈ ਉਤਸ਼ਾਹਤ ਕਰਨ ਦੇ ਮਕਸਦ ਨਾਲ ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਤਹਿਤ ਟਰਾਇਲ ਪੋਲੋ ਗਰਾਊਂਡ ਪਟਿਆਲਾ ਵਿੱਚ 4 ਅਗਸਤ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਏ ਜਾਣਗੇ।

ਇਸ ਵਿੱਚ ਫ਼ਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮਾਲੇਰਕੋਟਲਾ ਦੇ ਲੜਕੇ ਲੜਕੀਆਂ (12 ਤੋਂ 14 ਸਾਲ) ਹਿੱਸਾ ਲੈ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਦੇ ਕਨਵੀਨਰ ਤੇ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪੂਰੇ ਪੰਜਾਬ ਵਿੱਚ ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਤੇ ਵਿਸ਼ੇਸ਼ ਤੌਰ 'ਤੇ ਸਾਈਕਲਿੰਗ ਖੇਡ ਨਾਲ ਜੋੜਨਾ ਹੈ ਤਾਂ ਜੋ ਪੰਜਾਬ ਵਿੱਚ ਸਾਈਕਲਿੰਗ ਨੂੰ ਪ੍ਰਫੁੱਲਤ ਕੀਤਾ ਜਾ ਸਕੇ।ਇਸ ਤਹਿਤ ਖ਼ਿਡਾਰੀਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੀਆਂ ਅਕੈਡਮੀਆਂ ਵਿੱਚ ਭੇਜਿਆ ਜਾਵੇਗਾ, ਜਿੱਥੇ ਉਨ੍ਹਾਂ ਦਾ ਰਹਿਣਾ, ਖੁਰਾਕ, ਟ੍ਰੇਨਿੰਗ, ਖੇਡ ਦਾ ਸਾਜ਼ੋ ਸਾਮਾਨ ਮੁਫ਼ਤ ਦਿੱਤਾ ਜਾਵੇਗਾ।ਸ. ਕਾਹਲੋਂ ਨੇ ਕਿਹਾ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਨੌਜਵਾਨਾਂ ਦੀ ਟਰਾਇਲ ਰਾਹੀਂ ਚੋਣ ਕੀਤੀ ਜਾਣੀ ਹੈ ਤੇ ਚੁਣੇ ਹੋਏ ਖਿਡਾਰੀ ਦਿੱਲੀ ਵਿਖੇ ਫਾਈਨਲ ਟਰਾਇਲ ਲਈ ਭੇਜੇ ਜਾਣਗੇ।ਵਧੇਰੇ ਜਾਣਕਾਰੀ ਲਈ ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਕਮੇਟੀ ਇੰਚਾਰਜ ਬਖਸ਼ੀਸ਼ ਸਿੰਘ ਨਾਲ ਫੋਨ ਨੰਬਰ 9872409600 'ਤੇ ਸੰਪਰਕ ਕਰ ਸਕਦੇ ਹਨ।

# ਇੱਕ ਪੌਦਾ ਮਾਂ ਦੇ ਨਾਂਅ ਦਾ ਹੋਕਾ ਦਿੰਦੀ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਪਹਿਲੀ ਮੈਰਾਥਨ ਦਾ ਸ਼ਾਨਦਾਰ ਆਯੋਜਨ

## ਸਮਾਰੋਹ ਮੌਕੇ ਤਲਵਾਰਬਾਜ਼ੀ ਅਕਾਦਮੀ ਦਾ ਆਗਾਜ਼ ਤੇ 3000 ਪੌਦੇ ਵੰਡੇ



**ਤਲਵੰਡੀ ਸਾਬੋ (ਜਗਦੀਪ ਗਿੱਲ)**
ਗੁਰੂ ਕਾਸ਼ੀ ਯੂਨੀਵਰਸਿਟੀ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ, ਡਾਇਰੈਕਟੋਰੇਟ ਆਫ਼ ਸਪੋਰਟਸ ਵੱਲੋਂ ਯੁਵਕ ਸੇਵਾਵਾਂ ਵਿਭਾਗ ਤੇ ਰਾਸ਼ਟਰੀ ਸੇਵਾ ਯੋਜਨਾ ਦੇ ਸਹਿਯੋਗ ਨਾਲ ਇੱਕ ਪੌਦਾ ਮਾਂ ਦੇ ਨਾਮ ਆਰੰਭੀ ਮੁਹਿੰਮ ਤਹਿਤ ਰੁੱਖ ਲਗਾਓ-ਵਾਤਾਵਰਣ ਬਚਾਓ ਦਾ ਸੰਦੇਸ਼ ਦਿੰਦੀ ਪਹਿਲੀ ਮੈਰਾਥਨ ਦਾ ਸ਼ਾਨਦਾਰ ਆਯੋਜਨ 'ਵਰਸਿਟੀ ਗੇਟ ਤੋਂ ਗੁਰੂ ਰਵਿਦਾਸ ਚੌਂਕ ਤੱਕ ਤੇ ਵਾਪਸੀ ਦਾ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਪ੍ਰੋ. (ਡਾ.) ਐੱਸ. ਕੇ. ਬਾਵਾ ਉਪ-ਕੁਲਪਤੀ ਤੇ ਸਨਮਾਨਤ ਮਹਿਮਾਨ ਐੱਸ.ਡੀ.ਐੱਮ. ਤਲਵੰਡੀ ਸਾਬੋ ਹਰਜਿੰਦਰ ਸਿੰਘ ਜੱਸਲ ਨੇ ਮੈਰਾਥਨ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ।ਉਨ੍ਹਾਂ ਯੂਨੀਵਰਸਿਟੀ ਦੀ ਤਲਵਾਰਬਾਜ਼ੀ ਅਕਾਦਮੀ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ ਤੇ ਖਿਡਾਰੀਆਂ ਨੂੰ 3000 ਪੌਦੇ ਵੰਡੇ ਗਏ।ਇਸ ਦੌਰਾਨ ਜੇਤੂਆਂ ਤੇ ਖਿਡਾਰੀਆਂ ਨੂੰ ਸਨਮਾਨਤ ਕਰਦੇ ਹੋਏ ਡਾ. ਬਾਵਾ ਨੇ ਕਿਹਾ ਕਿ ਵਾਤਾਵਰਣ ਦੀ ਸਾਂਭ-ਸੰਭਾਲ ਤੇ ਹਰਿਆ ਭਰਿਆ ਪ੍ਰਦੂਸ਼ਨ ਮੁਕਤ ਭਾਰਤ ਬਣਾਉਣ ਦੀ ਜ਼ਿੰਮੇਵਾਰੀ ਸਾਡੇ ਨੌਜਵਾਨ ਵਰਗ ਦੀ ਹੈ।ਉਨ੍ਹਾਂ ਸਾਰਿਆਂ ਨੂੰ ਇੱਕ ਵਾਰ ਵਰਤਣ ਯੋਗ ਪਲਾਸਟਿਕ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਤੇ ਜਨ ਮਾਨਸ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ, ਉਨ੍ਹਾਂ ਦੀ ਸਾਂਭ-ਸੰਭਾਲ ਤੇ ਪਰਵਰਿਸ਼ ਦਾ ਸੁਨੇਹਾ ਦਿੱਤਾ।ਵਿਸ਼ੇਸ਼ ਮਹਿਮਾਨ ਡਾ. ਜੱਸਲ ਨੇ ਆਯੋਜਕਾਂ ਦੀ ਪਹਿਲ ਦੀ ਪ੍ਰਸੰਸਾ ਕਰਦੇ ਹੋਏ 'ਵਰਸਿਟੀ ਵੱਲੋਂ ਸ਼ੁਰੂ ਕੀਤੀ ਗਈ ਤਲਵਾਰਬਾਜ਼ੀ ਅਕਾਦਮੀ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਨ੍ਹਾਂ ਦੇ ਖੇਡ ਹੁਨਰ ਨੂੰ ਨਿਖਾਰ ਕੇ ਓਲੰਪਿਕ ਤੇ ਏਸ਼ੀਆਈ ਖੇਡਾਂ ਵਿੱਚ ਤਮਗਾ ਹਾਸਲ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪੌਦੇ ਲਗਾ ਕੇ ਭੁੱਲ ਜਾਣਾ ਪੌਦਿਆਂ ਦੀ ਹੱਤਿਆ ਦੇ ਬਰਾਬਰ ਹੈ, ਸਾਨੂੰ ਸਾਰਿਆਂ ਨੂੰ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ-ਸੰਭਾਲ, ਪਾਣੀ ਤੇ ਖਾਦ ਖੁਰਾਕ ਦੇਣਾ ਸਾਡੀ ਜ਼ਿੰਮੇਵਾਰੀ ਹੈ।ਮੈਰਾਥਨ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਾ. ਬਲਵਿੰਦਰ ਕੁਮਾਰ ਸ਼ਰਮਾ, ਡਾਇਰੈਕਟਰ ਸਪੋਰਟਸ ਨੇ ਦੱਸਿਆ ਕਿ ਮੈਰਾਥਨ ਵਿੱਚ ਵਿਜੇ ਕੁਮਾਰ, ਸ.ਸ.ਸ. ਤਲਵੰਡੀ ਸਾਬੋ ਨੇ ਪਹਿਲਾ, ਅਮਨਦੀਪ ਸਿੰਘ, ਸ.ਸ.ਸ. ਭਾਈ ਰੂਪਾ ਨੇ ਦੂਜਾ ਤੇ ਜਸ਼ਨਦੀਪ ਸਿੰਘ, ਯੂਨੀਵਰਸਲ ਸਕੂਲ, ਤਲਵੰਡੀ ਸਾਬੋ ਨੇ ਤੀਜਾ ਸਥਾਨ ਹਾਸਲ ਕੀਤਾ।ਜੇਤੂਆਂ ਨੂੰ ਆਯੋਜਕਾਂ ਵੱਲੋਂ ਕ੍ਰਮਵਾਰ 10,000 ਰੁਪਏ, 7100 ਰੁਪਏ, 5100 ਰੁਪਏ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ ਤੇ ਪ੍ਰਤੀਭਾਗੀਆਂ ਦੀ ਟੀ-ਸ਼ਰਟਾਂ ਨਾਲ ਹੌਸਲਾ ਅਫ਼ਜ਼ਾਈ ਕੀਤੀ ਗਈ।ਲੜਕੀਆਂ ਵਿੱਚੋਂ ਸੁਖਵੀਰ ਕੌਰ ਨੇ ਪਹਿਲਾ, ਅਮਨਜੋਤ ਕੌਰ ਨੇ ਦੂਜਾ ਤੇ ਹਰਲੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਤਲਵਾਰਬਾਜ਼ੀ ਲੜਕੇ ਤੇ ਲੜਕੀਆਂ ਦੇ ਨੁਮਾਇਸ਼ੀ ਮੈਚ ਵੀ ਕਰਵਾਏ ਗਏ।ਸ. ਸਰਦੂਲ ਸਿੰਘ ਸਿੱਧੂ ਡਾਇਰੈਕਟਰ ਵਿਦਿਆਰਥੀ ਭਲਾਈ ਨੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਦਾ ਧੰਨਵਾਦ ਕਰਦੇ ਹੋਏ ਜਸਵੀਰ ਸਿੰਘ ਜ਼ਿਲ੍ਹਾ ਸਪੋਰਟਸ ਕੁਆਰਡੀਨੇਟਰ ਬਠਿੰਡਾ ਤੇ ਯੁਵਕ ਸੇਵਾਵਾਂ ਵਿਭਾਗ ਦੇ ਪ੍ਰਬੰਧਨ ਦੀ ਸ਼ਲਾਘਾ ਕੀਤੀ।ਐੱਨ.ਐੱਸ.ਐੱਸ. ਕੁਆਰਡੀਨੇਟਰ, ਵਲੰਟੀਅਰਾਂ ਤੇ ਰਿਫਰੈਸ਼ਮੈਂਟ ਕਮੇਟੀ ਦਾ ਪ੍ਰਬੰਧਨ ਕਾਬਿਲ-ਏ-ਤਾਰੀਫ਼ ਰਿਹਾ।

# ਜਮਹੂਰੀ ਜਥੇਬੰਦੀਆਂ ਭਲਕੇ ਜਲੰਧਰ 'ਚ ਕਰਨਗੀਆਂ ਸੂਬਾਈ ਕਨਵੈਨਸ਼ਨ ਤੇ ਰੋਸ ਮੁਜ਼ਾਹਰਾ

## ਸਮਾਜ ਦੇ ਚੇਤਨ ਵਰਗ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ



**ਅੰਮ੍ਰਿਤਸਰ (ਨਜ਼ਸ)**-ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਉੱਘੇ ਵਿਦਵਾਨ ਪ੍ਰੋ. ਸ਼ੇਖ ਸ਼ੌਕਤ ਹੁਸੈਨ ਵਿਰੁੱਧ ਕਾਲੇ ਕਾਨੂੰਨ ਯੂਏਪੀਏ ਤਹਿਤ ਮੁਕੱਦਮੇ ਦੀ ਮਨਜ਼ੂਰੀ ਨੂੰ ਰੱਦ ਕਰਵਾਉਣ ਅਤੇ 1 ਜੁਲਾਈ 2024 ਤੋਂ ਲਾਗੂ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਉਪਰ ਰੋਕ ਲਵਾਉਣ ਲਈ 21 ਜੁਲਾਈ ਨੂੰ ਸਵੇਰੇ ਸਾਢੇ ਦਸ ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਸਾਂਝੀ ਕਨਵੈਨਸ਼ਨ ਕੀਤੀ ਜਾਵੇਗੀ।ਇਸ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਜਾਵੇਗਾ।ਇਸ ਸਬੰਧੀ ਸਥਾਨਕ ਕੰਪਨੀ ਬਾਗ਼ ਵਿਖੇ ਹੋਈ ਇਕ ਵਿਸ਼ੇਸ਼ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਦੀਆਂ ਵੱਖ-ਵੱਖ ਜਨਤਕ ਤੇ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਡਾ. ਪਰਮਿੰਦਰ, ਸੁਮੀਤ ਅੰਮ੍ਰਿਤਸਰ, ਯਸ਼ਪਾਲ ਝਬਾਲ, ਅਮਰਜੀਤ ਸਿੰਘ ਭੱਲਾ, ਜਗਤਾਰ ਕਰਮਪੁਰਾ, ਰਵਿੰਦਰ ਕੌਰ, ਦੀਪ ਦਵਿੰਦਰ ਸਿੰਘ, ਬਲਬੀਰ ਮੂਧਲ ਅਤੇ ਹਰਜੀਤ ਸੰਧੂ ਨੇ ਦੱਸਿਆ ਕਿ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਪ੍ਰਸਿੱਧ ਪੱਤਰਕਾਰ ਤੇ ਸਮਾਜਿਕ ਕਾਰਕੁੰਨ ਭਾਸ਼ਾ ਸਿੰਘ, ਜਮਹੂਰੀ ਚਿੰਤਕ ਐਡਵੋਕੇਟ ਐਨ. ਕੇ. ਜੀਤ, ਐਡਵੋਕੇਟ ਦਲਜੀਤ ਸਿੰਘ, ਸੂਬਾਈ ਤਰਕਸ਼ੀਲ ਆਗੂ ਮਾਸਟਰ ਰਾਜਿੰਦਰ ਭਦੌੜ ਅਤੇ ਜਮਹੂਰੀ ਚਿੰਤਕ ਪ੍ਰੋ. ਜਗਮੋਹਨ ਸਿੰਘ ਹੋਣਗੇ।ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਫੌਜਦਾਰੀ ਕਾਨੂੰਨ ਅੰਗਰੇਜ਼ੀ ਰਾਜ ਦੇ ਰੋਲਟ ਐਕਟ ਤੋਂ ਵੀ ਵਧੇਰੇ ਖ਼ਤਰਨਾਕ ਹਨ ਅਤੇ ਇਨ੍ਹਾਂ ਦਾ ਨਿਸ਼ਾਨਾ ਵਹਿਸ਼ੀ ਹਕੂਮਤੀ ਜ਼ਬਰ ਰਾਹੀਂ ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨਕ ਤੇ ਜਮਹੂਰੀ ਹੱਕਾਂ ਤੋਂ ਵਾਂਝੇ ਕਰਕੇ ਦੇਸ਼ ਨੂੰ ਪੁਲਿਸ ਸਟੇਟ 'ਚ ਬਦਲਣਾ ਹੈ ਜਿਸ ਦਾ ਵਿਰੋਧ ਕਰਨ ਲਈ ਪੰਜਾਬ ਸਮੇਤ ਦੇਸ਼ ਦੀਆਂ ਸਮੂਹ ਜਮਹੂਰੀ ਜਨਤਕ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਜਥੇਬੰਦਕ ਸੰਘਰਸ਼ ਉਲੀਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਬੁੱਧੀਜੀਵੀਆਂ ਵਿਰੁੱਧ ਯੂਏਪੀਏ ਦੇ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ ਅਤੇ ਇਸਨੂੰ ਅਣਐਲਾਨੀ ਐਮਰਜੈਂਸੀ ਤੋਂ ਕਿਸੇ ਵੀ ਤਰਾਂ ਘੱਟ ਨਹੀਂ ਕਿਹਾ ਜਾ ਸਕਦਾ।ਉਨ੍ਹਾਂ ਨੇ ਸਮੂਹ ਲੋਕ ਪੱਖੀ ਜਮਹੂਰੀ ਤੇ ਜਨਤਕ ਜਥੇਬੰਦੀਆਂ ਅਤੇ ਸਮਾਜ ਦੇ ਚੇਤਨ ਵਰਗ ਨੂੰ ਅਪੀਲ ਕੀਤੀ ਕਿ 21 ਜੁਲਾਈ ਨੂੰ ਜਲੰਧਰ ਵਿਖੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਇਸ ਕਨਵੈਨਸ਼ਨ ਨੂੰ ਸਫਲ ਬਣਾਉਣ ਤਾਂ ਕਿ ਮੋਦੀ ਸਰਕਾਰ ਦੇ ਫਾਸ਼ੀਵਾਦੀ ਹਮਲਿਆਂ ਦਾ ਡਟਵਾਂ ਟਾਕਰਾ ਕੀਤਾ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਜਸਪਾਲ ਬਾਸਰਕੇ, ਮਾਸਟਰ ਬਲਦੇਵ ਰਾਜ ਵੇਰਕਾ, ਪ੍ਰਿੰ. ਮੇਲਾ ਰਾਮ, ਮਾਸਟਰ ਕੁਲਜੀਤ ਵੇਰਕਾ ਆਦਿ ਨੇ ਇਸ ਕਨਵੈਨਸ਼ਨ ਨੂੰ ਸਫਲ ਬਣਾਉਣ ਲਈ ਆਪਣੇ ਵਿਚਾਰ ਪ੍ਰਗਟ ਕੀਤੇ।

# ਸਾਂਸਦ ਰੰਧਾਵਾ ਪ੍ਰਾਚੀਨ ਸ਼ਿਵ ਮੰਦਰ ਕਲਾਨੌਰ ਵਿਖੇ ਹੋਏ ਨਤਮਸਤਕ



**ਕਲਾਨੌਰ (ਮਨਦੀਪ ਕੋਹਲੀ)**-ਚੱਲ ਰਹੇ ਸਾਵਣ ਮਹੀਨੇ ਦੌਰਾਨ ਅੱਜ ਗੁਰਦਾਸਪੁਰ ਲੋਕ ਸਭਾ ਤੋਂ ਕਾਂਗਰਸ ਪਾਰਟੀ ਦੇ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਤੜਕਸਾਰ ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਿਰ ਵਿੱਚ ਮੱਥਾ ਟੇਕਿਆ ਤੇ ਰੁਦਰ ਅਭਿਸ਼ੇਕ ਪੂਜਾ ਅਰਚਨਾ ਕੀਤੀ ਗਈ।

ਇਸ ਮੌਕੇ ਉਨ੍ਹਾਂ ਦੇ ਨਾਲ ਸ਼ਿਵਾਲਾ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ ਵੀ ਮੌਜੂਦ ਰਹੇ, ਪ੍ਰਾਚੀਨ ਸ਼ਿਵ ਮੰਦਿਰ ਦੇ ਪੁਜਾਰੀ ਪੰਡਿਤ ਸ਼ੁਭਮ ਸ਼ਾਸਤਰੀ ਵੱਲੋਂ ਵਿਧੀ ਅਨੁਸਾਰ ਰੁਦ੍ਰਾ ਅਭਿਸ਼ੇਕ ਪੂਜਾ ਅਰਚਨਾ ਰਚਨਾ ਕਰਵਾਈ ਗਈ, ਜਿਸ ਵਿੱਚ ਦੁੱਧ, ਦਹੀਂ, ਸ਼ਹਿਦ, ਘਿਓ, ਸ਼ੱਕਰ, ਫੁੱਲ, ਨਾਰੀਅਲ, ਵਸਤਰ, ਫਲ ਆਦਿ ਨਾਲ ਪੂਰੇ ਮੰਤਰਾਂ ਦਾ ਉਚਾਰਨ ਕਰਦੇ ਹੋਏ ਪੂਜਾ ਅਰਚਨਾ ਸੰਪੰਨ ਕੀਤੀ। ਇਸ ਮਗਰੋਂ ਉਨ੍ਹਾਂ ਵੱਲੋਂ ਸ਼ਿਵ ਮੰਦਿਰ ਵਿਖੇ ਰੋਜ਼ਾਨਾ ਹੁੰਦੀ ਆਰਤੀ ਵਿੱਚ ਵੀ ਹਿੱਸਾ ਲਿਆ ਗਿਆ ਅਤੇ ਆਪਣਾ ਆਪਣੇ ਪਰਿਵਾਰ ਅਤੇ ਸਰਬੱਤ ਦੇ ਭਲੇ ਲਈ ਭੋਲੇ ਸ਼ੰਕਰ ਤੋਂ ਅਸ਼ੀਰਵਾਦ ਲਿਆ।

ਇਸ ਮੌਕੇ ਉਨਾਂ ਨਾਲ ਹੋਰਨਾਂ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ, ਕਮੇਟੀ ਮੈਂਬਰ ਸੁਰਿੰਦਰ ਵਰਮਾ, ਵਿਜੇ ਸੇਠੀ, ਜੀਆ ਲਾਲ ਵਰਮਾ, ਬੌਬੀ ਵਿੱਗ, ਗੋਪੀ ਬਲਹੋਤਰਾ, ਕੁਲਵਿੰਦਰ ਲਾਡਾ, ਸਤਨਾਮ ਸਿੰਘ ਮਾਹਲਾ, ਸੰਜੀਵ ਤੁੱਲੀ ਤੋਂ ਇਲਾਵਾ ਸ਼ਿਵ ਭਗਤ ਮੌਜੂਦ ਸਨ।

# ਬੱਸ ਅੱਡੇ 'ਤੇ ਨਹੀਂ ਖੜ੍ਹਦੀਆਂ ਬੱਸਾਂ, ਸਵਾਰੀਆਂ ਨੂੰ ਹੰਦੀ ਹੈ ਪ੍ਰੇਸ਼ਾਨੀ

**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ)**-ਕਾਂਗਰਸ ਸਰਕਾਰ ਵੱਲੋਂ ਔਰਤਾਂ ਦੀ ਸੁਹਲਤ ਲਈ ਚਲਾਈ ਮੁਫ਼ਤ ਰੋਡਵੇਜ਼ ਬੱਸ ਸੇਵਾ ਭਗਵੰਤ ਸਿੰਘ ਮਾਨ ਸਰਕਾਰ ਲਈ ਗਲੇ ਦੀ ਹੱਡੀ ਬਣਦੀ ਜਾ ਰਹੀ ਹੈ।ਸਰਕਾਰੀ ਮੁਫ਼ਤ ਰੋਡਵੇਜ਼ ਬੱਸ ਸਰਵਿਸ ਕਰਕੇ ਸਗੋਂ ਜਿਥੇ ਸਰਕਾਰ ਨੂੰ ਔਰਤਾਂ ਦਾ ਸਮਰਥਨ ਮਿਲਣਾ ਚਾਹੀਦਾ ਸੀ ਉਥੇ ਹੀ ਰੋਡਵੇਜ਼ ਬੱਸਾਂ ਦੇ ਡਰਾਈਵਰ ਕੰਡਕਟਰਾ ਦੀ ਮਨਮਾਨੀ ਕਰਕੇ ਸਰਕਾਰ ਦੀ ਬਦਨਾਮੀ ਦਾ ਕਾਰਣ ਬਣ ਕੇ ਰਹਿ ਗਈਆਂ ਹਨ ।ਇਸ ਸਬੰਧੀ ਝਬਾਲ ਵਿਖੇ ਥਾਣੇ ਦੇ ਸਾਹਮਣੇ ਸਰਕਾਰੀ ਰੋਡਵੇਜ਼ ਬੱਸ ਦੀ ਉਡੀਕ ਕਰ ਰਹੀਆਂ ਔਰਤਾਂ ਨਾਲ ਗਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਵਲੋ ਬੇਸ਼ਕ ਔਰਤਾਂ ਨੂੰ ਮੁਫ਼ਤ ਸਹੂਲਤ ਦਿੱਤੀ ਗਈ ਹੈ ਪਰ ਪਰ ਰੋਡਵੇਜ਼ ਬੱਸ ਦੇ ਡਰਾਈਵਰ ਕੰਡਕਟਰ ਬੱਸ ਨਹੀਂ ਰੋਕਦੇ ਤੇ ਬੱਸ ਅੱਡੇ ਦੇ ਪਿੱਛੇ ਹੀ ਬੱਸ ਖੜੀ ਕਰ ਦਿੰਦੇ ਹਨ ਤੇ ਸਰਕਾਰੀ ਬਸ ਨੂੰ ਉਡੀਕ ਕਰਨ ਵਾਲੀਆਂ ਸਵਾਰੀਆਂ (ਔਰਤਾਂ) ਸਾਰਾ ਦਿਨ ਖੱਜਲ ਖੁਆਰ ਹੁੰਦੀਆਂ ਤੇ ਉਨ੍ਹਾਂ ਨੂੰ ਪ੍ਰਾਈਵੇਟ ਬੱਸਾਂ ਰਾਹੀਂ ਸਫ਼ਰ ਕਰਨਾ ਪੈਂਦਾ ਜਿਸ ਕਾਰਣ ਔਰਤਾਂ ਨੂੰ ਫਰੀ ਬੱਸ ਦੀ ਸੁਹਲਤ ਨਹੀਂ ਮਿਲ ਰਹੀ ਸਰਕਾਰ ਨੂੰ ਚਾਹੀਦਾ ਹੈ ਕਿ ਜੇਕਰ ਬੱਸਾਂ ਅੱਡੇ ਤੇ ਨਹੀਂ ਖੜ੍ਹੀਆਂ ਕਰਨੀਆਂ ਤਾਂ ਇਸ ਸੁਹਲਤ ਨੂੰ ਬੰਦ ਕਰ ਦਿੱਤਾ ਜਾਵੇ ਇਹ ਸਹੂਲਤ ਆਮ ਲੋਕਾਂ ਨੂੰ ਨਹੀਂ ਮਿਲ ਰਹੀ ਇਹ ਸਹੂਲਤ ਸਰਕਾਰੀ ਨੌਕਰੀ ਕਰ ਰਹੀਆਂ ਬੀਬੀਆਂ ਨੂੰ ਮਿਲ ਰਹੀ ਹੈ। ਆਮ ਘਰਾਂ ਦੀਆਂ ਔਰਤਾਂ ਤਾਂ ਕਦੇ ਕਦਾਈਂ ਬੱਸ ਵਿਚ ਸਫ਼ਰ ਕਰਦੀਆਂ ਹਨ ਪਰ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਮਿਲੀਭੁਗਤ ਨਾਲ ਇਹ ਸਹੂਲਤ ਨਹੀਂ ਮਿਲਦੀ।

ਸਰਕਾਰ ਨੂੰ ਚਾਹੀਦਾ ਹੈ ਕਿ ਜਾਂ ਤਾਂ ਬੱਸਾਂ ਅੱਡਿਆਂ ਤੇ ਖੜ੍ਹੀਆਂ ਕੀਤੀਆਂ ਜਾਣ ਨਹੀਂ ਤਾਂ ਬੰਦ ਕਰ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਝਬਾਲ ਵਿਖੇ ਸਰਕਾਰ ਵੱਲੋਂ ਕਰੋੜਾਂ ਰੁਪਏ ਖ਼ਰਚ ਬੱਸ ਅੱਡਾ ਬਣਾਇਆ ਗਿਆ ਹੈ ਪਰ ਡਰਾਈਵਰ ਉਥੇ ਬੱਸਾਂ ਖੜ੍ਹੀਆਂ ਨਹੀਂ ਕਰਦੇ।

# ਭਾਈ ਤਖ਼ਤ ਸਿੰਘ ਕੰਨਿਆ ਮਹਾ ਵਿਦਿਆਲਾ ਲੁਧਿਆਣਾ ਦੇ ਵਿਦਿਆਰਥੀਆਂ ਵੱਲੋਂ ਰਿਆੜਕੀ ਕਾਲਜ ਦਾ ਦੌਰਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣਿਆ ਜਾਂਦਾ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਜਿੱਥੇ ਲੁਧਿਆਣੇ ਤੋਂ ਨੌਂ ਸੀਨੀਅਰ ਅਧਿਆਪਕਾਂ ਅਤੇ ਨੌਂ ਵਿਦਿਆਰਥੀ ਸੰਸਥਾ ਦਾ ਦੌਰਾ ਕਰਨ ਲਈ ਪਹੁੰਚੇ ਜਿਨ੍ਹਾਂ ਦਾ ਮਕਸਦ ਤੁਗਲਵਾਲਾ ਮਾਡਲ ਜਿਹਾ ਹੀ ਇੱਕ ਹੋਰ ਵਿਲੱਖਣ ਕਾਲਜ 'ਭਾਈ ਤਖ਼ਤ ਸਿੰਘ ਸਿੱਖ ਕੰਨਿਆ ਮਹਾਂ ਵਿਦਿਆਲਾ ਲੁਧਿਆਣਾ' ਸ਼ੁਰੂ ਕਰਨਾ ਹੈ ਅਤੇ ਉਨ੍ਹਾਂ ਦਾ ਆਸ਼ਾ ਰਿਆੜਕੀ ਕਾਲਜ ਦੀ ਵਿਚਾਰਧਾਰਾ ਤੇ ਸੋਚ ਨੂੰ ਪ੍ਰਫੁੱਲਿਤ ਕਰਕੇ ਕੁੜੀਆਂ ਨੂੰ ਜੀਵਨ ਜਾਚ ਸਿਖਾਉਣਾ ਹੈ। ਇਸ ਮੌਕੇ ਭਾਈ ਤਖ਼ਤ ਸਿੰਘ ਸਿੱਖ ਕੰਨਿਆ ਮਹਾਂ ਵਿਦਿਆਲਾ ਦੀ ਮੈਨੇਜਮੈਂਟ ਕਮੇਟੀ ਵਿੱਚੋਂ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਮਾਤਾ ਹਰਵਿੰਦਰ ਕੌਰ ਸੁਪਤਨੀ ਪ੍ਰਧਾਨ ਸਲੋਚਨਬੀਰ ਸਿੰਘ, ਮੇਜਰ ਸਿੰਘ ਸੈਕਟਰੀ, ਪ੍ਰੀਤਮ ਸਿੰਘ ਜੁਆਇੰਟ ਸੈਕਟਰੀ, ਹਰਜੀਤ ਕੌਰ ਸੀਈਓ, ਸੁਮਨਜੀਤ ਕੌਰ, ਅਜੀਤ ਕੌਰ, ਅੰਮ੍ਰਿਤ ਪਾਲ ਸਿੰਘ ਮੈਂਬਰ, ਅਨਮੋਲ ਸਿੰਘ ਮੀਡੀਆ ਇੰਚਾਰਜ ਅਤੇ ਬੀਏ ਦੇ ਨੌਂ ਵਿਦਿਆਰਥੀ ਪਹੁੰਚੇ। ਇਸ ਫੇਰੀ ਦੌਰਾਨ ਉਨ੍ਹਾਂ ਨੇ ਕਾਲਜ ਕੈਂਪਸ ਦਾ ਦੌਰਾ ਕੀਤਾ ਜਿਸ ਵਿੱਚ ਲਾਇਬ੍ਰੇਰੀ, ਲੰਗਰ ਹਾਲ, ਮਿਊਜ਼ੀਅਮ, ਪ੍ਰੀਖਿਆ ਪ੍ਰਣਾਲੀ ਤੇ ਵਿਦਿਆਰਥੀਆਂ ਦੇ ਅਨੁਸ਼ਾਸਨ, ਸਿਰ ਢੱਕਣ ਤੇ ਸਾਦਗੀ ਤੋਂ ਬਹੁਤ ਪ੍ਰਭਾਵਿਤ ਹੋਏ। ਹਰਜੀਤ ਕੌਰ ਸੀਈਓ ਗਿਆਨ ਪ੍ਰਗਾਸ ਟਰਸਟ ਨੇ ਕਿਹਾ ਕਿ ਇਹ ਸੰਸਥਾ ਚੰਗੀਆਂ ਮਾਵਾਂ ਬਣਾਉਣ ਦੀਆਂ ਸੇਵਾਵਾਂ ਕਰ ਰਹੀ ਹੈ। ਅਜੀਤ ਕੌਰ ਨੇ ਕਿਹਾ ਕਿ ਇਹ ਸੰਸਥਾ ਇਕ ਗੁਰਦੁਆਰਾ ਹੈ। ਅਨੁਸ਼ਾਸਿਤ ਸੰਸਥਾ ਹੈ ਜਿਸ ਵਿੱਚ ਬੱਚਿਆਂ ਨੂੰ ਸਹੀ ਮੁੱਢਲਾ ਗਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਇੰਨੀ ਕੁ ਲਗਨ, ਮਿਹਨਤ, ਇਮਾਨਦਾਰੀ, ਇਕਾਗਰਤਾ ਤੇ ਸਮਰਪਣ ਹੋਣਾ ਚਾਹੀਦਾ ਹੈ ਕਿ ਵਿਦਿਆਰਥੀ ਕਦੇ ਵੀ ਕਾਲਜ ਵਿੱਚੋਂ ਦੀ ਨਾ ਲੰਘੇ ਬਲਕਿ ਕਾਲਜ ਵਿਦਿਆਰਥੀ ਵਿੱਚੋਂ ਦੀ ਲੰਘੇ। ਉਨ੍ਹਾਂ ਇਹ ਵੀ ਕਿਹਾ ਕਿ ਕਾਲਜ ਕਦੇ ਵੀ ਵੱਡੀਆਂ ਇਮਾਰਤਾਂ, ਖੇਡ ਮੈਦਾਨ ਜਾਂ ਪ੍ਰਯੋਗਸ਼ਾਲਾਵਾਂ ਨਹੀਂ ਹੁੰਦੇ ਬਲਕਿ ਸੋਝੀਵਾਨ ਵਿਦਿਆਰਥੀ, ਪ੍ਰਵੀਨ ਅਧਿਆਪਕ, ਚੌਕੰਨੇ ਮਾਪੇ ਤੇ ਕਲਿਆਣਕਾਰੀ ਰਾਜ ਹੀ ਕਾਲਜ ਹੁੰਦੇ ਹਨ। ਅਖੀਰ ਪ੍ਰਿੰ. ਵਿਰਕ ਅਤੇ ਸਟੂਡੈਂਟ ਕਮੇਟੀ ਨੇ ਬਾਹਰੋਂ ਆਏ ਸਾਰੇ ਮਹਿਮਾਨਾਂ ਦਾ ਸਿਰੋਪਾਓ ਤੇ ਫੁੱਲਕਾਰੀ ਨਾਲ ਤੇ ਵਿਦਿਆਰਥੀਆਂ ਦਾ ਇੱਕ-ਇੱਕ ਚਿੱਟੀ ਯੂਨੀਫਾਰਮ ਨਾਲ ਸਨਮਾਨ ਕੀਤਾ।

# ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੀਆਂ ਖਿਡਾਰਨਾਂ ਦੀ ਖੇਲੋ ਇੰਡੀਆ ਲਈ ਚੋਣ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ ਜੀ ਐੱਸ ਬਾਕਸਿੰਗ ਕਲੱਬ ਦੀਆਂ ਚਾਰ ਖਿਡਾਰਨਾਂ ਦੀ ਖੇਲੋ ਇੰਡੀਆ ਵੂਮੈਨ ਵੁਸ਼ੂ ਲੀਗ 2024-25 ਦੇ ਨੈਸ਼ਨਲ ਪੱਧਰੀ ਮੁਕਾਬਲਿਆਂ ਲਈ ਚੋਣ ਹੋਈ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਨੇ ਨੇਤਾ ਜੀ ਸੁਭਾਸ਼ ਨੈਸ਼ਨਲ ਇੰਸਟੀਚਿਊਡ ਆਫ ਸਪੋਰਟਸ ਪਟਿਆਲਾ ਵਿਖੇ 9 ਜੁਲਾਈ ਤੋਂ 12 ਜੁਲਾਈ ਤੱਕ ਖੇਲੋ ਇੰਡੀਆ ਵੂਮੈਨ ਵੁਸ਼ੂ ਲੀਗ 2024-25 ਦੇ ਹੋਏ ਨਾਰਥ ਜ਼ੋਨ ਦੇ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਵਰਗ ਦੇ ਹੋਏ ਮੁਕਾਬਲਿਆਂ ਵਿਚੋਂ ਸਕੂਲ ਦੀਆਂ ਚਾਰ ਖਿਡਾਰਨਾਂ ਨਮਨਪ੍ਰੀਤ ਕੌਰ, ਮਨਜੀਤ ਕੌਰ, ਲਵਪ੍ਰੀਤ ਕੌਰ ਅਤੇ ਗੁਰਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ।

ਇਨ੍ਹਾਂ ਖਿਡਾਰਨਾਂ ਨੇ ਸੁਪਰ 8 ਵਿੱਚ ਪਹੁੰਚ ਕੇ ਖੇਲੋ ਇੰਡੀਆ ਦੇ ਨੈਸ਼ਨਲ ਪੱਧਰੀ ਮੁਕਾਬਲੇ ਲਈ ਆਪਣਾ ਨਾਮ ਦਰਜ ਕਰਵਾ ਕੇ ਆਪਣੇ ਕਲੱਬ, ਕੋਚ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰ. ਮੇਜਰ ਸਿੰਘ ਚਾਹਲ ਅਤੇ ਕੋਚ ਨਵਤੇਜ ਸਿੰਘ ਨੇ ਦੱਸਿਆ ਕਿ ਇਹਨਾਂ ਖਿਡਾਰਨਾਂ ਦੇ ਨੈਸ਼ਨਲ ਮੁਕਾਬਲੇ ਆਉਣ ਵਾਲੇ ਦਿਨਾਂ ਵਿੱਚ ਗੋਆ ਵਿੱਚ ਹੋਣਗੇ। ਇਨਾਂ ਮੁਕਾਬਲਿਆਂ ਲਈ ਖਿਡਾਰਨਾਂ ਵਲੋਂ ਸਿਰ ਤੋੜ ਮਿਹਨਤ ਕੀਤੀ ਜਾ ਰਹੀ ਹੈ। ਪ੍ਰਿੰ. ਮੇਜਰ ਸਿੰਘ ਚਾਹਲ ਨੇ ਹੋਰ ਦੱਸਿਆ ਕਿ ਕਲੱਬ ਦੀ ਗਰਾਊਂਡ ਵਿੱਚ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਕੋਚ ਨਵਤੇਜ ਸਿੰਘ ਦੀ ਯੋਗ ਅਗਵਾਈ ਵਿੱਚ ਬੱਚਿਆ ਨੂੰ ਬਾਕਸਿੰਗ, ਕਿੱਕ ਬਾਕਸਿੰਗ, ਤਾਇਕਵਾਂਡੋ, ਥੰਗਤਾ ਅਤੇ ਗਤਕੇ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਕੋਈ ਵੀ ਚਾਹਵਾਨ ਖਿਡਾਰੀ ਟਰੇਨਿੰਗ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰ. ਮੇਜਰ ਸਿੰਘ ਚਾਹਲ ਅਤੇ ਸੁਖਮੀਤ ਕੌਰ ਨੇ ਇਨ੍ਹਾਂ ਖਿਡਾਰਨਾਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਬੀ ਪੀ ਈ ਓ ਨਾਲ ਇਕੱਤਰਤਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਦੀਨਾਨਗਰ ਦੀ ਇਕ ਵਿਸ਼ੇਸ਼ ਇਕੱਤਰਤਾ ਐਸੋਸੀਏਸ਼ਨ ਦੇ ਪ੍ਰਧਾਨ ਮੰਗਤ ਚੰਚਲ ਦੀ ਅਗਵਾਈ ਹੇਠ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀਨਾਨਗਰ ਨਾਲ ਹੋਈ,ਜਿਸ ਵਿੱਚ ਸੇਵਾ ਮੁਕਤ ਅਧਿਆਪਕਾਂ ਦੇ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਜਿਸ ਵਿੱਚ 6% ਡੀ ਏ ਦੀ ਕਿਸ਼ਤ ਦਾ ਬਕਾਇਆ ਜੋ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਹੈ, ਮੈਡੀਕਲ ਕਲੇਮ ਦੇ ਬਿੱਲਾਂ ਦੀਆਂ ਅਦਾਇਗੀਆਂ, ਜੀਆਈਐੱਸ ਦੀਆਂ ਪੈਂਡਿੰਗ ਅਦਾਇਗੀਆਂ ਸ਼ਾਮਲ ਹਨ 'ਤੇ ਵਿਸਥਾਰ ਸਹਿਤ ਚਰਚਾ ਹੋਈ।ਜਿਹੜੇ ਬਿੱਲਾਂ ਦਾ ਨਿਪਟਾਰਾ ਹੋ ਚੁੱਕਾ ਹੈ ਉਸ ਦੀ ਜਾਣਕਾਰੀ ਬੀਪੀਈਓ ਵੱਲੋਂ ਦਿੱਤੀ ਗਈ ਅਤੇ ਰਹਿੰਦੇ ਮੈਡੀਕਲ ਕਲੇਮ ਬਿੱਲਾਂ, 6% ਡੀ ਏ ਦਾ ਬਕਾਇਆ, ਜੀਆਈਐੱਸ ਦੇ ਬਿੱਲਾਂ ਦਾ ਨਿਪਟਾਰਾ ਜਲਦ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਇਸ ਇਕੱਤਰਤਾ ਦੌਰਾਨ ਪੁਸ਼ਪਾ ਦੇਵੀ ਰਿਟਾ: ਹੈੱਡ ਟੀਚਰ, ਸ਼ਕੁੰਤਲਾ ਦੇਵੀ ਰਿਟਾ: ਹੈੱਡ ਟੀਚਰ, ਚੰਚਲ ਕੁਮਾਰੀ ਰਿਟਾ ਹੈੱਡ ਟੀਚਰ, ਸੁਸ਼ਮਾ ਕੁਮਾਰੀ ਰਿਟਾ ਹੈੱਡ ਟੀਚਰ ਅਤੇ ਸੁਰੇਸ਼ਟਾ ਕੁਮਾਰੀ ਰਿਟਾ ਹੈੱਡ ਟੀਚਰ ਦੇ ਕੇਸ ਉਚੇਚੇ ਤੌਰ ਤੇ ਵਿਚਾਰੇ ਗਏ।ਇਸ ਇਕੱਤਰਤਾ ਵਿੱਚ ਬੂਟੀ ਰਾਮ, ਜੋਗਿੰਦਰ ਪਾਲ ਕਲੀਚਪੁਰ, ਸੁਨੀਲ ਕੁਮਾਰ, ਗੁਰਦਿਆਲ ਚੰਦ, ਵਿਨੋਦ ਕੁਮਾਰ ਸ਼ਰਮਾ, ਕੇਵਲ ਕ੍ਰਿਸ਼ਨ, ਤਰਸੇਮ ਲਾਲ ਅਤੇ ਕਰਮ ਸਿੰਘ ਜੱਗੀ ਆਦਿ ਮੈਂਬਰਾਂ ਨੇ ਭਾਗ ਲਿਆ।

# 31ਵੇਂ ਸਾਲਾਨਾ ਲੰਗਰ ਭੰਡਾਰੇ ਸੰਬੰਧੀ 9 ਨੂੰ ਕੱਢੀ ਜਾਵੇਗੀ ਸ਼ੋਭਾ ਯਾਤਰਾ



**ਫ਼ਤਿਹਗੜ੍ਹ ਚੂੜੀਆਂ, (ਪ੍ਰੀਤਮ ਸਿੰਘ)**-ਮਾਤਾ ਚਿੰਤਪੁਰਨੀ ਸੇਵਕ ਸਭਾ (ਰਜਿ: 5985) ਚੌਂਕ ਲਾਲ ਛੋਲਿਆਂ ਵਾਲਾ ਫ਼ਤਿਹਗੜ੍ਹ ਚੂੜੀਆਂ ਦੀ ਵਿਸ਼ੇਸ਼ ਮੀਟਿੰਗ ਅਨਿਲ ਭੱਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਮੁੱਚੀ ਕਮੇਟੀ ਵੱਲੋਂ ਪਾਸ ਕੀਤਾ ਗਿਆ ਕਿ ਇਸ ਵਾਰ ਮਾਤਾ ਚਿੰਤਪੁਰਨੀ ਮੇਲੇ ਦੇ ਸ਼ੁਭ ਮੌਕੇ ਫ਼ਤਿਹਗੜ੍ਹ ਚੂੜੀਆਂ ਵਿਖੇ ਲੰਗਰ ਭੰਡਾਰਾ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 14 ਅਗਸਤ ਤੱਕ ਚੱਲੇਗਾ।ਇਸ ਪ੍ਰੋਗਰਾਮ ਦੀ ਸ਼ੁਰੂਆਤ 9 ਅਗਸਤ ਨੂੰ ਸ਼ੋਭਾ ਯਾਤਰਾ ਕੱਢ ਕੇ ਕੀਤੀ ਜਾਵੇਗੀ, ਜੋ ਸ਼ਾਮ 6:00 ਵਜੇ ਮੰਦਿਰ ਤਲਾਬ ਵਾਲਾ ਤੋਂ ਸ਼ੁਰੂ ਹੋ ਕੇ ਚੌਂਕ ਲਾਲ ਛੋਲਿਆਂ ਵਾਲਾ ਵਿਖੇ ਸਮਾਪਤ ਹੋਵੇਗੀ, ਜਿੱਥੇ ਝੰਡਾ ਸਥਾਪਿਤ ਕੀਤਾ ਜਾਵੇਗਾ।ਇਸੇ ਤਰ੍ਹਾਂ 10 ਅਗਸਤ ਤੋਂ 14 ਅਗਸਤ ਤੱਕ ਲਾਲ ਛੋਲਿਆਂ ਵਾਲਾ ਚੌਂਕ ਵਿਖੇ ਹਰ ਰੋਜ਼ ਦੁਪਹਿਰ 1:00 ਵਜੇ ਲੰਗਰ ਭੰਡਾਰਾ ਅਤੇ ਰਾਤ 10 ਤੋਂ 12 ਵਜੇ ਤੱਕ ਮਹਾਂਮਾਈ ਦੀ ਚੌਂਕੀ ਵਿਖੇ ਹੋਵੇਗੀ। 13 ਅਗਸਤ ਨੂੰ ਮਹਾਂਮਾਈ ਦਾ ਜਗਰਾਤਾ ਕਰਵਾਇਆ ਜਾਵੇਗਾ ਅਤੇ 15 ਅਗਸਤ ਨੂੰ ਸਵੇਰੇ 5:30 ਵਜੇ ਸ਼ਰਧਾਲੂਆਂ ਨੂੰ ਮੁਫ਼ਤ ਬੱਸ ਰਾਹੀਂ ਮਾਤਾ ਚਿੰਤਪੁਰਨੀ ਦਰਬਾਰ ਵਿਖੇ ਲਿਜਾ ਕੇ ਮਹਾਮਾਈ ਦੇ ਦਰਸ਼ਨਾਂ ਕਰਵਾ ਕੇ ਵਾਪਿਸ ਲਿਆਂਦਾ ਜਾਵੇਗਾ।ਇਸ ਮੌਕੇ ਤਰਸੇਮ ਲਾਲ ਮੁਨਸ਼ੀ, ਹਰੀਸ਼ ਅਰੋੜਾ, ਸੰਜੀਵ ਸੋਨੀ, ਅਭੀ ਮਹਿੰਦ੍ਰੂ, ਕੰਵਲਜੀਤ ਸਿੰਘ, ਗੌਰਵ ਅਰੋੜਾ, ਸੰਜੀਵ ਕੁਮਾਰ ਆਦਿ ਹਾਜ਼ਿਰ ਸਨ।

# ਲੁੱਟਾਂ-ਖੋਹਾਂ ਨੂੰ ਠੱਲ੍ਹ ਪਾਉਣ 'ਚ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ ਲੋਕਾਂ 'ਚ ਰੋਸ

**ਮਜੀਠਾ (ਸੋਇਮ ਆਨੰਦ)**-ਮਜੀਠਾ ਵਿੱਚ ਆਏ ਦਿਨੀਂ ਲੁੱਟਾਂ ਖੋਹਾਂ ਦੀ ਵਾਰਦਾਤਾਂ ਨੂੰ ਮਾੜੇ ਅਨਸਰਾਂ ਵੱਲੋਂ ਅੰਜਾਮ ਦਿੱਤਾ ਜਾ ਰਿਹਾ ਹੈ। ਖਾਸ ਕਰਕੇ ਔਰਤਾਂ ਨਾਲ ਜਿਵੇਂ ਕਿ ਪਰਸ, ਮੋਬਾਈਲ, ਚੇਨ ਸਨੈਚਿੰਗ ਵਰਗੀਆਂ ਆਏ ਦਿਨ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ ਪਰ ਮਜੀਠਾ ਪੁਲਸ ਇਨ੍ਹਾਂ ਲੁਟੇਰਿਆਂ ਤੱਕ ਨਹੀਂ ਪਹੁੰਚ ਕਰ ਸਕੀ ਜਾਂ ਪਹੁੰਚਣਾ ਨਹੀਂ ਚਾਹੁੰਦੀ। ਸਵਾਲ ਇਹ ਉਠਦਾ ਹੈ ਕਿ ਅਜੇ ਤੱਕ ਕੋਈ ਵੀ ਸਨੈਚਰ ਜਾਂ ਲੁੱਟਾਂ-ਖੋਹਾਂ ਕਰਨ ਵਾਲਾ ਪੁਲਸ ਦੇ ਹੱਥੇ ਨਹੀਂ ਚੜ੍ਹਿਆ।ਬੀਤੇ ਦਿਨੀਂ ਅੰਮ੍ਰਿਤਸਰ ਤੋਂ ਡੀ. ਸੀ. ਦਫਤਰ ਤੋਂ ਆਈ ਮੈਡਮ ਮਨਦੀਪ ਕੌਰ ਨਗਰ ਕੌਂਸਲ ਮਜੀਠਾ ਵਿਖੇ ਡਾਇਰੀਆ ਤੇ ਸਫ਼ਾਈ ਅਭਿਆਨ ਤਹਿਤ ਮਜੀਠਾ ਪਹੁੰਚੀ ।ਮੈਡਮ ਮਨਦੀਪ ਕੌਰ ਦਾ ਮੋਬਾਇਲ ਪੁਲਸ ਥਾਣਾ ਮਜੀਠਾ ਤੋਂ ਲਗਭਗ 100 ਗਜ਼ ਦੀ ਦੂਰੀ ਤੇ ਬੱਸ ਸਟੈਂਡ ਮਜੀਠਾ ਤੋਂ ਦੋ ਮੋਟਰਸਾਈਕਲ ਸਵਾਰਾਂ ਨੇ ਖੋਹ ਲਿਆ ਸੀ। ਇਹ ਘਟਨਾ ਦਿਨ ਦੀ ਹੈ। ਉਨ੍ਹਾਂ ਨੇ ਪੁਲਸ ਨੂੰ ਇਤਲਾਹ ਦਿੱਤੀ ਪਰ ਪੁਲਸ ਲੁਟੇਰਿਆਂ ਨੂੰ ਖ਼ਬਰ ਲਿਖਣ ਤੱਕ ਲੱਭ ਨਹੀਂ ਸਕੀ।ਇਸ ਬਾਰੇ ਜਦੋਂ ਚੌਕੀ ਇੰਚਾਰਜ਼ ਮਜੀਠਾ ਟਾਊਨ ਤੋਂ ਪੁੱਛਿਆ ਤਾਂ ਉਹ ਕੋਈ ਤੱਸਲੀਬਖ਼ਸ਼ ਜਵਾਬ ਨਹੀਂ ਦੇ ਸਕੇ।

# ਲੋਕਾਂ ਦੇ ਅਣਥੱਕ ਯਤਨਾਂ ਸਦਕਾ ਕਾਹਨੂੰਵਾਨ ਛੰਭ 'ਚ ਕੂੜਾ ਸੁੱਟਣ 'ਤੇ ਲੱਗੀ ਪੱਕੇ ਤੌਰ 'ਤੇ ਰੋਕ



**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**-ਗੁਰਦਾਸਪੁਰ ਨਗਰ ਕੌਂਸਲ ਵੱਲੋਂ ਘੱਲੂਘਾਰਾ ਕਾਹਨੂੰਵਾਨ ਛੰਭ ਵਿੱਚ ਸੁੱਟਿਆ ਜਾਂਦਾ ਕੂੜਾ ਇਲਾਕੇ ਦੇ ਲੋਕਾਂ ਵੱਲੋਂ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਚੋਪੜਾ ਵਾਸੀਆਂ ਨੇ ਦੱਸਿਆ ਕਿ ਕੂੜਾ ਸੁੱਟਣ ਤੋਂ ਰੋਕਣ ਲਈ ਘੱਲੂਘਾਰਾ ਕਾਹਨੂੰਵਾਨ ਛੰਭ ਬਚਾਓ ਮੰਚ ਦੇ ਝੰਡੇ ਹੇਠ ਉਨ੍ਹਾਂ ਦੇ ਪਿੰਡ ਅਤੇ ਇਲਾਕੇ ਦੇ ਲੋਕਾਂ ਨੇ ਮੰਚ ਦੀ ਸਥਾਪਨਾ ਕੀਤੀ ਹੈ।ਇਸ ਮੰਚ ਦੀ ਅਗਵਾਈ ਹੇਠ ਬੀਤੇ ਦਿਨ ਗੁਰਦਾਸਪੁਰ ਪ੍ਰਸ਼ਾਸ਼ਨ ਨੂੰ ਲਿਖਤੀ ਮੰਗ ਪੱਤਰ ਦੇਣ ਤੋਂ ਬਾਅਦ ਰਾਤ ਸਮੇਂ ਕੂੜਾ ਸੁੱਟਣਾ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ।

ਪਿੰਡ ਚੋਪੜੇ ਦੇ ਬਾਹਰ ਧਰਨਾ ਲਗਾਅ ਕੇ ਗੁਰਦਾਸਪੁਰ ਤੋਂ ਆਉਣ ਵਾਲੀਆਂ ਕੂੜੇ ਦੀਆਂ ਗੱਡੀਆਂ ਵਾਪਸ ਕਰ ਦਿੱਤੀਆਂ ਅਤੇ ਉੱਥੇ ਦਿਨ ਰਾਤ ਦਾ ਲੜੀਵਾਰ ਧਰਨਾ ਸ਼ੁਰੂ ਕਰ ਦਿੱਤਾ ਹੈ।ਇਸ ਸਬੰਧੀ ਗੱਲ ਕਰਦਿਆਂ ਬਲਜੀਤ ਸਿੰਘ ਕੋਟਲੀ ਸੈਣੀਆਂ ਨੇ ਦੱਸਿਆ ਕਿ ਇੱਥੇ ਕੂੜਾ ਸੁੱਟਣ ਸਬੰਧੀ ਨਗਰ ਕੌਂਸਲ ਗੁਰਦਾਸਪੁਰ ਅਤੇ ਪਿੰਡ ਵਾਸੀਆਂ ਨਾਲ ਕੋਈ ਵੀ ਸਮਝੌਤਾ ਨਹੀਂ ਹੋਇਆ ਹੈ ਅਤੇ ਨਾ ਹੀ ਪੰਚਾਇਤ ਵੱਲੋਂ ਕਾਰਵਾਈ ਰਜਿਸਟਰ ਉੱਤੇ ਕੋਈ ਮਤਾ ਪਾਇਆ ਗਿਆ ਹੈ ਪਰ ਗੁਰਦਾਸਪੁਰ ਪ੍ਰਸ਼ਾਸਨ ਵੱਲੋਂ ਸ਼ਹਿਰ ਦੇ ਕੂੜੇ ਦੀ ਪ੍ਰੋਸੈਸਿੰਗ ਕੀਤੇ ਬਿਨਾਂ ਕਾਹਨੂੰਵਾਨ ਦੇ ਛੰਭ ਖੇਤਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੁੱਟ ਕੇ ਵਾਤਾਵਰਨ ਨੂੰ ਵੱਡੇ ਪੱਧਰ ਉੱਤੇ ਪਲੀਤ ਕੀਤਾ ਜਾ ਰਿਹਾ ਹੈ। ਜਿਸ ਨੂੰ ਵਾਤਾਵਰਨ ਪ੍ਰੇਮੀ ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਨੇ ਗੈਰ ਕਾਨੂੰਨੀ ਅਤੇ ਗੈਰ ਇਖ਼ਲਾਕੀ ਕਾਰਵਾਈ ਕਰਾਰ ਦਿੱਤਾ ਹੈ। ਇਸ ਵਰਤਾਰੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ ਲਈ ਘੱਲੂਘਾਰਾ ਕਾਹਨੂੰਵਾਨ ਛੰਭ ਬਚਾਓ ਮੰਚ ਅਤੇ ਵਾਤਾਵਰਨ ਪ੍ਰੇਮੀਆਂ ਨੇ ਵਿਚਾਰ ਵਟਾਂਦਰਾ ਕੀਤਾ।ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਉਹ ਕਿਸੇ ਵੀ ਕੀਮਤ ਉਤੇ ਛੋਟਾ ਘੱਲੂਘਾਰਾ ਕਾਹਨੂੰਵਾਨ ਛੰਭ ਵਿੱਚ ਪਿੰਡ ਤੋਂ ਬਾਹਰ ਦਾ ਕੂੜਾ ਕਰਕਟ ਸੁੱਟਣ ਦੀ ਕੋਈ ਇਜਾਜ਼ਤ ਨਹੀਂ ਦੇਣਗੇ।


**SMFG INDIA CREDIT COMPANY LIMITED**
(formerly Fullerton India Credit Company Limited)
SMFG IndiaCredit
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

**ਡਿਮਾਂਡ ਨੋਟਿਸ**

ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ('ਦਾ ਐਕਟ') ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ
ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੈਡਿਟ ਕੰਪਨੀ ਲਿਮ:) (ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

| ਕਰਜ਼ਦਾਰਾਂ/ਕਾਨੂੰਨੀ ਵਾਰਸਾਂ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਰਕਮ | ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ |
|---|---|---|
| 1. ਅਤੁਲ ਕੁਮਾਰ<br>2. ਅਲਕਾ ਦੇਵੀ | 12 ਜੁਲਾਈ 2024<br>4 ਜੁਲਾਈ 2024 ਨੂੰ ਰੁ. 23,99,463.86/- (ਤੇਈ ਲੱਖ ਨੜਿੰਨਵੇਂ ਹਜ਼ਾਰ ਚਾਰ ਸੌ ਤਰੇਹਠ ਰੁਪਏ ਅਤੇ ਛਿਆਸੀ ਪੈਸੇ ਕੇਵਲ) | ਜਾਇਦਾਦ ਦਾ ਮਾਲਕ-ਸ੍ਰੀ ਅਤੁਲ ਕੁਮਾਰ ਪੁੱਤਰ ਸ੍ਰੀ ਮੋਤੀ ਲਾਲ<br>ਜਾਇਦਾਦ ਰਕਬਾ 101-1/3 ਵਰਗ ਗਜ਼, ਖਸਰਾ ਨੰ. 927-928, ਖੇਵਟ/ਖਤੌਨੀ ਨੰ. 420/497 ਜਮ੍ਹਾਂਬੰਦੀ ਸਾਲ 2009-2010, ਪਿੰਡ ਲੋਹਾਰਾ, ਅਬਾਦੀ ਨਿਊ ਅਜ਼ਾਦ ਨਗਰ, ਹਦਬਸਤ ਨੰ. 260, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ ਬਾਹੀ 48, ਪੱਛਮ : ਗੁਆਂਢ ਬਾਹੀ 48, ਉੱਤਰ : ਗੁਆਂਢ ਬਾਹੀ 19, ਦੱਖਣ : ਗਲੀ 18 ਚੌੜੀ ਬਾਹੀ 19, |

| ਕਰਜ਼ਦਾਰਾਂ/ਕਾਨੂੰਨੀ ਵਾਰਸਾਂ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਰਕਮ | ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ |
|---|---|---|
| 1. ਕੁਲਦੀਪ ਸਿੰਘ<br>2. ਕੇਲੋ ਦੇਵੀ | 12 ਜੁਲਾਈ 2024<br>10 ਜੁਲਾਈ 2024 ਨੂੰ ਰੁ. 21,14,577/- (ਇੱਕੀ ਲੱਖ ਚੌਦਾਂ ਹਜ਼ਾਰ ਪੰਜ ਸੌ ਸਤੱਤਰ ਰੁਪਏ ਕੇਵਲ) | ਜਾਇਦਾਦ ਦਾ ਮਾਲਕ-ਸ੍ਰੀਮਤੀ ਕੇਲੋ ਦੇਵੀ ਪਤਨੀ ਸ੍ਰੀ ਕਾਲੂ ਰਾਮ<br>ਜਾਇਦਾਦ ਰਕਬਾ 03 ਮਰਲੇ, ਖੇਵਟ/ਖਤੌਨੀ ਨੰ. 107/125, ਖਸਰਾ ਨੰ. 154//2/2/2 (0-12), 3/1 (2-8) 2/2/1 (0-12), 8 (7-5), 12/2 (1-16), 13 (7-0), 14 (2-6), 18 (1-10) ਕਿੱਤੇ 08, ਜ਼ਮੀਨ ਰਕਬਾ 23 ਕਨਾਲ 09 ਮਰਲੇ ਦਾ 300/46900 ਤੱਕ ਦਾ ਹਿੱਸਾ ਜੋ ਕਿ 03 ਮਰਲੇ ਹੈ, ਪਿੰਡ ਕਰੋਰਾਂ, ਹਦਬਸਤ ਨੰ. 352, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ ਨਾਲ ਸੰਬੰਧਤ ਸਭ ਕੁਝ |

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ਼, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਉਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਉਰਡ ਐੱਸਟ ਹੈ, ਵਿਰੁੱਧ ਸਕਿਉਰਡ ਡੈਬਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿੰਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਉਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਉਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀ ਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੈਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਉਰਡ ਐੱਸਟਸ ਦੀ ਸੌਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨਿਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ ਹਨ।

ਸਥਾਨ : ਪੰਜਾਬ
ਮਿਤੀ : 15.07.2024

ਸਹੀ/- ਅਧਿਕਾਰਤ ਅਫ਼ਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ:
(ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:)


# ਪੁਲਸ ਸਾਂਝ ਕੇਂਦਰ ਵਡਾਲਾ ਵਿਖੇ ਲੱਗਾ ਜਾਗਰੂਕਤਾ ਸੈਮੀਨਾਰ




**ਮਜੀਠਾ (ਸੋਇਮ ਆਨੰਦ)**-ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐੱਸ. ਐੱਸ. ਪੀ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ ਗਈ ਮੁਹਿੰਮ ਤਹਿਤ ਨਸ਼ਿਆਂ ਦੇ ਵਪਾਰੀਆਂ ਨੂੰ ਕਾਬੂ ਕਰਨ ਲਈ ਜਿਥੇ ਕਸਬਿਆਂ ਤੇ ਪਿੰਡਾਂ ਵਿਚ ਸ਼ੱਕੀ ਥਾਵਾਂ ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਉਥੇ ਹੀ ਪਿੰਡ ਪੱਧਰ ਤੇ ਵੱਖ-ਵੱਖ ਥਾਵਾਂ 'ਤੇ ਸੈਮੀਨਰ ਲਗਾ ਕੇ ਲੋਕਾਂ ਨੂੰ ਨਸ਼ਿਆਂ ਦੇ ਵਿਰੋਧ ਵਿਚ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਅੱਜ ਪੁਲਸ ਸਾਂਝ ਕੇਂਦਰ ਮਜੀਠਾ ਦੇ ਇੰਚਾਰਜ ਏ ਐੱਸ ਆਈ ਤਰਲੋਕ ਸਿੰਘ, ਸਿਪਾਹੀ ਮਨਪ੍ਰੀਤ ਸਿੰਘ ਤੇ ਪ੍ਰਦੀਪ ਸਿੰਘ ਵਲੋਂ ਹਲਕਾ ਮਜੀਠਾ ਦੇ ਪਿੰਡ ਵਡਾਲਾ ਵਿਖੇ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਵਾਉਣ ਲਈ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਨੂੰ ਸਬੋਧਨ ਕਰਦਿਆਂ ਸਾਂਝ ਕੇਂਦਰ ਦੇ ਇੰਚਾਰਜ ਤਰਲੋਕ ਸਿੰਘ ਨੇ ਪਿੰਡ ਵਿਚ ਨਸ਼ੇ ਨੂੰ ਮੁੱਢੋ ਖਤਮ ਕਰਨ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ।ਇਸੇ ਤਰ੍ਹਾਂ ਉਘੇ ਸਮਾਜ ਸੇਵੀ ਤੇ ਨੰਬਰਦਾਰ ਸਵਿੰਦਰ ਸਿੰਘ ਵਡਾਲਾ ਨੇ ਮਾਰੂ ਨਸ਼ਿਆਂ ਦੇ ਹੋਣ ਵਾਲੇ ਨੁਕਸਾਨਾਂ ਤੋਂ ਨੌਜਵਾਨਾਂ ਨੂੰ ਜਾਣੂ ਕਰਵਾ ਕੇ ਜਾਗਰੂਕ ਕੀਤਾ।ਇਸ ਮੌਕੇ ਪੁਲਸ ਮੁਲਾਜ਼ਮਾਂ ਤੋਂ ਇਲਾਵਾ ਨੰਬਰਦਾਰ. ਸਵਿੰਦਰ ਸਿੰਘ, ਪਰਮਜੀਤ ਸਿੰਘ, ਚਰਨਜੀਤ ਸਿੰਘ, ਸਮਾਜ ਸੇਵਕ ਮਨਵੀਰ ਸਿੰਘ, ਗੁਰਦੇਵ ਸਿੰਘ ਮੈਂਬਰ ਪੰਚਾਇਤ, ਮਹੇਸ਼ ਮਸੀਹ ਸਾਬਕਾ ਮੈਂਬਰ ਪੰਚਾਇਤ, ਵਾਰਿਸ ਮਸੀਹ, ਕਵਲਜੀਤ ਸਿੰਘ, ਹਰਜਿੰਦਰ ਸਿੰਘ ਨੰਬਰਦਾਰ, ਹਰਜੀਤ ਸਿੰਘ, ਕਸ਼ਮੀਰ ਸਿੰਘ ਪੰਧੇਰ ਕੀਮਤੀ ਸਿੰਘ, ਬਲਵਿੰਦਰ ਸਿੰਘ ਨੇ ਹਿੱਸਾ ਲਿਆ।

# ਹਜ਼ਰਤ ਸ਼ਾਹ ਜਲਾਲ ਅਲੀ ਪੀਰ ਦਾ ਸਾਲਾਨਾ ਦੋ ਰੋਜ਼ਾ ਉਰਸ ਸ਼ਰਧਾਪੂਰਵਕ ਮਨਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪਿੰਡ ਚੰਦੂ ਨੰਗਲ ਵਿਖੇ ਹਜ਼ਰਤ ਸ਼ਾਹ ਜਲਾਲ ਅਲੀ ਪੀਰ ਜੀ ਦਾ ਸਾਲਾਨਾ ਦੋ ਰੋਜ਼ਾ ਉਰਸ (ਮੇਲਾ) ਦਰਬਾਰ ਦੇ ਮੁੱਖ ਸੇਵਾਦਾਰ ਬੀਬੀ ਹਰਜਿੰਦਰ ਕੌਰ ਵੱਸਣ ਤੇ ਨੰਬਰਦਾਰ ਸੁਖਜਿੰਦਰ ਸਿੰਘ ਵੱਸਣ ਦੀ ਅਗਵਾਈ ਹੇਠ ਇਲਾਕਾ ਨਿਵਾਸੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਾਈਂ ਰਾਮੇ ਸ਼ਾਹ ਜੀ ਦੀ ਧਰਮ ਪਤਨੀ ਬੀਬੀ ਰਜਨੀ ਜੀ ਦਰਬਾਰ ਰੁੜਿਆਨੀ ਸਰੀਫ ਦਸੂਹਾ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਸੰਗਤਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ 18 ਜੁਲਾਈ ਨੂੰ ਪੀਰ ਜੀ ਦੀ ਮਜ਼ਾਰ 'ਤੇ ਝੰਡਾ ਚੜ੍ਹਾਉਣ ਅਤੇ ਮਹਿੰਦੀ ਦੀ ਰਸ਼ਮ ਕੀਤੀ ਗਈ। ਅੱਜ ਮਜ਼ਾਰ ਤੇ ਚਾਦਰ ਚੜ੍ਹਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਵੱਸਣ ਪਰਿਵਾਰ ਵੱਲੋਂ ਮਹਿਫਲ-ਏ-ਕੱਵਾਲੀ ਸੂਫਿਆਨਾ ਮਹਿਫਲ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕੱਵਾਲ, ਇਸ਼ਰਤ ਗੁਲਾਮ ਅਲੀ ਮਲੇਰਕੋਟਲੇ ਵਾਲਿਆਂ ਨੇ ਆਪਣੀ ਪਾਰਟੀ ਸਮੇਤ ਪਹੁੰਚ ਕੇ ਪੀਰਾਂ ਫਕੀਰਾਂ ਨੂੰ ਸਜਦਾ ਕਰਦੇ ਹੋਏ ਆਪਣੀ ਮਿੱਠੀ ਆਵਾਜ਼ ਨਾਲ ਸੋਹਣਿਆ ਇਕੋ ਝਾਤੀ ਮਾਰ ਵੇ, ਕੰਮ ਬਣ ਜਾਣ ਮੇਰੇ, ਵੇ ਰਾਮੇ ਸ਼ਾਹ ਤੇਰੀ ਖੈਰ ਹੋਵੇ ਕਦੇ ਮਿਲ ਕੰਜਰੀ ਨੂੰ ਆ ਕੇ, ਆਦਿ ਕੱਵਾਲੀਆਂ ਗਾ ਕੇ ਹਾਜ਼ਰੀਨ ਨੂੰ ਪੀਰਾਂ ਫਕੀਰਾਂ ਦੇ ਰੰਗ ਵਿੱਚ ਰੰਗ ਦਿੱਤਾ। ਇਸ ਮੇਲੇ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਦੂਰੋਂ ਨੇੜਿਓਂ ਪਹੁੰਚੀਆਂ ਅਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ। ਇਸ ਮੌਕੇ ਥਾਣੇਦਾਰ ਪਲਵਿੰਦਰ ਸਿੰਘ ਵੱਸਣ, ਸਾਈਂ ਗੋਲੂ ਸ਼ਾਹ ਜੀ ਦਸੂਹਾ, ਬਾਬਾ ਸ਼ਿੰਦਾ ਗੁਰਦਾਸਪੁਰ ਵਾਲੇ, ਹਰਜੀਤ ਸਿੰਘ ਵੱਸਣ, ਗੋਲਡੀ ਵੱਸਣ ਸਰਪੰਚ, ਪ੍ਰਦੀਪ ਸਿੰਘ ਵੱਸਣ, ਰਮਨਦੀਪ ਸਿੰਘ ਵੱਸਣ ਇਟਲੀ, ਸੰਦੀਪ ਸਿੰਘ ਵੱਸਣ ਇਟਲੀ, ਮੁਨਸ਼ੀ ਗੁਰਵਿੰਦਰ ਸਿੰਘ ਵੱਸਣ, ਸੁਰਜੀਤ ਸਿੰਘ ਕੈਨੇਡਾ, ਦਿਲਰਾਜ ਸਿੰਘ, ਥਾਣੇਦਾਰ ਮਨਜਿੰਦਰ ਸਿੰਘ ਵੱਸਣ, ਹਰਪ੍ਰੀਤ ਸਿੰਘ ਵੱਸਣ, ਜਸਕਰਨ ਸਿੰਘ, ਰੂਬੀ ਚੰਡੀਗੜ੍ਹ, ਨਵਪ੍ਰੀਤ ਸਿੰਘ ਵੱਸਣ, ਜੋਗਿੰਦਰ ਪਾਲ, ਜਸਕਰਨ ਸਿੰਘ ਵੱਸਣ, ਲਵਪ੍ਰੀਤ ਸਿੰਘ ਵੱਸਣ, ਸੋਨੂੰ ਮਕੈਨਿਕ ਸ਼ਾਹ ਮਦਾਰ ਸਰਕਾਰ ਡੇਰਾ ਬਾਬਾ ਨਾਨਕ, ਅਮਨ ਕੁਮਾਰ, ਸੁਖਪ੍ਰੀਤ ਸਿੰਘ ਵੱਸਣ, ਕੁਲਬੀਰ ਸਿੰਘ ਵੱਸਣ, ਹਰਜਿੰਦਰ ਸਿੰਘ ਵੱਸਣ ਚੰਡੀਗੜ੍ਹ, ਉਦੇਵੀਰ ਸਿੰਘ, ਸਹਿਜਦੀਪ ਸਿੰਘ, ਨੂਰ ਸਿੰਘ, ਬੇਰੀ ਵਾਲੀ ਸਰਕਾਰ ਦਸੂਹਾ, ਸੁਨੀਤਾ ਰਾਣੀ, ਨੀਰੂ, ਮਨਪ੍ਰੀਤ ਕੌਰ, ਅਮਨ ਜੌਹਲ ਤੇ ਜੋਤੀ ਜੌਹਲ ਆਦਿ ਨੇ ਮੇਲੇ ਨੂੰ ਕਾਮਯਾਬ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

# ਐੱਸ ਐੱਚ ਓ ਵਿਰਦੀ ਨੇ ਨਸ਼ਿਆਂ, ਟਰੈਫਿਕ ਨਿਯਮਾਂ ਤੇ 112 ਵੂਮੈਨ ਹੈਲਪਲਾਈਨ ਬਾਰੇ ਦਿੱਤੀ ਜਾਣਕਾਰੀ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਪ੍ਰਿੰਸੀਪਲ ਤਰਨਜੀਤ ਸਿੰਘ ਦੀ ਯੋਗ ਅਗਵਾਈ ਹੇਠ ਟਰੈਫਿਕ ਨਿਯਮਾਂ ਤੇ ਨਸ਼ਿਆਂ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੌਰਾਨ ਪੁਲਸ ਥਾਣਾ ਝਬਾਲ ਦੇ ਐੱਸਐੱਚਓ ਪਰਮਜੀਤ ਸਿੰਘ ਵਿਰਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ।ਐੱਸਐੱਚਓ ਪਰਮਜੀਤ ਸਿੰਘ ਵਿਰਦੀ ਨੇ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਨਸ਼ੇ ਸਾਡੇ ਸਮਾਜ ਨੂੰ ਖੋਖਲਾ ਕਰ ਰਹੇ ਹਨ, ਮਾਰੂ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਹਰ ਇਕ ਵਿਦਿਆਰਥੀ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਅੱਜ ਦਾ ਵਿਦਿਆਰਥੀ ਮਾੜੀਆਂ ਅਲਾਮਤਾਂ ਬਾਰੇ ਸਮਾਜ ਨੂੰ ਜਾਣੂ ਕਰਵਾ ਕੇ ਖਾਤਮਾ ਕਰ ਸਕੇ। ਵਿਰਦੀ ਨੇ ਆਖਿਆ ਕਿ ਜਿਹੜੇ ਲੋਕ ਟਰੈਫਿਕ ਨਿਯਮਾਂ ਤੋਂ ਜਾਣੂ ਹੁੰਦੇ ਹਨ, ਉਹ ਕਦੇ ਵੀ ਸੜਕੀ ਹਾਦਸਿਆਂ ਦਾ ਕਾਰਨ ਨਹੀਂ ਬਣਦੇ, ਕਿਉਂਕਿ ਰੋਜ਼ਾਨਾ ਹੀ ਟਰੈਫਿਕ ਨਿਯਮਾਂ ਤੋਂ ਅਣਜਾਣ ਲੋਕ ਸੜਕੀ ਹਾਦਸਿਆਂ ਦਾ ਸ਼ਿਕਾਰ ਹੋ ਕੇ ਆਪਣੀਆਂ ਕੀਮਤੀ ਜਾਨਾਂ ਤੋਂ ਹੱਥ ਧੋ ਰਹੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ 18 ਸਾਲ ਪੂਰੀ ਹੋਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਤੈਅ ਕੀਤੀਆਂ ਸ਼ਰਤਾਂ ਨੂੰ ਪੂਰਾ ਕਰਦਿਆਂ ਡਰਾਈਵਿੰਗ ਲਾਇਸੰਸ ਬਣਾ ਕੇ ਹੀ ਵਾਹਨ ਚਲਾਉਣ।ਉਨ੍ਹਾਂ ਇਹ ਵੀ ਕਿਹਾ ਕਿ ਜੋ ਵਿਦਿਆਰਥੀ ਟਰੈਫਿਕ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ, ਉਹਨਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।ਪੰਜਾਬ ਪੁਲਿਸ ਵੂਮੈਨ ਹੈਲਪ ਡੈਸਕ ਝਬਾਲ ਵੱਲੋ ਪਹੁੰਚੇ ਮੈਡਮ ਪਰਮਜੀਤ ਕੌਰ ਨੇ ਸਕੂਲ ਵਿਦਿਆਰਥਣਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਰੀਰਕ ਸ਼ੋਸ਼ਣ ਤੇ ਛੇੜ-ਛਾੜ ਆਦਿ ਅਲਾਮਤਾਂ ਬਾਰੇ ਜਾਣਕਾਰੀ ਦੇਣ ਲਈ ਸਰਕਾਰ ਵੱਲੋਂ ਜਾਰੀ ਹੈਲਪ ਲਾਈਨ ਨੰਬਰ 112 'ਤੇ ਕਾਲ ਕਰ ਸਕਦੀਆ ਹਨ, ਕਾਲ ਕਰਨ ਵਾਲੇ ਦੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ।ਉਹਨਾਂ ਨੇ ਵਿਦਿਆਰਥੀਆਂ ਨੂੰ ਗੁੱਡ ਟੱਚ ਅਤੇ ਬੈਡ ਟੱਚ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰਿੰਸੀਪਲ ਤਰਨਜੀਤ ਸਿੰਘ ਨੇ ਪੰਜਾਬ ਪੁਲਿਸ, ਵੂਮੈਨ ਹੈਲਪ ਡੈਸਕ ਅਤੇ ਐਸ.ਐਚ.ਓ ਪਰਮਜੀਤ ਸਿੰਘ ਵਿਰਦੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ ਲਈ ਪੁਲਿਸ ਦਾ ਸਾਥ ਦੇਣ ਲਈ ਪ੍ਰੇਰਿਤ ਕਰਦਿਆਂ ਕਿਹਾ। ਇਸ ਮੌਕੇ ਵਿਰਦੀ ਤੇ ਐਸਜੀਪੀਸੀ ਮੈਂਬਰ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ ਨੂੰ ਸਨਮਾਨ ਚਿੰਨਸ਼ ਤੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਏ. ਐੱਸ. ਆਈ ਹਰਜਿੰਦਰ ਸਿੰਘ, ਸੀ. ਟੀ. ਅਨੂਪ ਸਿੰਘ, ਸੀ. ਟੀ. ਗੁਰਵਿੰਦਰ ਸਿੰਘ, ਸਕੂਲ ਸਟਾਫ ਮੈਡਮ ਰਜਿੰਦਰ ਕੌਰ, ਡੀ. ਪੀ. ਈ. ਗੁਰਮੀਤ ਸਿੰਘ, ਮਨਿੰਦਰ ਸਿੰਘ, ਤਰਸੇਮ ਸਿੰਘ, ਕਸ਼ਮੀਰ ਸਿੰਘ, ਭੁਪਿੰਦਰ ਸਿੰਘ, ਦਵਿੰਦਰਪਾਲ ਕੌਰ, ਕੁਲਜਿੰਦਰ ਕੌਰ, ਅਕਵਿੰਦਰ ਕੌਰ, ਰਾਜਬੀਰ ਕੌਰ, ਜਸਮੀਤ ਕੌਰ, ਸਤਨਾਮ ਕੌਰ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।

# ਕਾਮਰੇਡ ਸ਼ਿੰਦਾ ਛਿੱਥ ਦਾ ਦੇਹਾਂਤ



**ਬਟਾਲਾ (ਤਰਲੋਕ ਬੱਗਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਬਟਾਲਾ ਦੇ ਤਹਿਸੀਲ ਕਮੇਟੀ ਮੈਂਬਰ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਸਾਥੀ ਸ਼ਿੰਦਾ ਛਿੱਥ ਜੋ ਪਿਛਲੇ ਕੁਝ ਦਿਨਾਂ ਤੋਂ ਸ਼ੂਗਰ ਦੀ ਬੀਮਾਰੀ ਤੋਂ ਪੀੜਤ ਸਨ, ਦਾ ਦਿਹਾਂਤ ਹੋ ਗਿਆ।ਪਾਰਟੀ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਵਿਛੜੇ ਸਾਥੀ ਦੀ ਮਿਤ੍ਰਕ ਦੇਹ ਉਪਰ ਲਾਲ ਝੰਡਾ ਪਾ ਕੇ ਅੰਤਿਮ ਵਿਦਾਇਗੀ ਦਿੱਤੀ।ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸ਼ਿਵ ਕੁਮਾਰ ਪਠਾਨਕੋਟ, ਸੂਬਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਨਵਾਂ ਪਿੰਡ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸਹਾਇਕ ਵਿੱਤ ਸਕੱਤਰ ਗੁਰਨਾਮ ਸਿੰਘ ਭਿੰਡਰ ਨੇ ਕਿਹਾ ਕਿ ਕਾਮਰੇਡ ਸ਼ਿੰਦਾ ਛਿੱਥ ਨੇ ਤਾ ਉਮਰ ਕਮਿਊਨਿਸਟ ਲਹਿਰ ਦੇ ਲੇਖੇ ਲਾਈ ਅਤੇ ਇਮਾਨਦਾਰੀ ਨਾਲ ਪਾਰਟੀ ਦਾ ਕੰਮ ਕੀਤਾ ਤੇ ਆਪਣੇ ਪਿੰਡ ਛਿੱਥ ਦੇ ਗਰੀਬ ਲੋਕਾਂ ਦੇ ਪਲਾਟਾਂ ਦੀ ਲੜਾਈ ਅਤੇ ਕਬਰਸਤਾਨ ਜ਼ਮੀਨ ਦੇ ਅੰਦੋਲਨ ਦੀ ਅਗਵਾਈ ਬੜੀ ਬਹਾਦਰੀ ਨਾਲ ਕੀਤੀ ਤੇ ਜਿੱਤ ਪ੍ਰਾਪਤ ਕੀਤੀ।ਸਾਥੀ ਸ਼ਿੰਦਾ ਛਿੱਥ ਦੇ ਵਿਛੋੜੇ ਨਾਲ ਆਰਐੱਮਪੀਆਈ ਤੇ ਪਰਿਵਾਰ ਨੂੰ ਕਦੀ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।ਸਾਥੀ ਸ਼ਿੰਦਾ ਛਿੱਥ ਦੀ ਅੰਤਿਮ ਪ੍ਰਾਰਥਨਾ 26 ਜੁਲਾਈ ਦਿਨ ਸ਼ੁੱਕਰਵਾਰ ਉਨ੍ਹਾਂ ਦੇ ਗ੍ਰਹਿ ਪਿੰਡ ਛਿੱਥ ਵਿਖੇ ਹੋਵੇਗੀ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਸਾਥੀ ਜਗੀਰ ਸਿੰਘ ਕਿਲ੍ਹਾ ਲਾਲ ਸਿੰਘ, ਰਜਵੰਤ ਕੌਰ ਮਾਨ ਨਗਰ, ਕਵਲਜੀਤ ਸਿੰਘ ਹੈਪੀ ਰੌੜ ਖਹਿਰਾ, ਸੁਖਵੰਤ ਸਿੰਘ ਸੰਦਲਪੁਰ, ਰਣਜੀਤ ਸਿੰਘ ਫੌਜੀ ਛਿੱਥ, ਬਲਕਾਰ ਸਿੰਘ ਛਿੱਥ, ਬਲਵੰਤ ਸਿੰਘ ਸਾਬਕਾ ਸਰਪੰਚ ਛਿੱਥ, ਸੁਖਵਿੰਦਰ ਸਿੰਘ ਸੰਦਲਪੁਰ ਆਦਿ ਹਾਜ਼ਰ ਸਨ।

20-July-PAGE-12.qxd 7/19/2024 10:07 PM Page 1



# ਐੱਲ ਪੀ ਯੂ 'ਚ 27 ਅਫਰੀਕੀ ਦੇਸ਼ਾਂ ਦੇ ਸੈਂਕੜੇ ਵਿਦਿਆਰਥੀਆਂ ਲਈ ਗ੍ਰੈਜੂਏਸ਼ਨ ਸਮਾਰੋਹ



**ਜਲੰਧਰ ( ਸ਼ੈਲੀ ਐਲਬਰਟ)** - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਨੇ "ਅਫਰੀਕਨ ਸਟੂਡੈਂਟਸ ਲਈ ਏਐਸਯੂ ਕਾਂਗ੍ਰੇਗੇਸ਼ਨ ਸਮਾਰੋਹ - 2024"ਦੇ ਤੀਜੇ ਐਡੀਸ਼ਨ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਨੁਮਾਇੰਦਿਆਂ ਅਤੇ ਉੱਘੀਆਂ ਸ਼ਖਸੀਅਤਾਂ ਸ਼ਾਮਿਲ ਹੋਈਆਂ। ਇਸ ਸਮਾਗਮ ਵਿੱਚ ਭਾਰਤ ਵਿੱਚ ਤਨਜ਼ਾਨੀਆ ਦੇ ਹਾਈ ਕਮਿਸ਼ਨ ਅਨੀਸਾ ਕਾਪੂਫੀ ਮਬੇਗਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ: ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਮੁੱਖ ਤੌਰ 'ਤੇ ਮੌਜੂਦ ਸਨ। ਕਰਨਲ ਰਸ਼ਮੀ ਮਿੱਤਲ, ਐਲਪੀਯੂ ਦੀ ਪ੍ਰੋ ਚਾਂਸਲਰ, ਘਾਨਾ ਤੋਂ ਪ੍ਰੋਟੋਕੋਲ ਅਫਸਰ ਮਿਸਟਰ ਫੇਲਿਕਸ ਬੋਟੇਂਗ ਮਾਰਫੋ ਅਤੇ ਵਾਕੀ ਹੋਰ ਮਹਿਮਾਨ ਤਨਜ਼ਾਨੀਆ ਤੋਂ ਵਿੱਤ ਅਟੈਚੀ ਮੈਗਰੇਥ ਫੈਬੀਅਨ ਕਪਿੰਗਾ, ਤਨਜ਼ਾਨੀਆ ਤੋਂ ਐਡਮਿਨਿਸਟਰੇਟਿਵ ਅਟੈਚੀ ਵੇਰੋਨਿਕਾ ਰਮਾਧਾਨੀ ਅਬਦੁੱਲਾ, ਡਾ: ਅਮਨ ਮਿੱਤਲ, ਵਾਈਸ ਪ੍ਰੈਜ਼ੀਡੈਂਟ, ਐਲਪੀਯੂ ਅਤੇ ਐੱਚ.ਈ. ਦੇ ਪਤੀ ਅਬੂਬਕਾਰੀ ਸਾਲੇਹ ਮਵੀਨੀਪੇਮਬੇ ਵੀ ਮੌਜੂਦ ਸਨ। ਸਮਾਰੋਹ ਵਿੱਚ 27 ਵੱਖ-ਵੱਖ ਅਫਰੀਕੀ ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੇ 100 ਤੋਂ ਵੱਧ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਦਾ ਜਸ਼ਨ ਮਨਾਇਆ ਗਿਆ। ਆਪਣੇ ਸੰਬੋਧਨ ਵਿੱਚ, ਮਾਨਯੋਗ ਅਨੀਸਾ ਕਾਪੂਫੀ ਮਬੇਗਾ ਨੇ ਐਲਪੀਯੂ ਵਿੱਚ ਆਪਣੀ ਸਿੱਖਿਆ ਜਾਰੀ ਰੱਖਣ ਦੇ ਮੌਕੇ ਲਈ ਅਫਰੀਕੀ ਵਿਦਿਆਰਥੀਆਂ ਦਾ ਧੰਨਵਾਦ ਪ੍ਰਗਟ ਕੀਤਾ। ਉਸਨੇ ਅਫਰੀਕਾ ਅਤੇ ਤਨਜ਼ਾਨੀਆ ਵਿੱਚ ਉੱਚ ਸੰਸਥਾਵਾਂ ਵਿੱਚ ਸਿੱਖਿਆ ਅਤੇ ਖੋਜ ਵਰਗੇ ਖੇਤਰਾਂ ਵਿੱਚ ਅਫਰੀਕਾ ਅਤੇ ਭਾਰਤ ਦਰਮਿਆਨ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਡਾ: ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਨੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਦੇ ਇੱਕ ਨਵੇਂ ਪੜਾਅ ਵਿੱਚ ਸਵਾਗਤ ਕੀਤਾ। ਡਾ: ਮਿੱਤਲ ਨੇ ਅਫ਼ਰੀਕਾ ਦੇ ਉੱਜਵਲ ਭਵਿੱਖ ਦਾ ਭਰੋਸਾ ਪ੍ਰਗਟ ਕਰਦਿਆਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਭਾਰਤ ਅਤੇ ਅਫ਼ਰੀਕਾ ਦਰਮਿਆਨ ਡੂੰਘੇ ਅਤੇ ਲੰਬੇ ਸਮੇਂ ਦੇ ਸਬੰਧਾਂ ਨੂੰ ਉਜਾਗਰ ਕੀਤਾ ਕਿ ਕਿਵੇਂ ਮਨੁੱਖ ਅਫਰੀਕਾ ਤੋਂ ਭਾਰਤ ਵੱਲ ਆਇਆ ਹੈ। ਡਾ: ਮਿੱਤਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਐਲਪੀਯੂ ਦੇ ਅਫ਼ਰੀਕੀ ਵਿਦਿਆਰਥੀ ਨਾ ਸਿਰਫ਼ ਯੂਨੀਵਰਸਿਟੀ ਦੇ ਅੰਦਰ ਸਗੋਂ ਪੂਰੇ ਭਾਰਤ ਵਿੱਚ ਇਸ ਸਬੰਧ ਨੂੰ ਮਹਿਸੂਸ ਕਰਦੇ ਹਨ । ਕਾਨਫਰੰਸ ਵਿੱਚ ਘਾਨਾ, ਮੋਜ਼ਾਮਬੀਕ, ਜ਼ਿੰਬਾਬਵੇ, ਤਨਜ਼ਾਨੀਆ, ਲਾਇਬੇਰੀਆ, ਨਾਮੀਬੀਆ, ਮਲਾਵੀ, ਬੁਰੂੰਡੀ, ਕੈਮਰੂਨ, ਕੀਨੀਆ, ਲੈਸੋਥੋ, ਸੋਮਾਲੀਆ, ਇਥੋਪੀਆ, ਆਈਵਰੀ ਕੋਸਟ, ਜ਼ੈਂਬੀਆ, ਨਾਈਜੀਰੀਆ, ਡੀਆਰ ਕਾਂਗੋ, ਬੁਰਕੀਨਾ ਫਾਸੋ, ਗਾਂਬੀਆ, ਦੱਖਣੀ ਸੂਡਾਨ, ਸੂਡਾਨ, ਬੇਨਿਨ, ਯਮਨ, ਮਾਲੀ, ਇਕੂਟੋਰੀਅਲ ਗਿਨੀ, ਮੋਰੋਕੋ ਅਤੇ ਰਵਾਂਡਾ ਸਮੇਤ 27 ਅਫਰੀਕੀ ਦੇਸ਼ਾਂ ਦੇ ਵਿਦਿਆਰਥੀ ਇਕੱਠੇ ਹੋਏ।

# ਜ਼ਰੂਰੀ ਪਰਮੋਸ਼ਨਾਂ ਨੂੰ ਲੈ ਕੇ ਮਾਸਟਰ ਕੇਡਰ ਯੂਨੀਅਨ ਦੀ ਡੀ ਪੀ ਆਈ ਸੈਕੰਡਰੀ ਨਾਲ ਹੰਗਾਮੀ ਮੀਟਿੰਗ



**ਅੱਡਾ ਸਰਾਂ (ਜਸਵੀਰ ਕਾਜਲ)**-ਮਾਸਟਰ ਕੇਡਰ ਯੂਨੀਅਨ ਪੰਜਾਬ ਦੀ ਇਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਰਿਆੜ ਸਰਪ੍ਰਸਤ, ਸੂਬਾ ਜਨਰਲ ਸਕੱਤਰ ਬਲਜਿੰਦਰ ਧਾਲੀਵਾਲ ਅਤੇ ਸੂਬਾ ਵਿੱਤ ਸਕੱਤਰ ਰਮਨ ਕੁਮਾਰ ,ਸੁਖਦੇਵ ਕਾਜਲ ਦੀ ਸਾਂਝੀ ਅਗਵਾਈ ਵਿੱਚ ਮਾਸਟਰ ਕੇਡਰ ਤੋ ਲੈਕਚਰਾਰ ਦੀਆਂ ਪ੍ਰਮੋਸ਼ਨਾਂ ਵਿੱਚ ਊਣਤਾਈਆਂ ਦੂਰ ਕਰਨ ਸੰਬੰਧੀ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਸੈਕੰਡਰੀ ਪਰਮਜੀਤ ਸਿੰਘ ਨਾਲ ਉਨ੍ਹਾਂ ਦੇ ਦਫਤਰ ਵਿਖੇ ਹੋਈ ।ਜਥੇਬੰਦੀ ਦੇ ਆਗੂਆਂ ਵੱਲੋ ਡੀ. ਪੀ. ਆਈ. ਸੈਕੰਡਰੀ ਤੋਂ ਮੰਗ ਕੀਤੀ ਗਈ ਕਿ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਪ੍ਰਮੋਸ਼ਨਾਂ ਵਿੱਚ ਊਣਤਾਈਆਂ ਦੂਰ ਕਰਕੇ ਜਲਦੀ ਤੋਂ ਜਲਦੀ ਹਰ ਵਿਸ਼ੇ ਦੀਆਂ ਪਰਮੋਸ਼ਨਾਂ ਕੀਤੀਆਂ ਜਾਣ ਅਤੇ ਹਰ ਵਿਸ਼ੇ ਵਿੱਚ ਅਖੀਰਲੇ ਪਰਮੋਟ ਹੋਏ ਲੈਕਚਰਾਰ ਦੀ ਹਰ ਵਰਗ ਅਨੁਸਾਰ ਸੀਨੀਅਰਤਾ ਸੂਚੀ ਜਾਰੀ ਕਰਕੇ ਉਸ ਅਨੁਸਾਰ ਮਾਸਟਰ ਕੇਡਰ ਤੋਂ ਲੈਕਚਰਾਰ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ ਤਾਂ ਜੋ ਕਿਸੇ ਵੀ ਕਿਸਮ ਦੇ ਲੈਫਟ ਆਉਟ ਦੀ ਗੁੰਜਾਇਸ਼ ਹੀ ਨਾ ਰਹੇ ।ਇਸ ਸੁਝਾਅ ਸੰਬੰਧੀ ਡੀ. ਪੀ. ਆਈ. ਸੈਕੰਡਰੀ ਦਾ ਰਵੱਈਆ ਹਾਂ ਪੱਖੀ ਰਿਹਾ ਅਤੇ ਡੀ. ਪੀ. ਆਈ. ਸੈਕੰਡਰੀ ਵੱਲੋ ਜਥੇਬੰਦੀ ਨੂੰ ਭਰੋਸਾ ਦਿੱਤਾ ਕਿ ਪਰਮੋਸ਼ਨਾਂ ਪਾਰਦਰਸ਼ੀ ਢੰਗ ਨਾਲ ਜਲਦੀ ਤੋ ਜਲਦੀ ਕਰ ਦਿੱਤੀਆਂ ਜਾਣਗੀਆਂ । ਡੀ. ਪੀ. ਆਈ. ਸੈਕੰਡਰੀ ਨੇ ਕਿਹਾ ਕਿ ਲੈਫਟ ਆਊਟ ਦੀ ਸਕਰੂਟਨੀ ਤੋਂ ਬਾਅਦ ਆਉਣ ਵਾਲੇ ਸਮੇਂ ਵਿੱਚ ਨਵੀਂ ਸਕਰੂਟਨੀ ਕਰ ਕੇ ਹਰ ਵਿਸ਼ੇ ਦੀਆਂ ਵੱਡੇ ਪੱਧਰ 'ਤੇ ਹੋਰ ਵੀ ਪਰਮੋਸ਼ਨਾਂ ਕੀਤੀਆਂ ਜਾਣਗੀਆਂ ।ਰਿਵਰਸ਼ਨ ਜੋਨ ਦੇ ਸੰਬੰਧ ਵਿੱਚ ਯੂਨੀਅਨ ਦੇ ਆਗੂਆ ਨੇ ਹਰਭਜਨ ਸਿੰਘ ਬਨਾਮ ਸਟੇਟ ਦੇ ਕੇਸ ਦਾ ਹਵਾਲਾ ਦੇ ਕੇ ਜ਼ੋਰ ਨਾਲ ਰਿਵਰਸ਼ਨ ਜੋਨ ਖ਼ਤਮ ਕਰਨ ਬਾਰੇ ਵੀ ਵਿਚਾਰ ਚਰਚਾ ਕੀਤੀ ਤਾਂ ਡੀ. ਪੀ. ਆਈ. ਸੈਕੰਡਰੀ ਨੇ ਕਿਹਾ ਕਿ ਇਹ ਕੋਰਟ ਕੇਸ ਹੈ ਤੇ ਇਸ ਨੂੰ ਖਤਮ ਕਰਨ ਵਾਸਤੇ ਵੀ ਯੋਗ ਹੱਲ ਕੀਤਾ ਜਾਵੇਗਾ । ਮਾਸਟਰ ਕੇਡਰ ਤੋਂ ਹੈਡਮਾਸਟਰ ਦੀ ਤਰੱਕੀ 'ਤੇ ਉਨ੍ਹਾਂ ਕਿਹਾ ਕਿ ਜਲਦ ਹੀ ਇਹ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤਾ ਜਾਵੇਗਾ। 3704 ਅਧਿਆਪਕਾਂ ਦਾ ਪ੍ਰੋਬੇਸ਼ਨ ਪੀਰੀਅਡ ਖ਼ਤਮ ਹੋਣ ਤੇ ਉਨ੍ਹਾਂ ਨੂੰ ਫੁੱਲ ਸਕੇਲ ਨਾ ਦੇਣ ਦੀ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਇਸ ਸੰਬੰਧੀ ਪੱਤਰ ਜਲਦੀ ਜਾਰੀ ਕਰ ਦਿੱਤਾ ਜਾਵੇਗਾ।2.59 ਦੇ ਗੁਣਾਕ ਸੰਬੰਧੀ ਮਾਣਯੋਗ ਹਾਈ ਕੋਰਟ ਦੇ ਸਪੀਕਿੰਗ ਆਰਡਰ ਸੰਬੰਧੀ ਉਨ੍ਹਾਂ ਕਿਹਾ ਕਿ ਇਸ ਫਾਈਲ ਨੂੰ ਚੈੱਕ ਕਰ ਕੇ ਇਸ ਸੰਬੰਧੀ ਹੱਲ ਜਲਦੀ ਕੀਤਾ ਜਾਵੇਗਾ ।ਓ. ਡੀ. ਐਲ. ਦੇ ਮੁੱਦੇ 'ਤੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਕੋਰਟ ਵਿੱਚ ਐੱਲਪੀਏ ਪਈ ਹੋਈ ਹੈ, ਜਿਸ ਦਾ ਫੈਸਲਾ ਆਉਣ 'ਤੇ ਹੀ ਇਨ੍ਹਾਂ ਨੂੰ ਵਿਚਾਰਿਆ ਜਾਵੇਗਾ।ਡੀ ਬਾਰ ਦੇ ਸੰਬੰਧ ਵਿੱਚ ਉਨ੍ਹਾਂ ਕਿਹਾ ਕਿ ਇਨ੍ਹਾਂ ਲੈਫਟ ਆਊਟ ਕੇਸਾਂ ਦੀਆਂ ਪਰਮੋਸ਼ਨਾਂ ਵਿੱਚ ਉਹਨਾਂ ਨੂੰ ਨਹੀਂ ਵਿਚਾਰਿਆ ਜਾਵੇਗਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਮਨਜਿੰਦਰ ਸਿੰਘ, ਕਰਨੈਲ ਸਿੰਘ, ਹਰਕੀਰਤ ਸਿੰਘ, ਸੋਹਣ ਸਿੰਘ ਚਹਿਲ, ਨੀਰਜ ਸਿੰਘ ਕੰਵਰ,ਗਗਨਦੀਪ ਸਿੰਘ ,ਰਕੇਸ਼ ਮਹਾਜਨ, ਅਮਰਜੀਤ ਸਿੰਘ ਦਸੂਹਾ, ਰਕੇਸ਼ ਸ਼ਰਮਾ, ਰਜਿੰਦਰ ਭੰਡਾਰੀ ਮੈਡਮ ਰਾਮਤੀਰਥ ਕੌਰ ਆਦਿ ਅਧਿਆਪਕ ਸਾਥੀ ਹਾਜਰ ਸਨ।

# ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ : ਕਿਸਾਨ ਯੂਨੀਅਨ



**ਭੁਲੱਥ, (ਮਨਪ੍ਰੀਤ ਸਿੰਘ)** – ਭਾਰਤੀ ਕਿਸਾਨ ਯੂਨੀਅਨ ਖੋਸਾ ਰਜਿਸਟਰਡ ਦੀ ਮੀਟਿੰਗ ਗੁਰਦੁਆਰਾ ਸੁਖ ਸਾਗਰ ਸਾਹਿਬ ਰਾਜਪੁਰ ਬੇਰੀਆਂ ਵਾਲਾ ਰਾਜਪੁਰ ਭੁਲੱਥ ਵਿਖੇ ਜ਼ਿਲ੍ਹਾ ਜਨਰਲ ਸਕੱਤਰ ਸੁਰਿੰਦਰ ਸਿੰਘ ਸ਼ੇਰ ਗਿੱਲ ਮੀਤ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਕਿਸਾਨ ਯੂਨੀਅਨ ਵੱਲੋਂ ਸਰਕਾਰ ਪਾਸੋਂ ਮੰਗੀਆਂ ਮੰਗਾਂ ਵਿਚਾਰ ਵਟਾਂਦਰਾ ਕੀਤਾ ਗਿਆ। ਕਿਸਾਨਾਂ ਨੇ ਕਿਹਾ ਕਿ ਝੋਨੇ ਦੇ ਸੀਜਨ 'ਤੇ ਸਰਕਾਰ ਨੇ ਜੋ ਕਿਸਾਨਾਂ ਨੂੰ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਗੱਲ ਕੀਤੀ ਸੀ ਉਹ ਕੋਰਾ ਝੂਠ ਸਾਬਤ ਹੋ ਰਹੀ ਹੈ । ਉਹਨਾਂ ਕਿਹਾ ਕਿ ਕਾਫੀ ਦਿਨਾਂ ਤੋਂ ਬਿਜਲੀ ਦੇ ਲੰਬੇ-ਲੰਬੇ ਕੱਟ ਲੱਗ ਰਹੇ ਹਨ, ਜਿਸ ਨਾਲ ਖੇਤੀ ਬਹੁਤ ਪ੍ਰਭਾਵਿਤ ਹੋ ਰਹੀ ਹੈ। ਕੁਝ ਦਿਨ ਪਹਿਲਾਂ ਜੋ ਬਾਰਿਸ਼ ਹੋਈ ਸੀ ਉਹ ਬਹੁਤ ਜਿਆਦਾ ਹੋਣ ਕਰਕੇ ਕਿਸਾਨਾਂ ਦੇ ਨੀਵੇਂ ਥਾਂ ਦੇ ਝੋਨੇ ਖਰਾਬ ਹੋ ਗਏ ਸਨ ਅਤੇ ਜੋ ਝੋਨੇ ਲੱਗੇ ਨਹੀਂ ਸਨ, ਉਹ ਪਾਣੀ ਜਿਆਦਾ ਹੋਣ ਕਰਕੇ ਬਜਾਈ ਲੇਟ ਹੋ ਗਈ ਹੈ ਤੇ ਹੁਣ ਲੰਬੇ ਬਿਜਲੀ ਦੇ ਕੱਟਾਂ ਕਰਕੇ ਲੱਗੇ ਝੋਨੇ ਸੁੱਕ ਰਹੇ ਹਨ ਅਤੇ ਜੋ ਲਗਾਈ ਹੋਣ ਵਾਲੀ ਹੈ ਉਹ ਵੀ ਲੇਟ ਹੋ ਗਈ ਹੈ । ਉਹਨਾਂ ਕਿਹਾ ਕਿ ਇਸ ਕਰਕੇ ਕਿਸਾਨ ਯੂਨੀਅਨ ਖੋਸਾ ਮੰਗ ਕਰਦੀ ਹੈ ਕਿ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਨਿਰਵਿਘਨ ਦਿੱਤੀ ਜਾਵੇ ਤੇ ਜੇ ਹੁਣ ਇਸ ਤਰ੍ਹਾਂ ਹੀ ਬਿਜਲੀ ਦੇ ਕੱਟ ਜਾਰੀ ਰਹੇ ਤਾਂ ਕਿਸਾਨ ਯੂਨੀਅਨ ਕੋਈ ਵੱਡਾ ਸੰਘਰਸ਼ ਕਰਨ ਨੂੰ ਮਜਬੂਰ ਹੋਵੇਗੀ।ਇਸ ਤੋਂ ਇਲਾਵਾ ਕਿਸਾਨ ਯੂਨੀਅਨ ਨੇ ਕਿਹਾ ਕਿ ਹਾਈਕੋਰਟ ਨੇ ਜੋ ਹਰਿਆਣਾ ਸਰਕਾਰ ਨੂੰ ਬਾਰਡਰ ਸੀਲ ਕਰਨ 'ਤੇ ਝਾੜ ਪਾਈ ਹੈ, ਇਹ ਕਿਸਾਨਾਂ, ਪੰਜਾਬ ਵਾਸੀਆਂ ਤੇ ਲੋਕਤੰਤਰ ਦੀ ਜਿੱਤ ਹੈ । ਉਹਨਾਂ ਕਿਹਾ ਕਿ ਜੋ ਪੰਜਾਬ ਸਰਕਾਰ ਵੱਲੋਂ ਸ਼ਹੀਦ ਸ਼ੁਭਦੀਪ ਦੇ ਪਰਵਾਰ ਨੂੰ ਇੱਕ ਕਰੋੜ ਦਾ ਚੈੱਕ ਅਤੇ ਉਸਦੀ ਭੈਣ ਨੂੰ ਸਰਕਾਰੀ ਨੌਕਰੀ ਦੇਣਾ ਇਹ ਵੀ ਕਿਸਾਨੀ ਸੰਘਰਸ਼ ਦੀ ਜਿੱਤ ਹੈ । ਕਿਸਾਨ ਯੂਨੀਅਨ ਵੱਲੋਂ ਹਰਿਆਣਾ ਬਾਰਡਰ 'ਤੇ ਜੋ ਕਿਸਾਨੀ ਸੰਘਰਸ਼ ਗੈਰ ਰਾਜਨੀਤਿਕ ਮੋਰਚੇ ਵੱਲੋਂ ਚੱਲ ਰਿਹਾ ਹੈ, ਉਸ ਨੂੰ ਤੇਜ਼ ਕਰਨ 'ਤੇ ਵਿਚਾਰਾਂ ਹੋਈਆਂ ਅਤੇ ਪੰਜਾਬ ਵਾਸੀਆਂ ਨੂੰ ਉਸ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਫਕੀਰ ਸਿੰਘ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਗੁਰਚਰਨ ਸਿੰਘ ਖੱਸਣ, ਦਲਵੀਰ ਸਿੰਘ ਖੱਸਣ, ਸਰਦੂਲ ਸਿੰਘ ਖੱਸਣ, ਮਨਜੀਤ ਸਿੰਘ ਖੱਸਣ, ਰਣਧੀਰ ਸਿੰਘ ਖੱਸਣ, ਗੋਰਾ ਚੀਮਾ ਖੱਸਣ, ਸੁਰਿੰਦਰ ਕੁਮਾਰ ਖੱਸਣ, ਨਿਰੰਜਨ ਸਿੰਘ ਖੱਸਣ, ਹਰਦੀਪ ਸਿੰਘ ਲਿਟਾਂ, ਦਲਜੀਤ ਸਿੰਘ ਲਿਟਾਂ, ਜਸਵੀਰ ਸਿੰਘ ਬਾਜਵਾ, ਸ਼ਮੀ ਕਾਲੀਆ, ਸੇਵਾ ਸਿੰਘ ਜਵਾਹਰ ਨਗਰ, ਹਰਦੇਵ ਸਿੰਘ ਮਾਡਲ ਟਾਊਨ, ਅਜੀਤ ਸਿੰਘ ਜੈਦਾਂ, ਅੰਮ੍ਰਿਤਪਾਲ ਲਿੱਟਾਂ, ਕੁਲਜਿੰਦਰ ਸਿੰਘ ਲਿੱਟਾਂ, ਗੁਰਮੇਲ ਸਿੰਘ ਮਾਡਲ ਹਾਜ਼ਰ ਸਨ।

# ਸਾਲਾਨਾ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਅਲਾਵਲਪੁਰ (ਮਦਨ ਬੰਗੜ)**-ਬੀਤੇ ਦਿਨੀਂ ਦੁਆਬੇ ਖੇਤਰ ਦੇ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਦਾ ਸਾਲਾਨਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਸ਼ਹੀਦ ਸਿੰਘਾਂ ਪਿੰਡ ਬਡਲਾ ਵਿੱਖੇ ਸ਼ਰਧਾ ਅਤੇ ਉਤਸ਼ਾਹ ਸਹਿਤ ਮਨਾਇਆ ਗਿਆ।ਹਾਜਰ ਸੰਗਤਾਂ ਨੇ ਗੁਰਬਾਣੀ ਜੱਸ ਕੀਰਤਨ ਸ੍ਰਵਣ ਕੀਤਾ ।ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਸਮੂਹ ਪਰਵਾਰ ਵੱਲੋਂ ਹਮੇਸ਼ਾ ਦੀ ਤਰ੍ਹਾਂ ਐਨ ਆਰ ਆਈ ਵੀਰਾਂ ਭੈਣਾਂ ਦੇ ਸਹਿਯੋਗ ਸਦਕਾ 33ਵਾਂ ਸਵੈਂ ਇੱਛੁਕ ਖੂਨਦਾਨ ਕੈਂਪ ਲਗਾਇਆ ਗਿਆ ਅਤੇ ਇਸ ਵਿਚ 42 ਪ੍ਰਾਣੀਆਂ ਵਲੋਂ ਖ਼ੂਨਦਾਨ ਕੀਤਾ ਗਿਆ ।ਠੰਢੇ ਦਾ ਲੰਗਰ ਅਤੇ ਐਸ ਜੀ ਆਰ ਹਸਪਤਾਲ ਦੇ ਸਰਪ੍ਰਸਤ ਡਾ. ਪਰਮਿੰਦਰ ਸਿੰਘ ਸੂਦ ਦੀ ਦੇਖ ਰੇਖ 'ਚ ਫ੍ਰੀ ਮੈਡੀਕਲ ਚੈੱਕਅਪ ਅਤੇ ਫ੍ਰੀ ਦਵਾਈਆਂ ਦਾ ਕੈਂਪ ਲਗਾਇਆ ਗਿਆ । ਇਸ ਮੌਕੇ ਗੁਰਬਖਸ਼ ਸੂਬਾ ਆਦਮਪੁਰ ਜੰਗਲਾਤ ਅਫ਼ਸਰ, ਜਸਵੀਰ ਸਿੰਘ, ਮੈਡਮ ਭੁਪਿੰਦਰ ਕੌਰ ਦੀ ਬਦੌਲਤ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਸਾਧ ਸੰਗਤਾਂ ਨੂੰ ਵੱਖ ਵੱਖ ਕਿਸਮਾਂ ਦੇ ਫੁੱਲ ਦਾਰ, ਫਲਦਾਰ ਅਤੇ ਛਾਂਦਾਰ ਬੂਟੇ ਲਗਵਾਉਣ ਲਈ ਬੂਟੇ ਵੰਡੇ ਗਏ ।ਇਸ ਮੌਕੇ ਉਚੇਚੇ ਤੌਰ 'ਤੇ ਸੰਤ ਮਹਾਂਪੁਰਸ਼ ਬਾਬਾ ਕੇਵਲ ਸਿੰਘ ਤਪ ਅਸਥਾਨ ਖੁਰਾਲਗੜ੍ਹ ਸਾਹਿਬ , ਕੁਲਵੰਤ ਭੁੰਨੇ ਜਨਰਲ ਸਕੱਤਰ ਅੰਬੇਡਕਰ ਸੈਨਾ ਪੰਜਾਬ, ਸੁੱਖ ਰੰਧਾਵਾ, ਸਤਨਾਮ ਬਲੱਡ ਸੈਂਟਰ ਹੁਸ਼ਿਆਰਪੁਰ ਦੇ ਸਰਪ੍ਰਸਤ ਗੋਰਵ ਗੋਰਾ ਵੀ ਹਾਜ਼ਰ ਸਨ।


## ਮਹੱਤਵਪੂਰਨ ਸੂਚਨਾ

ਮੁਰਾਦਾਬਾਦ ਮੰਡਲ ਦੇ ਸ਼ਾਹਜਹਾਂਪੁਰ ਜੰ.-ਲਖਨਊ ਅਤੇ ਰੋਜਾ - ਸੀਤਾਪੁਰ ਸਿਟੀ ਡਬਲ ਲਾਈਨ ਸੈਕਸ਼ਨ ਅਤੇ ਰੋਜਾ ਸਟੇਸ਼ਨ ਤੇ ਯਾਰਡ ਰਿਮਾਡਲਿੰਗ ਕੰਮ ਦੇ ਚਲਦੇ ਪ੍ਰੀ-ਨਾਨ-ਇੰਟਰਲਾਕਿੰਗ ਅਤੇ ਨਾਨ-ਇੰਟਰਲਾਕਿੰਗ ਕੰਮ ਦੇ ਸਬੰਧ ਵਿਚ ਮਿਤੀ 05.07.2024 ਨੂੰ ਵਖ-ਵਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਸਾਰਵਜਨਿਕ ਸੂਚਨਾ ਵਿਚ ਰੇਲਗੱਡੀਆਂ ਦੇ ਮਾਰਗ ਪਰਿਵਰਤਨ ਦੀਆਂ ਮਿਤੀਆਂ ਵਿਚ ਬਦਲਾਅ ਕੀਤਾ ਗਿਆ ਹੈ, ਜੋ ਹੇਠਾਂ ਅਨੁਸਾਰ ਹੈ:-

ਰੇਲਗੱਡੀਆਂ ਦਾ ਮਾਰਗ ਪਰਿਵਰਤਨ

| ਰੇਲਗੱਡੀ ਨੰਬਰ ਅਤੇ ਰੇਲਗੱਡੀ ਦਾ ਨਾਮ | ਬਦਲਿਆ ਮਾਰਗ (ਵਾਯਾ) | ਮਾਰਗ ਪਰਿਵਰਤਨੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|---|
| 15529 ਸਹਰਸਾ ਜੰ. - ਆਨੰਦ ਵਿਹਾਰ (ਟ) ਜਨਸਾਧਾਰਨ ਐਕਸਪ੍ਰੈਸ | ਸੀਤਾਪੁਰ ਪੀਲੀਭੀਤ ਜੰ.-ਬਰੇਲੀ ਸਿਟੀ ਰਾਮਗੰਗਾ ਦੇ ਬਜਾਏ ਬੁੜਵਲ ਜੰ. - ਬਾਰਾਬੰਕੀ ਜੰ. - ਲਖਨਊ - ਕਾਨਪੁਰ ਸੈਂਟਰਲ - ਗਾਜੀਆਬਾਦ | 24.07.2024ਅਤੇ 31.07.2024 |
| 15530 ਆਨੰਦ ਵਿਹਾਰ (ਟ) - ਸਹਰਸਾ ਜੰ. ਜਨਸਾਧਾਰਨ ਐਕਸਪ੍ਰੈਸ | ਰਾਮਗੰਗਾ - ਬਰੇਲੀ ਸਿਟੀ -ਪੀਲੀਭੀਤ ਜੰ. - ਸੀਤਾਪੁਰ ਦੇ ਬਜਾਏ ਗਾਜੀਆਬਾਦ ਜੰ. - ਕਾਨਪੁਰ ਸੈਂਟਰਲ ਲਖਨਊ - ਬਾਰਾਬੰਕੀ ਜੰ. - ਬੁੜਵਲ ਜੰ. | 25.07.2024 ਅਤੇ01.08.2024 |
| 15621 ਕਾਮਾਖਯਾ ਆਨੰਦ ਵਿਹਾਰ (ਟ) ਐਕਸਪ੍ਰੈਸ | ਸੀਤਾਪੁਰ ਪੀਲੀਭੀਤ ਜੰ.-ਬਰੇਲੀ ਸਿਟੀ ਰਾਮਗੰਗਾ ਦੇ ਬਜਾਏ ਬੁੜਵਲ ਜੰ. - ਬਾਰਾਬੰਕੀ ਜੰ. - ਲਖਨਊ - ਕਾਨਪੁਰ ਸੈਂਟਰਲ - ਗਾਜੀਆਬਾਦ | 25.07.2024 ਅਤੇ01.08.2024 |
| 15622 ਆਨੰਦ ਵਿਹਾਰ (ਟ)- ਕਾਮਾਖਯਾ ਐਕਸਪ੍ਰੈਸ | ਰਾਮਗੰਗਾ - ਬਰੇਲੀ ਸਿਟੀ -ਪੀਲੀਭੀਤ ਜੰ. - ਸੀਤਾਪੁਰ ਦੇ ਬਜਾਏ ਗਾਜੀਆਬਾਦ ਜੰ. - ਕਾਨਪੁਰ ਸੈਂਟਰਲ ਦੇ ਬਜਾਏ ਬੁੜਵਲ ਜੰ. - ਬਾਰਾਬੰਕੀ ਜੰ. | 27.07.2024 ਅਤੇ03.08.2024 |
| 14009 ਬਾਪੂਧਾਮ ਮੋਤਿਹਾਰੀ - ਆਨੰਦ ਵਿਹਾਰ (ਟ) ਚਮਪਾਰਨ ਸਤਿਯਾਗ੍ਰਹ ਐਕਸਪ੍ਰੈਸ | ਸੀਤਾਪੁਰ - ਪੀਲੀਭੀਤ ਜੰ. - ਬਰੇਲੀ ਸਿਟੀ - ਰਾਮਗੰਗਾ ਦੇ ਬਜਾਏ ਬੁੜਵਲ ਜੰ. - ਬਾਰਾਬੰਕੀ ਜੰ. - ਲਖਨਊ - ਕਾਨਪੁਰ ਸੈਂਟਰਲ - ਗਾਜੀਆਬਾਦ | 21.07, 23.07, 25.07, 28.07, 30.07 ਅਤੇ 01.08, 04.08.2024 |
| 14010 ਆਨੰਦ ਵਿਹਾਰ (ਟ) - ਬਾਪੂਧਾਮ ਮੋਤਿਹਾਰੀ ਚਮਪਾਰਨ ਸਤਿਯਾਗ੍ਰਹ ਐਕਸਪ੍ਰੈਸ | ਰਾਮੰਗਾ - ਬਰੇਲੀ ਸਿਟੀ - ਪੀਲੀਭੀਤ ਜੰ. - ਸੀਤਾਪੁਰ ਦੇ ਬਜਾਏ ਗਾਜੀਆਬਾਦ - ਕਾਨਪੁਰ ਸੈਂਟਰਲ - ਲਖਨਊ - ਬਾਰਾਬੰਕੀ ਜੰ. - ਬੁੜਵਲ ਜੰ. | 22.07, 24.07, 27.07, 29.07, 31.07 ਅਤੇ 03.08.2024 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਉਤਰ ਰੇਲਵੇ
ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in 'ਤੇ ਮਿਲੋ

'ਤੇ ਸਾਨੂੰ ਫਾਲੋ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਖਾਲਸਾ ਕਾਲਜ ਦੀ ਵਿਦਿਆਰਥਣ 'ਵਰਸਿਟੀ ਵਿੱਚੋਂ ਦੂਜੀ ਪੁਜ਼ੀਸਨ 'ਤੇ



**ਮਾਹਿਲਪੁਰ, (ਸਫਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੰਪਿਊਟਰ ਵਿਭਾਗ ਵਿੱਚ ਚੱਲਦੇ ਕੋਰਸ ਐਮਐਸਸੀ (ਆਈਟੀ) ਅਤੇ ਬੀਸੀਏ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ ਅਤੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਐਮਐਸਸੀ (ਆਈਟੀ) ਦੇ ਨਤੀਜੇ ਵਿੱਚ ਵਿਦਿਆਰਥਣ ਨਿਕਿਤਾ ਨੇ 85 ਫੀਸਦੀ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ, ਲਖਵਿੰਦਰ ਕੌਰ ਨੇ 83 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਅਤੇ ਤਾਨੀਆ ਨੇ 79.7 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਬੀਸੀਏ ਦੇ ਨਤੀਜੇ ਵਿੱਚ ਵਿਦਿਆਰਥਣ ਪ੍ਰੀਆ ਨੇ 87.8 ਫੀਸਦੀ ਅੰਕ ਲੈ ਕੇ ਕਾਲਜ ਵਿੱਚੋਂ ਪਹਿਲਾ, ਮੁਸਕਾਨ ਨੇ 85.8 ਫੀਸਦੀ ਅੰਕਾਂ ਨਾਲ ਦੂਜਾ ਅਤੇ ਰਮਨਦੀਪ ਨੇ 79 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਸਮੇਤ ਕੰਪਿਊਟਰ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨਾਂ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆ।




# ਅਧਿਆਪਕ ਲਹਿਰ ਨੂੰ ਮਜ਼ਬੂਤ ਕਰਨ ਨਾਲ ਹੀ ਅਧਿਆਪਕਾਂ ਦੇ ਹੱਕ ਸੁਰੱਖਿਅਤ ਰਹਿ ਸਕਦੇ : ਸ਼ਰਮਾ



ਡੀ ਟੀ ਐੱਫ ਦੇ ਆਗੂ ਜਾਣਕਾਰੀ ਦਿੰਦੇ ਹੋਏ।

**ਸ਼ਾਹਕੋਟ (ਗਿਆਨ ਸੈਦਪੁਰੀ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਝੰਡੇ ਹੇਠ ਅਧਿਆਪਕਾਂ ਦਾ ਇਕੱਠ ਕੀਤਾ ਗਿਆ। ਡੀ ਟੀ ਐਫ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਲਹੂ ਵੀਟਵੇਂ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ ਹੱਕਾਂ ਨੂੰ ਸਮੇਂ ਦੀਆਂ ਸਰਕਾਰਾਂ ਲਗਾਤਾਰ ਖੋਹਣ ਦੇ ਰਾਹ ਪਈਆਂ ਹੋਈਆਂ ਹਨ। ਪੁਰਾਣੀ ਪੈਨਸ਼ਨ, ਬੰਦ ਕੀਤੇ ਭੱਤੇ, ਮਹਿੰਗਾਈ ਭੱਤੇ ਦੀਆਂ ਕਿਸਤਾਂ, ਪੇਅ ਕਮਿਸ਼ਨ ਦਾ ਬਕਾਇਆ ਲੈਣ ਲਈ ਅਧਿਆਪਕਾਂ ਨੂੰ ਜਥੇਬੰਦ ਹੋ ਕੇ ਸੰਘਰਸ਼ਾਂ ਦੇ ਰਾਹ ਪੈਣਾ ਪਵੇਗਾ। ਸੂਬਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਧਿਆਪਕਾਂ ਸਮੇਤ ਹੋਰ ਵਿਭਾਗਾਂ ਉੱਪਰ ਥੋਪੇ ਜ਼ਬਰੀ ਕੇਂਦਰੀ ਗ੍ਰੇਡ ਨੂੰ ਵੀ ਸਾਂਝੇ ਸੰਘਰਸ਼ ਨਾਲ ਹੀ ਹਟਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਅਧਿਆਪਕ ਲਹਿਰ ਨੂੰ ਮਜ਼ਬੂਤ ਕਰਨ ਨਾਲ ਹੀ ਅਧਿਆਪਕਾਂ ਦੇ ਹਿੱਤ ਸੁਰੱਖਿਅਤ ਰਹਿ ਸਕਦੇ ਹਨ।ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਨੇ ਕਿਹਾ ਕਿ ਸਾਂਝੇ ਸੰਘਰਸ਼ਾਂ ਨਾਲ ਹੀ ਵਿਭਾਗ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਗਰੀਬ ਬੱਚਿਆਂ ਤੋਂ ਖੋਹੀ ਜਾ ਰਹੀ ਸਿੱਖਿਆ ਅਤੇ ਆਪਣੇ ਹੱਕਾਂ ਨੂੰ ਹਾਸਲ ਕਰਨ ਲਈ ਫਰੰਟ ਵਿਚ ਸ਼ਾਮਲ ਹੋ ਕੇ ਸੰਘਰਸ਼ਾਂ ਦੇ ਰਾਹ ਪੈਣ। ਜ਼ਿਲ੍ਹਾ ਸਕੱਤਰ ਅਵਤਾਰ ਲਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ, ਵਿੱਤ ਸਕੱਤਰ ਗੁਰਮੁੱਖ ਸਿੰਘ ਸਿੱਧੂ ਅਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਰੀਦਵਾਲ ਦੇ ਸੇਵਾ ਮੁਕਤ ਹੋ ਜਾਣ 'ਤੇ ਉਨ੍ਹਾਂ ਦੀ ਥਾਂ 'ਤੇ ਸਰਵਸੰਮਤੀ ਨਾਲ ਸੁਖਵਿੰਦਰਪ੍ਰੀਤ ਸਿੰਘ ਡੀ ਪੀ ਈ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ,ਵਿਸ਼ਵ ਭਾਨੂੰ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਨਵਜੋਤ ਸਿੰਘ, ਵਿੱਤ ਸਕੱਤਰ ਅੰਮ੍ਰਿਤ ਪਾਲ ਸਿੰਘ, ਸਕੱਤਰ ਅਵਤਾਰ ਲਾਲ ਅਤੇ ਜਥੇਬੰਦਕ ਸਕੱਤਰ ਰਾਜਨ ਰਾਜੂ ਚੁਣੇ ਗਏ।ਬਲਾਕ ਸ਼ਾਹਕੋਟ ਇਕ ਦੀ ਕੀਤੀ ਗਈ ਚੋਣ ਵਿਚ ਨਰਿੰਦਰ ਪਾਲ ਏ ਸੀ ਟੀ ਬਲਾਕ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਰਾਜੇਸ ਕੁਮਾਰ, ਮੀਤ ਪ੍ਰਧਾਨ ਗੌਰਵ ਕੁਮਾਰ, ਸਕੱਤਰ ਰਾਜਵਿੰਦਰ ਪਾਲ ਸਿੰਘ, ਵਿੱਤ ਸਕੱਤਰ ਗੁਰਚਰਨ ਸਿੰਘ ਭੋਡੀਪੁਰ ਅਤੇ ਪ੍ਰੈਸ ਸਕੱਤਰ ਮੇਨ ਪਾਲ ਚੁਣੇ ਗਏ। ਮੀਟਿੰਗ ਵਿਚ ਪਾਸ ਕੀਤੇ ਵਿਸ਼ੇਸ਼ ਮਤੇ ਵਿਚ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਤਿੰਨ ਫੌਜਦਾਰੀ ਨਵੇਂ ਕਾਨੂੰਨਾਂ ਅਤੇ ਉੱਘੀ ਲੇਖਕਾ ਅਰੁੰਧਤੀ ਰਾਏ ਤੇ ਪ੍ਰੋ ਸ਼ੇਖ ਹੁਸ਼ੈਨ ਸ਼ੌਕਤ ਖਿਲਾਫ ਯੂ.ਏ.ਪੀ.ਏ ਤਹਿਤ ਮੁਕੱਦਮਾ ਚਲਾਉਣ ਦੀ ਦਿਤੀ ਆਗਿਆ ਨੂੰ ਰੱਦ ਕਰਵਾਉਣ ਲਈ 21 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾਣ ਵਾਲੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਵਿਵੇਕ ਕੌੜਾ, ਮਨਵੀਰ ਸਿੰਘ, ਮਨਜਿੰਦਰ ਸਿੰਘ, ਸੰਦੀਪ ਸਿੰਘ, ਨੀਰਜ ਕੁਮਾਰ ਅਤੇ ਸਿਰਾਜ ਸਿੰਘ ਹਾਜ਼ਰ ਸਨ।

# ਐੱਸ ਟੀ ਐੱਸ ਵਰਲਡ ਸਕੂਲ 'ਚ ਇੰਟਰ ਹਾਊਸ ਫੈਂਸੀ ਡਰੈੱਸ ਤੇ ਰੋਲ ਪਲੇ ਮੁਕਾਬਲੇ



**ਗੁਰਾਇਆ (ਬਿੰਦਰ ਸੁਮਨ)**—ਐੱਸ. ਟੀ. ਐੱਸ .ਵਰਲਡ ਸਕੂਲ, ਰਾਜਗੋਮਾਲ ਵਲੋਂ ਇੰਟਰ ਹਾਊਸ ਫੈਂਸੀ ਡਰੈੱਸ ਮੁਕਾਬਲੇ ਤੇ ਰੋਲ ਪਲੇ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਮੁਕਾਬਲੇ ਦੇ ਜੱਜ ਮੈਡਮ ਗੀਤੂ ਵਿਨਾਇਕ , ਮੈਡਮ ਰਮਨ ਸ਼ਰਮਾ , ਮੈਡਮ ਸੁੱਖਵਿੰਦਰ ਕੌਰ ਅਤੇ ਮੈਡਮ ਸਵਿਤਾ ਸਨ। ਫੈਂਸੀ ਡਰੈੱਸ ਮੁਕਾਬਲੇ ਦੇ ਵਿਸ਼ੇ ਭਾਰਤੀ ਲੀਡਰ ਤੇ ਭਾਰਤ ਦੀਆਂ ਮਸ਼ਹੂਰ ਸ਼ਖਸ਼ੀਅਤਾਂ ਸਨ। ਰੋਲ ਪਲੇ ਮੁਕਾਬਲੇ ਦੇ ਵਿਸ਼ੇ ਘਰੇਲੂ ਸਾਥੀ, ਸਿਹਤ ਸੁਰੱਖਿਆ ਤੇ ਮਰੀਜ਼, ਬਿਰਧ ਆਸ਼ਰਮ ਵਿੱਚ ਬੁੱਢੇ ਮਾਪੇ ਸਨ । ਮੁਕਾਬਲੇ ਵਿੱਚ ਦੋ ਵਰਗ ਸਨ। ਪਹਿਲੀ ਸ਼੍ਰੇਣੀ ਵਿੱਚ ( ਪਹਿਲੀ ਤੋਂ ਦੂਸਰੀ ) ਜਮਾਤ ਦੇ ਵਿਦਿਆਰਥੀ ਅਤੇ ਦੂਜੀ ਸ਼੍ਰੇਣੀ ਵਿੱਚ ( ਤੀਸਰੀ ਤੋਂ ਪੰਜਵੀਂ ) ਜਮਾਤ ਦੇ ਵਿਦਿਆਰਥੀ ਸ਼ਾਮਲ ਸਨ।(ਪਹਿਲੀ ਤੋਂ ਦੂਸਰੀ ) ਜਮਾਤ ਦੀ ਪਹਿਲੀ ਸ਼੍ਰੇਣੀ ਵਿੱਚ ਸ਼ਾਮਿਲ ਵਿਦਿਆਰਥੀ ਇਸ ਤਰ੍ਹਾਂ ਸਨ: ਹਾਰਵਰਡ ਹਾਊਸ: ਪ੍ਰਨਵ ਮੈਨੀ ਤੇ ਪ੍ਰਭਨੂਰ, ਸਟੈਨਫੋਰਡ ਹਾਊਸ: ਸਿਮਰਤ ਤੇ ਸਾਇਰਾ ਖਾਨ, ਕੈਂਬਰਿਜ ਹਾਊਸ : ਸੁਕ੍ਰਿਤ ਕੌਰ ਤੇ ਜਸਕੀਤ ਕੌਰ, ਆਕਸਫੋਰਡ ਹਾਊਸ :ਸ਼ਕਸ਼ਮ ਤੇ ਜੈਵਿਨ। ਮੁਕਾਬਲੇ ਦੇ ਪਹਿਲੇ ਪੜਾਅ ਵਿੱਚ ਸਟੈਨਫੋਰਡ ਪਹਿਲੇ, ਆਕਸਫੋਰਡ ਦੂਜੇ ਅਤੇ ਹਾਰਵਰਡ ਤੀਜੇ ਸਥਾਨ 'ਤੇ ਰਹੇ। ਮੁਕਾਬਲੇ ਦੇ ਦੂਜੇ ਪੜਾਅ ਵਿੱਚ ਸਟੈਨਫੋਰਡ ਪਹਿਲੇ, ਹਾਰਵਰਡ ਦੂਜੇ ਅਤੇ ਕੈਂਬਰਿਜ ਤੀਜੇ ਸਥਾਨ 'ਤੇ ਰਹੇ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਤੇ ਅੱਗੇ ਤੋਂ ਵੀ ਇਹੋ ਜਿਹੇ ਮੌਕਿਆਂ ਵਿੱਚ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਇਹੋ ਜਿਹੇ ਮੌਕੇ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਦੇ ਵਿੱਚ ਬਹੁਤ ਵੱਡੀ ਅਹਿਮ ਭੂਮਿਕਾ ਨਿਭਾਉਂਦੇ ਹਨ।

# ਰਿਆਤ ਬਾਹਰਾ 'ਵਰਸਿਟੀ ਵਿਖੇ ਡਿਸਪੈਂਸਿੰਗ ਆਪਟਿਕਸ 'ਤੇ ਵਰਕਸ਼ਾਪ



ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ) ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਦੇ ਆਪਟੋਮੈਟਰੀ ਵਿਭਾਗ ਵੱਲੋਂ ਕਾਰਲ ਜ਼ੀਸ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਾਲ ਡਿਸਪੈਂਸਿੰਗ ਆਪਟਿਕਸ' 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵਰਕਸ਼ਾਪ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਸਮੇਤ 25 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ।ਡਾ. ਪੰਕਜ ਕੌਲ, ਡੀਨ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਨੇ ਪਤਵੰਤਿਆਂ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਇਸ ਸਮਾਗਮ ਨੇ ਵਿਦਿਆਰਥੀਆਂ, ਫੈਕਲਟੀ ਅਤੇ ਉਦਯੋਗ ਦੇ ਪੇਸ਼ੇਵਰਾਂ ਨੂੰ ਇਕੱਠੇ ਕੀਤਾ, ਸਿੱਖਣ ਅਤੇ ਸਹਿਯੋਗ ਲਈ ਇੱਕ ਗਤੀਸ਼ੀਲ ਮਾਹੌਲ ਸਿਰਜਿਆ।ਇਸ ਮੌਕੇ ਭਾਗੀਦਾਰਾਂ ਨੂੰ ਆਪਟੋਮੈਟਰੀ ਵਿੱਚ ਨਵੀਨਤਮ ਤਰੱਕੀ ਬਾਰੇ ਜਾਣਕਾਰੀ ਮਿਲੀ ਅਤੇ ਕਾਰਲ ਜ਼ੀਸ ਦੁਆਰਾ ਪ੍ਰਦਾਨ ਕੀਤੇ ਗਏ ਅਤਿ-ਆਧੁਨਿਕ ਉਪਕਰਨਾਂ ਦੀ ਵਰਤੋਂ ਕਰਕੇ ਵਿਹਾਰਕ ਅਨੁਭਵ ਪ੍ਰਾਪਤ ਕੀਤਾ ਗਿਆ।ਅਕਾਦਮਿਕ ਮਾਮਲਿਆਂ ਦੇ ਡੀਨ ਡਾ. ਐਸ ਕੇ ਬਾਂਸਲ ਨੇ ਵਰਕਸ਼ਾਪ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਇਹ ਵਰਕਸ਼ਾਪ ਅਕਾਦਮਿਕ ਗਿਆਨ ਅਤੇ ਉਦਯੋਗ ਦੀ ਮੁਹਾਰਤ ਵਿਚਕਾਰ ਪਾੜੇ ਨੂੰ ਖਤਮ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਦਰਸਾਉਂਦੀ ਹੈ ਅਤੇ ਓਪਟੋਮੈਟਰੀ ਦੇ ਵਿਦਿਆਰਥੀਆਂ ਨੂੰ ਡਿਸਪੈਂਸਿੰਗ ਅਭਿਆਸਾਂ ਵਿੱਚ ਬੇਮਿਸਾਲ ਸਿਖਲਾਈ ਪ੍ਰਦਾਨ ਕਰਦੀ ਹੈ।ਇਸ ਦੌਰਾਨ ਵਿਦਿਆਰਥੀਆਂ ਨੂੰ ਅਭਿਆਸ ਵਿੱਚ ਸਹਾਇਤਾ ਕਰਨ ਲਈ ਜ਼ਰੂਰੀ ਔਜ਼ਾਰਾਂ ਨਾਲ ਲੈਸ ਕਾਰਲ ਜ਼ੀਸ ਆਪਟੋਮੈਟਰੀ ਕਿੱਟ, ਪੇਸ਼ ਕੀਤੀ ਗਈ।

ਵਰਕਸ਼ਾਪ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਕਾਰਲ ਜ਼ੀਸ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਰਿਆਤ ਬਾਹਰਾ ਯੂਨੀਵਰਸਿਟੀ (ਆਰਬੀਯੂ) ਵਿਚਕਾਰ ਇੱਕ ਆਗਾਮੀ ਐਮਓਯੂ ਦੀ ਘੋਸ਼ਣਾ ਸੀ। ਇਸ ਰਣਨੀਤਕ ਗੱਠਜੋੜ ਦਾ ਉਦੇਸ਼ ਮੁਕਾਬਲੇ ਵਾਲੇ ਵਜ਼ੀਫ਼ਿਆਂ ਦੇ ਨਾਲ ਇੰਟਰਨਸ਼ਿਪ ਦੇ ਮੌਕਿਆਂ ਦੀ ਪੇਸ਼ਕਸ਼ ਕਰਕੇ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਸੁਰੱਖਿਅਤ ਪਲੇਸਮੈਂਟਾਂ ਨੂੰ ਯਕੀਨੀ ਬਣਾ ਕੇ ਆਪਟੋਮੈਟਰੀ ਦੇ ਵਿਦਿਆਰਥੀਆਂ ਦੇ ਵਿਦਿਅਕ ਅਨੁਭਵ ਨੂੰ ਹੋਰ ਵਧੀਆ ਕਰਨਾ ਹੈ।ਸਮਾਗਮ ਦੇ ਅੰਤ ਵਿੱਚ ਅਲਪਾ ਆਨੰਦ, ਅਸਿਸਟੈਂਟ ਪ੍ਰੋਫੈਸਰ ਔਪਟੋਮੈਟਰੀ ਵਿਭਾਗ ਨੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ ਪਰਵਿੰਦਰ ਸਿੰਘ, ਡੀਨ ਅਕਾਦਮਿਕ ਮਾਮਲੇ, ਡਾ ਐਸ ਕੇ ਬਾਂਸਲ ਦਾ ਸਹਿਯੋਗ ਲਈ ਧੰਨਵਾਦ ਕੀਤਾ।

# ਮਾਤਾ ਚਿੰਤਪੁਰਨੀ ਮੇਲੇ ਨੂੰ ਸੁਚਾਰੂ ਬਣਾਉਣ 'ਚ ਸਮਾਜਿਕ ਸੰਗਠਨ ਕਰਨ ਪ੍ਰਸ਼ਾਸਨ ਨੂੰ ਸਹਿਯੋਗ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

5 ਅਗਸਤ ਤੋਂ ਲੱਗਣ ਵਾਲੇ ਮਾਤਾ ਚਿੰਤਪੁਰਨੀ ਦੇ ਮੇਲੇ ਦੇ ਪ੍ਰਬੰਧਾਂ ਨੂੰ ਲੈ ਕੇ ਕੈਬਨਿਟ ਮੰਤਰੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ, ਲੰਗਰ ਕਮੇਟੀਆਂ ਅਤੇ ਸਮਾਜਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕੀਤੀ।ਇਸ ਦੌਰਾਨ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ ਐਸ ਪੀ ਸੁਰੇਂਦਰ ਲਾਂਬਾ ਵੀ ਵਿਸ਼ੇਸ਼ ਤੌਰਾ 'ਤੇ ਮੌਜੂਦ ਸਨ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸਾਰੇ ਵਿਭਾਗਾਂ ਨੂੰ ਮੇਲੇ ਦੇ ਪ੍ਰਬੰਧਾਂ ਨੂੰ ਲੈ ਕੇ ਕਮਰ ਕੱਸ ਲੈਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਕਿਹਾ ਕਿ ਲੰਗਰ ਕਮੇਟੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਦੇ ਬਿਨਾਂ ਮਾਤਾ ਚਿੰਤਪੁਰਨੀ ਦੇ ਮੇਲੇ ਦੇ ਪ੍ਰਬੰਧਾਂ ਨੂੰ ਸੁਚਾਰੂ ਰੂਪ ਨਾਲ ਨਹੀਂ ਚਲਾਇਆ ਜਾ ਸਕਦਾ। ਇਸ ਲਈ ਲੰਗਰ ਕਮੇਟੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਵੀ ਵਿਸ਼ੇਸ਼ ਜ਼ਰੂਰਤ ਹੈ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮਾਤਾ ਚਿੰਤਪੁਰਨੀ ਮੇਲੇ ਵਿਚ ਲੰਗਰ ਲਗਾਉਣ ਦੌਰਾਨ ਸਫ਼ਾਈ ਵਿਵਸਥਾ ਬਰਕਰਾਰ ਰੱਖਣੀ ਵੀ ਯਕੀਨੀ ਬਣਾਈ ਜਾਵੇ, ਤਾਂ ਜੋ ਵਾਤਾਵਰਨ ਦੂਸ਼ਿਤ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੰਸਥਾਵਾਂ ਦਾ ਆਪਸੀ ਤਾਲਮੇਲ ਬਹੁਤ ਜ਼ਰੂਰੀ ਹੈ, ਤਾਂ ਜੋ ਸਾਂਝੇ ਯਤਨਾਂ ਨਾਲ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਨਿਰਵਿਘਨ ਆਵਾਜਾਈ ਲਈ ਸੰਸਥਾਵਾਂ ਵੱਲੋਂ ਸੜਕ 'ਤੇ ਆ ਕੇ ਲੰਗਰ ਨਾ ਵੰਡਿਆ ਜਾਵੇ ਅਤੇ ਲੰਗਰ ਦੌਰਾਨ ਪਲਾਸਟਿਕ (ਜੋ ਬੈਨ ਹੋ ਚੁੱਕਾ ਹੈ) ਦਾ ਪ੍ਰਯੋਗ ਨਾ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਲੰਗਰ ਕਮੇਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇੰਤਜ਼ਾਮਾਂ ਨੂੰ ਸੁਚਾਰੂ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੁਝ ਤਿਆਰੀਆਂ ਕੀਤੀਆਂ ਗਈਆਂ ਹਨ, ਜਿਸ ਵਿਚ ਲੰਗਰ ਕਮੇਟੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੰਗਰ ਲਗਾਉਣ, ਲਾਊਡ ਸਪੀਕਰ ਲਈ ਲੰਗਰ ਕਮੇਟੀਆਂ ਐਸ.ਡੀ.ਐਮ ਦਫ਼ਤਰ ਵਿਚ ਬੇਨਤੀ ਪੱਤਰ ਜ਼ਰੂਰ ਦੇਣ, ਤਾਂ ਜੋ ਪ੍ਰਸ਼ਾਸਨ ਨੂੰ ਇਹ ਪਤਾ ਲੱਗ ਸਕੇ ਕਿ ਕਿਸ ਕਮੇਟੀ ਨੇ ਕਿਥੇ ਲੰਗਰ ਲਗਾਇਆ ਹੈ। ਇਸ ਤਰ੍ਹਾਂ ਕਰਨ ਨਾਲ ਟ੍ਰੈਫਿਕ ਸਮੱਸਿਆ ਅਤੇ ਹੋਰ ਕਿਸੇ ਤਰ੍ਹਾਂ ਦੀ ਸਮੱਸਿਆ ਆਉਣ 'ਤੇ ਸਬੰਧਤ ਅਧਿਕਾਰੀ ਲੰਗਰ ਕਮੇਟੀ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ, ਪ੍ਰਦੂਸ਼ਣ, ਨਗਰ ਨਿਗਮ, ਟਰਾਂਸਪੋਰਟ, ਲੋਕ ਨਿਰਮਾਣ, ਬਿਜਲੀ, ਰੋਡਵੇਜ਼ ਅਤੇ ਹੋਰ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਸਾਰੇ ਪ੍ਰਬੰਧ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਹੋ ਜਾਣੇ ਚਾਹੀਦੇ ਹਨ। ਉਨ੍ਹਾਂ ਲੰਗਰ ਕਮੇਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਿੰਗਲ ਯੂਜ਼ ਪਲਾਸਟਿਕ ਦਾ ਪ੍ਰਯੋਗ ਨਾ ਕਰਨ ਅਤੇ ਯਕੀਨੀ ਬਣਾਉਣ ਕਿ ਉਨ੍ਹਾਂ ਵੱਲੋਂ ਦਿੱਤਾ ਗਿਆ ਖਾਣਾ ਅਤੇ ਪਾਣੀ ਸ਼ੁੱਧ ਹਨ। ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਮੇਲੇ ਤੋਂ ਪਹਿਲਾਂ ਹਸਪਤਾਲ ਵਿਚ ਦਵਾਈਆਂ ਅਤੇ ਹੋਰ ਸੁਵਿਧਾਵਾਂ ਨੂੰ ਉਹ ਪੂਰਾ ਕਰ ਲੈਣ, ਤਾਂ ਜੋ ਕਿਸੇ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਜਿਥੇ ਨਗਰ ਨਿਗਮ ਨੂੰ ਸਟਰੀਟ ਲਾਈਟਾਂ, ਸਾਫ-ਸਫਾਈ ਆਦਿ ਅਤੇ ਪਬਲਿਕ ਹੈਲਥ ਨੂੰ ਮੋਬਾਇਲ ਟੋਆਇਲਟ ਦੀ ਵਿਵਸਥਾ ਨੂੰ ਦਰੁਸਤ ਬਣਾਉਣ ਦੇ ਨਿਰਦੇਸ਼ ਦਿੱਤੇ, ਉਥੇ ਲੋਕ ਨਿਰਮਾਣ ਵਿਭਾਗ ਨੂੰ ਜਿਥੇ ਸੜਕਾਂ ਖ਼ਰਾਬ ਹਨ, ਉਨ੍ਹਾਂ ਦੀ ਮੁਰੰਮਤ ਕਰਵਾਉਣ ਲਈ ਕਿਹਾ ਗਿਆ।

ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਕਿਹਾ ਕਿ ਲੰਗਰ ਕਮੇਟੀਆਂ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣ ਵਿਚ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਦੇ ਅਧਿਕਾਰੀ ਅਤੇ ਕਰਮਚਾਰੀ 24 ਘੰਟੇ ਚਿੰਤਪੁਰਨੀ ਰੋਡ 'ਤੇ ਤਾਇਨਾਤ ਰਹਿਣਗੇ, ਤਾਂ ਜੋ ਸ਼ਰਧਾਲੂਆਂ ਨੂੰ ਕੋਈ ਦਿੱਕਤ ਨਾ ਆਵੇ। ਲੰਗਰ ਕਮੇਟੀਆਂ ਦੇ ਪ੍ਰਤੀਨਿਧੀਆਂ ਨੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਮੇਲੇ ਦੌਰਾਨ ਕੁਝ ਲੋਕ ਡੀ.ਜੇ ਦੇ ਨਾਂਅ 'ਤੇ ਅਸ਼ਲੀਲ ਗਾਣੇ ਚਲਾਉਂਦੇ ਹਨ, ਇਸ ਤਰ੍ਹਾਂ ਦੇ ਲੋਕਾਂ ਦੇ ਡੀ ਜੇ ਨੂੰ ਤੁਰੰਤ ਜ਼ਬਤ ਕੀਤਾ ਜਾਵੇ ਅਤੇ ਪ੍ਰਸ਼ਾਸਨ ਧਿਆਨ ਦੇਵੇ ਕਿ ਇਸ ਤਰ੍ਹਾਂ ਦਾ ਡੀ ਜੇ ਚੱਲੇ ਹੀ ਨਾ।

## ਹਲਕਾ ਮਜੀਠਾ ਵਿਕਾਸ ਪੱਖੋਂ ਮੋਹਰੀ ਹੋਵੇਗਾ : ਜੱਗਾ ਮਜੀਠਾ



**ਮਜੀਠਾ (ਸੋਇਮ ਆਨੰਦ)**- ਹਲਕਾ ਮਜੀਠਾ 'ਚ ਬਹੁ ਪੱਖੀ ਵਿਕਾਸ ਕਰਵਾਉਣਾ ਮੇਰੀ ਪਹਿਲੀ ਤਰਜੀਹ ਹੋਵੇਗੀ ਤੇ ਪਿੰਡਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਤੋਂ ਇਲਾਵਾ ਲੋਕਾਂ ਨੂੰ ਮਿਲਦੀਆਂ ਸਰਕਾਰੀ ਸਹੂਲਤਾਂ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇਗਾ ।ਇਹ ਪ੍ਰਗਟਾਵਾ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ ।

ਉਨ੍ਹਾਂ ਅੱਗੇ ਕਿਹਾ ਕਿ ਕਸਬਾ ਮਜੀਠਾ ਤੇ ਹਲਕੇ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਪੂਰਾ ਸਨਮਾਨ ਬਣਾ ਕੇ ਰੱਖਿਆ ਜਾਵੇਗਾ ।ਉਨ੍ਹਾਂ ਕਿਹਾ ਕੇ ਰਵਾਇਤੀ ਪਾਰਟੀਆਂ ਦੇ ਆਗੂਆਂ ਵਲੋਂ ਹਲਕੇ ਅੰਦਰ ਵਿਕਾਸ ਕਰਨ ਦੀ ਬਜਾਏ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਗਈ।ਅੱਜ ਸੂਬੇ ਦੇ ਲੋਕਾਂ ਦਾ ਰਵਾਇਤੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਾ ਹੈ। ਉਨ੍ਹਾਂ ਅਖੀਰ 'ਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਹਰੇਕ ਵਰਗ ਦੇ ਲੋਕਾਂ ਲਈ ਇਤਿਹਾਸਿਕ ਫੈਸਲੇ ਲਏ ਗਏ ਹਨ ਜਿਸ ਸਦਕਾ ਅੱਜ ਧੜਾਧੜ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ।ਪੰਜਾਬ ਸਰਕਾਰ ਵਲੋਂ ਸਿੱਖਿਆ, ਸਿਹਤ, ਬਿਜਲੀ, ਖੇਡਾਂ, ਖੇਤੀਬਾੜੀ ਅਤੇ ਕਿਸਾਨੀ ਸਮੇਤ ਹਰੇਕ ਵਰਗ ਦੇ ਲੋਕਾਂ ਲਈ ਨੀਤੀਆਂ ਬਣਾ ਕੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਪੀ. ਏ. ਬਚਿੱਤਰ ਸਿੰਘ ਲਾਲੀ ਢਿੰਗ ਨੰਗਲ, ਬਿੱਟਾ ਰੰਗੀਲਪੁਰ, ਤਰਸੇਮ ਸਿੰਘ, ਸੁੱਚਾ ਸਿੰਘ ਸਰਪੰਚ, ਰੇਸ਼ਮ ਸਿੰਘ, ਬਾਊ ਕੋਟਲਾ ਗੁੱਜਰਾਂ, ਬਿੱਲਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨੈਸ਼ਨਲ ਹਾਈਵੇ ਪ੍ਰੋਜੈਕਟਾਂ ਵੱਲ ਪੰਜਾਬ ਸਰਕਾਰ ਦਾ ਧਿਆਨ ਨਹੀਂ : ਬਾਲੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਕਿਹਾ ਕਿ ਪੰਜਾਬ 'ਚ ਵੱਡੇ-ਵੱਡੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਨੂੰ ਕਿਸ ਤਰ੍ਹਾਂ ਪੰਜਾਬ ਦੀ ਫਿਕਰ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਦੇ ਚੇਅਰਮੈਨ ਸੰਤੋਸ਼ ਕੁਮਾਰ ਯਾਦਵ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਆਪਣੀ ਨਰਾਜ਼ਗੀ ਜਿਤਾਉਂਦੇ ਹੋਏ ਕਿਹਾ ਕਿ ਭੂਮੀ ਗ੍ਰਹਿਣ ਦੇ ਕਾਰਨ ਹੁਸ਼ਿਆਰਪੁਰ-ਊਨਾ ਸਹਿਤ 3300 ਕਰੋੜ ਪ੍ਰੋਜੈਕਟ ਰੱਦ ਕਰ ਦਿੱਤੇ ਗਏ ਹਨ। ਅੰਮ੍ਰਿਤਸਰ-ਟਾਂਡਾ ਹਾਈਵੇ, ਲੁਧਿਆਣਾ-ਬਠਿੰਡਾ ਹਾਈਵੇ, ਲੁਧਿਆਣਾ ਬਾਈਪਾਸ ਜਿੱਥੇ 148.67 ਕਿਲੋਮੀਟਰ ਹਾਈਵੇ ਬਣਨਾ ਸੀ, ਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਪੰਜਾਬ 'ਚ 3700 ਕਰੋੜ ਦੇ ਕੰਮ ਲਈ ਬਿਨਾਂ ਕਿਸੀ ਵਜੈ ਦੇਰੀ ਕੀਤੀ ਜਾ ਰਹੀ ਹੈ। ਭੂਮੀ ਗ੍ਰਹਿਣ ਦਾ ਕੰਮ ਪੂਰਾ ਨਹੀਂ ਹੋ ਰਿਹਾ। ਸਮੇਂ 'ਤੇ ਭੂਮੀ ਗ੍ਰਹਿਣ ਨਾ ਹੋਇਆ ਤਾਂ 48,42 ਕਰੋੜ ਦੇ ਪ੍ਰੋਜੈਕਟ ਬੰਦ ਹੋ ਜਾਣਗੇ। ਪੰਜਾਬ ਦੇ ਅਧਿਕਾਰੀਆਂ ਨੇ 100 ਪ੍ਰਤੀਸ਼ਤ ਭੂਮੀ (ਐਨ ਐਚ ਏ ਆਈ) ਨੂੰ ਨਹੀਂ ਦਿੱਤੀ ਜੋ 2021 ਨੂੰ ਪੰਜਾਬ ਸਰਕਾਰ ਨੂੰ ਦਿੱਤਾ ਗਿਆ ਸੀ। ਭੂਮੀ ਗ੍ਰਹਿਣ ਸਮੇਂ ਤੇ ਨਾ ਹੋਣ ਦੇ ਕਾਰਨ ਠੇਕੇਦਾਰਾਂ ਨੇ ਹੱਥ ਖੜ੍ਹੇ ਕਰ ਦਿੱਤੇ ਹਨ। ਭੂਮੀ ਗ੍ਰਹਿਣ ਜਲਦੀ ਤੋਂ ਜਲਦੀ ਕਰਕੇ (ਐਨ ਐਚ ਏ ਆਈ) ਨੂੰ ਸੌਂਪਿਆ ਜਾਵੇ। ਇਸ ਮੌਕੇ ਸੰਧਿਆ ਦੇਵੀ, ਪ੍ਰਵੀਨ ਕੁਮਾਰੀ, ਬਲਵੀਰ ਕੌਰ, ਨੀਟਾ, ਪ੍ਰਵੀਨ ਕੁਮਾਰ, ਰਾਜਕੁਮਾਰ ਆਦਿ ਮੌਜੂਦ ਸਨ।

# 'ਪੈਸੇ ਦੀ ਲੱਗੀ ਅੰਨ੍ਹੀ ਦੌੜ 'ਚ ਮਨੁੱਖ ਆਪਣੇ ਆਪ ਨੂੰ ਜਿਉਣਾ ਭੁੱਲ ਗਿਆ'



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਵਾਤਾਵਰਣ ਨੂੰ ਸਾਫ ਸੁਥਰਾ ਅਤੇ ਧਰਤੀ ਹਰਾ ਭਰਾ ਰੱਖਣ ਦੇ ਮੰਤਵ ਨਾਲ ਭਾਰਤੀ ਜੀਵਨ ਬੀਮਾ ਸ਼ਾਖਾ ਪੱਟੀ ਵੱਲੋਂ ਬਰਾਂਚ ਮੈਨੇਜਰ ਕੁਲਦੀਪ ਸਿੰਘ ਹੀਰਾ ਦੀ ਅਗਵਾਈ ਹੇਠ ਸਟਾਫ ਵੱਲੋਂ ਸਥਾਨਕ ਸ਼ਹਿਰ ਅੰਦਰ ਬਣੇ ਸਟੇਡੀਅਮ 'ਚ ਛਾਂਦਾਰ ਤੇ ਫਲਦਾਰ ਬੂਟੇ ਲਗਾਏ ਗਏ। ਕੁਲਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਰੁੱਖ ਤੇ ਮਨੁੱਖ ਦਾ ਅਟੁੱਟ ਰਿਸ਼ਤਾ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿਚ ਪੈਸੇ ਦੀ ਲੱਗੀ ਅੰਨ੍ਹੀ ਦੌੜ ਵਿਚ ਮਨੁੱਖ ਆਪਣੇ ਆਪ ਨੂੰ ਜਿਉਣਾ ਭੁੱਲ ਗਿਆ। ਉਨ੍ਹਾ ਦੱਸਿਆ ਕਿ ਅਬਾਦੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਰੁੱਖਾਂ ਦੀ ਗਿਣਤੀ ਲਗਾਤਾਰ ਘਟ ਰਹੀ ਚਿੰਤਾ ਦਾ ਵਿਸ਼ਾ ਹੈ, ਜਿਸ ਕਾਰਨ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ। ਵਾਤਾਵਰਣ ਦੇ ਵਿਗੜਦੇ ਸੰਤੁਲਨ ਨਾਲ ਅੱਤ ਦੀ ਗਰਮੀ ਅਤੇ ਅੱਤ ਦੀ ਸਰਦੀ ਪੈਣ ਕਾਰਨ ਜਿਥੇ ਮਨੁੱਖ ਦਾ ਜੀਣਾ ਮੁਸ਼ਕਲ ਹੋਇਆ ਉਥੇ ਪੰਛੀਆਂ ਦੇ ਰਹਿਣ ਬਸੇਰੇ ਨਾ ਹੋਣ ਕਾਰਨ ਅਨੇਕਾਂ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ। ਤਾਪਮਾਨ ਦੇ ਲਗਾਤਾਰ ਵਾਧੇ ਨਾਲ ਗਲੇਸ਼ੀਅਰ ਪਿਘਲ ਰਿਹਾ ਹੈ। ਪ੍ਰਸ਼ਾਸਨਿਕ ਅਧਿਕਾਰੀ ਰਵੀਕਾਰ ਤੇ ਡਿਵੈਲਪਮੈਂਟ ਅਫਸਰ ਸਰਬਜੋਤ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਸ ਦੇ ਜਵਾਨ ਹੋਣ ਤੱਕ ਸਾਨੂੰ ਉਸ ਦੀ ਦੇਖਭਾਲ ਕਰਨੀ ਵੀ ਬਣਦੀ ਹੈ।

ਇਸ ਮੌਕੇ ਕਪਿਲ ਦੇਵ, ਸਰੇਸ਼ ਕੁਮਾਰ, ਸ਼ਕਤੀ ਸੰਧੂ, ਬਲਵੰਤ ਰਾਏ, ਜਸਵੰਤ ਸਿੰਘ ਆਦਿ ਹਾਜ਼ਰ ਸਨ।

ਅਜਨਾਲਾ ਦੇ ਸਾਬਕਾ ਪ੍ਰਧਾਨ ਤੇ ਕੌਂਸਲਰ ਦੀਪਕ ਕੁਮਾਰ ਅਰੋੜਾ, ਦਿਲਬਾਗ ਸਿੰਘ ਸਿਰਸਾ ਹਾਰਡਵੇਅਰ ਅਜਨਾਲਾ ਵਾਲੇ, ਸਾਬਕਾ ਡਾਇਰੈਕਟਰ ਰੋਹਿਤ ਪੁਰੀ, ਲੱਕੀ ਅਜਨਾਲਾ, ਸੀਨੀਅਰ ਕਾਂਗਰਸੀ ਆਗੂ ਅਮਰਬੀਰ ਸਿੰਘ ਬੱਲ, ਦਰਸ਼ਨ ਕੁਮਾਰ, ਐਡਵੋਕੇਟ ਸੁਨੀਲ ਪਾਲ ਸਿੰਘ, ਸੋਨੂੰ ਸ਼ਾਹ ਅਜਨਾਲਾ, ਬਬਲੂ ਸ਼ਾਹ ਅਜਨਾਲਾ, ਨੀਰਜ ਕੁਮਾਰ, ਅਰੁਣ ਕੁਮਾਰ, ਮਨੀਸ਼ ਅਜਨਾਲਾ, ਦਾਨਿਸ਼ ਕੁਮਾਰ,ਆਦਿ ਹਾਜ਼ਰ ਸਨ।

## ਮਲਵਿੰਦਰ ਕੰਗ ਬਲਾਚੌਰ 'ਚ ਵੋਟਰਾਂ ਦਾ ਅੱਜ ਕਰਨਗੇ ਧੰਨਵਾਦ



**ਬਲਾਚੌਰ, ( ਜਸਵਿੰਦਰ ਬੈਂਸ)** ਸੈਣੀ ਪੈਲੇਸ ਭੱਦੀ ਰੋਡ ਬਲਾਚੌਰ ਵਿਖੇ ਠੀਕ ਸਵੇਰੇ ਦਸ ਵਜੇ ਸ਼ਨੀਵਾਰ ਨੂੰ ਮਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਤੇ ਚੀਫ ਸਪੋਕਸਪਰਸਨ ਪੰਜਾਬ ਵਿਸ਼ੇਸ਼ ਤੌਰ ਤੇ ਹਲਕਾ ਬਲਾਚੌਰ ਦੇ ਵੋਟਰਾਂ, ਸਪੋਰਟਰ, ਅਹੁਦੇਦਾਰਾਂ ਤੇ ਪਾਰਟੀ ਦੀ ਰੀੜ੍ਹ ਦੀ ਹੱਡੀ ਵਲੰਟੀਅਰਾਂ ਦਾ ਉਹਨਾਂ ਨੂੰ ਚੋਣਾਂ ਜਿਤਾਉਣ ਲਈ ਕੀਤੇ ਗਏ ਵਡਮੁੱਲੇ ਯੋਗਦਾਨ ਦਾ ਧੰਨਵਾਦ ਕਰਨ ਲਈ ਪਹੁੰਚ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਕਰਦਿਆਂ ਕਿਹਾ ਕਿ ਸਾਰੇ ਬਲਾਚੌਰ ਹਲਕੇ ਦੇ ਸੂਝਵਾਨ ਵੋਟਰਾਂ ਤੇ ਨਾਗਰਿਕਾਂ ਨੂੰ ਅਪੀਲ ਹੈ ਕਿ ਉਹ ਹੁੰਮਹੁਮਾ ਕੇ ਸੈਣੀ ਪੈਲੇਸ ਵਿਖੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰੋ।

# ਮਾਮਲਾ ਐੱਸ ਸੀ ਵਿਦਿਆਰਥੀਆਂ ਕੋਲੋਂ ਲਈਆਂ ਜਾ ਰਹੀਆਂ ਫੀਸਾਂ ਸੰਬੰਧੀ ਡੀ ਸੀ ਨੂੰ ਮੰਗ ਪੱਤਰ



**ਬੰਗਾ, ਨਵਾਂਸ਼ਹਿਰ (ਅਵਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਅੱਜ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਬਾਬਾ ਬਲਰਾਜ ਕੌਂਸਟੀਚਿਊਟ ਕਾਲਜ ਬਲਾਚੌਰ ਦੇ ਦਲਿਤ ਵਿਦਿਆਰਥੀਆਂ ਅਤੇ ਮਾਪਿਆਂ ਨੇ ਕਾਲਜ ਵੱਲੋਂ ਲਾਈਆਂ ਜਾ ਰਹੀਆਂ ਨੀ ਫੀਸਾਂ ਦੇ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਪੰਜਾਬ ਯੂਨੀਵਰਸਿਟੀ ਨੇ ਕੇਂਦਰ ਸਰਕਾਰ ਅਤੇ ਮਾਨਯੋਗ ਹਰਿਆਣਾ ਹਾਈਕੋਰਟ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਛੇ ਕੌਂਸਟੀਚਿਊਟ ਕਾਲਜਾਂ ਦੇ ਵਿੱਚ ਐਸ ਸੀ ਵਿਦਿਆਰਥੀਆਂ ਕੋਲੋਂ ਫੀਸਾਂ ਵਸੂਲਣ ਦਾ ਹੁਕਮ ਚਾੜ੍ਹ ਦਿੱਤਾ।ਕੇਂਦਰ ਸਰਕਾਰ ਅਤੇ ਮਾਨਯੋਗ ਹਰਿਆਣਾ ਹਾਈਕੋਰਟ ਦੇ ਨੀਵਾਂ ਦੇ ਅਨੁਸਾਰ ਕਿਸੇ ਵੀ ਐਸੀ ਵਿਦਿਆਰਥੀ ਕੋਲੋਂ ਦਾਖਲੇ ਸਮੇਂ ਨਾ ਮੋੜਨ ਯੋਗ ਫੀਸ ਵਸੂਲੀ ਨਹੀਂ ਜਾ ਸਕਦੀ, ਪਰ ਫਿਰ ਵੀ ਪੰਜਾਬ ਯੂਨੀਵਰਸਿਟੀ ਸ਼ਰੇਆਮ ਇਹਨਾਂ ਨਿਯਮਾਂ ਨੂੰ ਛਿੱਕੇ ਟੰਗ ਰਹੀ।ਦਲਿਤ ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਦੀ ਪੋਸਟ ਮੈਟਰਿਕ ਸਕਾਲਰ ਸਕੀਮ ਨੂੰ ਬਾਬਾ ਬਲਰਾਜ ਕੌਂਸਟੀਚਿਊਟ ਕਾਲਜ ਬਲਾਚੌਰ ਸਮੇਤ ਜ਼ਿਲ੍ਹੇ ਦੀਆਂ ਹੋਰ ਵਿਦਿਅਕ ਸੰਸਥਾਵਾਂ ਦੇ ਵਿੱਚ ਲਾਗੂ ਲਾਗੂ ਕਰਕੇ ਇਨਸਾਫ ਦਿੱਤਾ ਜਾਵੇ।ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਧਰਮਕੋਟ, ਜਿਲ੍ਹਾ ਆਗੂ ਗੁਰ ਸਿਮਰਨਜੀਤ ਸਿੰਘ ਅਤੇ ਆਈ ਟੀ ਆਈ ਦੇ ਪ੍ਰਧਾਨ ਅਸ਼ਵਰੀ ਕੁਮਾਰ ਨੇ ਕਿਹਾ ਕਿ ਜੇਕਰ ਦਲਿਤ ਵਿਦਿਆਰਥੀਆਂ ਨੂੰ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਤਹਿਤ ਬਿਨਾਂ ਫੀਸ ਦਾਖਲਾ ਨਹੀਂ ਦਿੱਤਾ ਜਾਂਦਾ ਤਾਂ ਉਹ ਜ਼ਿਲ੍ਹੇ ਦੇ ਪ੍ਰਸ਼ਾਸਨ ਦੇ ਖਿਲਾਫ ਤਿੱਖਾ ਸੰਘਰਸ਼ ਕਰਨਗੇ।ਇਸ ਮੌਕੇ ਵਿਦਿਆਰਥੀ ਤਰਿਸ਼ਾ, ਮੁਸਕਾਨ, ਸ਼ਾਈਨਾ ਮੋਮ, ਮੁਸਕਾਨ ਮੋਮ, ਦੇਸਰਾਜ, ਦਇਆ ਰਾਮ, ਸੌਰਵ ਕੁਮਾਰ, ਗੁਰਪ੍ਰੀਤ ਸਿੰਘ, ਯੁਵਰਾਜ ਸਿੰਘ, ਗਗਨਦੀਪ ਸਿੰਘ ਆਦਿ ਮੌਜੂਦ ਸਨ।



ਸਿਵਲ ਸਰਜਨ ਡਾ. ਸੁਮੀਤ ਸਿੰਘ ਅਤੇ ਐੱਸ ਐੱਮ ਓ ਡਾ. ਸਤਨਾਮ ਸਿੰਘ ਗਿੱਲ ਦੀ ਯੋਗ ਅਗਵਾਈ ਵਿੱਚ ਵਾਤਾਵਰਣ ਦੀ ਸ਼ੁੱਧਤਾ ਲਈ ਰੁੱਖ ਲਾਉ ਅਭਿਆਨ ਤਹਿਤ ਸਿਹਤ ਵਿਭਾਗ ਪੀ ਐੱਚ ਸੀ ਥਰੀਏਵਾਲ ਦੀ ਟੀਮ ਪੀਐੱਚਸੀ ਥਰੀਏਵਾਲ ਵਿਖੇ ਰੁੱਖ਼ ਲਗਾਉਂਦੇ ਹੋਏ।ਇਸ ਮੌਕੇ ਡਾ. ਮਨਅਰਪਨ ਕੌਰ, ਡਾ. ਕਨਿਕਾ ਮਹਾਜਨ, ਅਮਨਪਾਲ ਸਿੰਘ, ਐੱਸ. ਆਈ. ਸਾਹਿਲ ਮੱਟੂ, ਪ੍ਰਤਾਪ ਸਿੰਘ, ਪਲਵਿੰਦਰ ਕੌਰ, ਰਜਿੰਦਰ ਕੁਮਾਰ, ਮੁਲਖ ਰਾਜ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ-ਹਰਜਿੰਦਰ ਸਿੰਘ ਸੋਨੀ, ਝਬਾਲ)

# ਅਕਾਲੀ ਦਲ (ਬਾਦਲ) ਸਿਆਸੀ ਤੌਰ 'ਤੇ ਖਤਮ ਹੁੰਦਾ ਜਾ ਰਿਹਾ : ਚੰਨੀ





ਸੰਬੋਧਨ ਕਰਦੇ ਚਰਨਜੀਤ ਸਿੰਘ ਚੰਨੀ ਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ

ਸ਼ਾਹਕੋਟ (ਗਿਆਨ ਸੈਦਪੁਰੀ) ਸ਼ੁੱਕਰਵਾਰ ਨੂੰ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਹੁਣੇ ਜਿਹੇ ਬਣੇ ਐਮ ਪੀ ਚਰਨਜੀਤ ਸਿੰਘ ਚੰਨੀ ਖੈਹਿਰਾ ਰਿਜ਼ੋਰਟ ਮਲਸੀਆਂ ਪਹੁੰਚੇ।ਵੋਟਰਾਂ ਤੇ ਸਮਰਥਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਮੌਜੂਦਾ ਪੰਜਾਬ ਸਰਕਾਰ ਦੇ ਕੰਮਾਂ ਦਾ ਲੇਖਾ ਜੋਖਾ ਵੀ ਲੋਕਾਂ ਦੇ ਸਾਹਮਣੇ ਰੱਖਿਆ, ਅਕਾਲੀ ਦਲ ( ਬਾਦਲ) ਦੀ ਦਿਨੋ ਦਿਨ ਪਤਲੀ ਹੁੰਦੀ ਜਾ ਰਹੀ ਸਿਆਸੀ ਹਾਲਤ ਦੀ ਵੀ ਗੱਲ ਕੀਤੀ।ਉਨ੍ਹਾਂ ਨੇ ਹਲਕੇ ਦੇ ਵਿਕਾਸ ਲਈ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੱਲੋਂ ਰੱਖੀਆਂ ਮੰਗਾਂ ਪੂਰੀਆਂ ਕਰਾਉਣ ਦਾ ਭਰੋਸਾ ਦਿੱਤਾ।ਉਹਨਾਂ ਇਹ ਵੀ ਵਿਸ਼ਵਾਸ ਦਵਾਇਆ ਕਿ ਉਹ ਆਪਣੀ ਰਿਹਾਇਸ਼ ਜਲੰਧਰ ਹੀ ਰੱਖਣਗੇ ਤੇ ਸ਼ਾਹਕੋਟ ਦੇ ਲੋਕ ਜਦੋਂ ਵੀ ਬੁਲਾਉਣਗੇ ਉਹ ਹਾਜ਼ਰ ਹੋਣਗੇ।ਉਹਨਾਂ ਆਪਣੀ ਕੰਮ ਕਰਨ ਦੀ ਸਮਰੱਥਾ ਵੀ ਆਪਣੇ ਵੋਟਰਾਂ ਨੂੰ ਦੱਸੀ।ਉਨ੍ਹਾਂ ਕਿਹਾ ਕਿ ਅਕਾਲੀ ਦਲ (ਬਾਦਲ) ਸਿਆਸੀ ਤੌਰ 'ਤੇ ਖਤਮ ਹੁੰਦਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਆਪਣੇ ਲੰਬੇ ਸਿਆਸੀ ਜੀਵਨ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਲੋਕ ਹੇਤੂ ਕੰਮ ਕਰਵਾਉਣੇ ਆਉਂਦੇ ਹਨ। ਉਹਨਾਂ ਕਿਹਾ ਉਹ 15 ਸਾਲ ਐਮ ਸੀ, ਦੋ ਵਾਰ ਮਿਊਸਪਲ ਕਮੇਟੀ ਦੇ ਪ੍ਰਧਾਨ, ਤਿੰਨ ਵਾਰ ਵਿਧਾਇਕ, ਵਿਰੋਧੀ ਧਿਰ ਦੇ ਆਗੂ, ਮੰਤਰੀ ਤੇ ਮੁੱਖ ਮੰਤਰੀ ਰਹੇ ਹਨ।ਇਸ ਸਾਰੇ ਦੌਰ ਦੌਰਾਨ ਕਦੇ ਵੀ ਕਿਸੇ ਨਾਲ ਵਧੀਕੀ ਨਹੀਂ ਕੀਤੀ। ਉਹਨਾਂ ਕਾਂਗਰਸੀ ਵਰਕਰਾਂ ਨੂੰ ਸਲਾਹ ਦਿੱਤੀ ਕਿ ਇਮਾਨਦਾਰੀ ਨਾਲ ਲੋਕਾਂ ਦੇ ਕੰਮ ਕਰਵਾਉਣ।ਆਪਣੇ ਵਰਕਰਾਂ ਦੀ ਹਰ ਤਰ੍ਹਾਂ ਦੀ ਮਦਦ ਕਰਨੀ ਆਗੂਆਂ ਦਾ ਫਰਜ਼ ਹੈ ਪਰ ਉਹਨਾਂ ਨੂੰ ਇੱਕ ਗੱਲ ਦਾ ਧਿਆਨ ਰੱਖਣਾ ਹੋਵੇਗਾ ਕਿ ਨਸ਼ਾ ਵੇਚਣ ਵਾਲੇ ਦੀ ਕੋਈ ਮਦਦ ਨਹੀਂ ਕਰਨੀ। ਇਸ ਤਰ੍ਹਾਂ ਲੀਡਰਸ਼ਿਪ ਉਭਰਦੀ ਹੈ ਤੇ ਪਾਰਟੀ ਦਾ ਅਕਸ ਚੰਗਾ ਬਣਦਾ ਹੈ।ਉਨ੍ਹਾਂ ਨੇ ਦਲ ਬਦਲੂਆਂ ਦੀ ਮਾੜੀ ਹੋਈ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਪੋ ਆਪਣੀਆਂ ਪਾਰਟੀਆਂ ਨੂੰ ਦਗਾ ਦੇਣ ਵਾਲਿਆਂ ਦੀਆਂ ਚੋਣਾਂ ਵਿੱਚ ਜਮਾਨਤਾਂ ਜਬਤ ਹੁੰਦੀਆਂ ਸਭ ਨੇ ਦੇਖ ਲਈਆਂ ਹਨ।ਚੰਨੀ ਨੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੱਲੋਂ ਹਲਕੇ ਦੇ ਵਿਕਾਸ ਲਈ ਰੱਖੀਆਂ ਮੰਗਾਂ ਨੂੰ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਹਨਾਂ ਮੰਗਾਂ ਵਿੱਚ ਦਰਿਆਵਾਂ ਦੇ ਬੰਨ ਮਜਬੂਤ ਕਰਨਾ ਅਤੇ ਸ਼ਾਹਕੋਟ ਲਈ ਨਵੀਂ ਤੇ ਵੱਡੀ ਅਨਾਜ ਮੰਡੀ ਦਾ ਨਿਰਮਾਣ ਕਰਵਾਉਣਾ ਸ਼ਾਮਲ ਹਨ।

ਲੋਕ ਸਭਾ ਵਿੱਚ ਆਪਣੀ ਵੱਡੀ ਜਿੱਤ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਚੰਨੀ ਨੇ ਕਿਹਾ ਇਹ ਜਿੱਤ ਮੇਰੀ ਜਾਂ ਸ਼ੇਰੋਵਾਲੀਆ ਦੀ ਨਹੀਂ ਸਗੋਂ ਬੂਥ ਪੱਧਰ 'ਤੇ ਕੰਮ ਕਰਨ ਵਾਲੇ ਕਾਂਗਰਸੀ ਵਰਕਰਾਂ ਦੀ ਹੈ।ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਹਲਕੇ ਤੋਂ ਕਾਂਗਰਸ ਦੇ ਉਮੀਦਵਾਰਾਂ ਦੀ ਕਦੇ 16 ਹਜ਼ਾਰ ਤੇ ਕਦੇ 18 ਹਜ਼ਾਰ ਵੋਟਾਂ ਨਾਲ ਹਾਰ ਹੁੰਦੀ ਰਹੀ ਹੈ।ਜਦੋਂ ਤੋਂ ਪਾਰਟੀ ਨੇ ਉਹਨਾਂ ( ਸ਼ੇਰੋਵਾਲੀਆ) ਨੂੰ ਮੌਕਾ ਦਿੱਤਾ ਹੈ, ਉਦੋਂ ਤੋਂ ਹੀ ਉਪਰਲਾ ਸਿਲਸਿਲਾ ਉਲਟ ਕਰ ਦਿੱਤਾ ਗਿਆ ਹੈ। ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਹਲਕੇ ਦੀ ਚਮਕ ਦੀ ਤਸਵੀਰ ਮੂੰਹੋਂ ਬੋਲਦੀ ਹੈ।ਉਹਨਾਂ ਕਿਹਾ ਕਿ ਲੋਕਾਂ ਦਾ ਵਿਕਾਸ ਤੇ ਖੁਸ਼ਹਾਲੀ ਹੀ ਉਹਨਾਂ ਦਾ ਏਜੰਡਾ ਹੈ।ਸ਼ੇਰੋਵਾਲੀਆ ਨੇ ਭਵਿੱਖ ਵਿੱਚ ਆ ਰਹੀਆਂ ਚੋਣਾਂ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਕਿ ਕਾਂਗਰਸੀ ਵਰਕਰਾਂ ਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ ਹੈ ਮੈਂ ਤੇ ਚੰਨੀ ਹਰ ਵਕਤ ਤੁਹਾਡੇ ਅੰਗ ਸੰਗ ਰਹਾਂਗੇ। ਉਨ੍ਹਾਂ ਨੇ 2027 ਦੀ ਲੜਾਈ ਜਿੱਤਣ ਲਈ ਹੁਣ ਤੋਂ ਹੀ ਵਰਕਰਾਂ ਨੂੰ ਤਿਆਰੀ ਕਰਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਕਿ 27 'ਚ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ।ਸ਼ੇਰੋਵਾਲੀਆ ਨੇ ਭਵਿੱਖ ਵਿੱਚ ਹਲਕੇ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਕੰਮਾਂ ਦਾ ਵੀ ਵਿਸਥਾਰ ਨਾਲ ਜ਼ਿਕਰ ਕੀਤਾ।ਇਕੱਠ ਨੂੰ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ, ਕਾਂਗਰਸ ਬਲਾਕ ਪ੍ਰਧਾਨ ਮਹਿਤਪੁਰ ਮਹਿੰਦਰ ਪਾਲ ਸਿੰਘ ਟੁਰਨਾ, ਜੋਗਿੰਦਰ ਸਿੰਘ ਬਿੱਲੀ ਵੜੈਚ, ਮਾਰਕੀਟ ਕਮੇਟੀ ਮਹਿਤਪੁਰ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਸੋਹਲ, ਸੰਤੋਖ ਸਿੰਘ ਸਾਬਕਾ ਸਰਪੰਚ, ਦਲਜੀਤ ਸਿੰਘ ਗੱਟੀ, ਗੁਰਦੀਪ ਸਿੰਘ ਜੱਕੋਪੁਰ ਕਲਾਂ ਅਤੇ ਸੁਰਿੰਦਰ ਗੋਇਲ ਨੇ ਵੀ ਸੰਬੋਧਨ ਕੀਤਾ। ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ, ਚੇਅਰਮੈਨ ਸ਼ੂਗਰ ਮਿਲ ਮਹਿਤਪੁਰ ਅਸ਼ਵਿੰਦਰ ਪਾਲ ਸਿੰਘ ਖਹਿਰਾ, ਸੰਦੀਪ ਸਿੰਘ ਖਹਿਰਾ, ਸੁਖਦੀਪ ਸਿੰਘ ਕੰਗ, ਲਖਵਿੰਦਰ ਸਿੰਘ ਮੱਲੀਵਾਲ, ਜਗਤਾਰ ਸਿੰਘ ਖਾਲਸਾ, ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ, ਸ਼ੀਤਲ ਸਿੰਘ ਸਾਬਕਾ, ਅਜ਼ੀਜ਼ ਮਸੀਹ, ਯਸ਼ਪਾਲ ਗੁਪਤਾ ਅਤੇ ਕਪਲ ਗੁਪਤਾ ( ਦੋਵੇਂ ਸਾਬਕਾ ਵਾਈਸ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ), ਤਰਲੋਕ ਸਿੰਘ ਰੂਪਰਾ, ਪਵਨ ਜਨੇਜਾ, ਗਗਨ ਜਿੰਦਲ, ਹਰਜਿੰਦਰ ਸਿੰਘ ਢਿੱਲੋਂ, ਗੁਰਿੰਦਰ ਸਿੰਘ ਬਹੁਗੁਣ, ਸੁਰਿੰਦਰ ਕੁਮਾਰ ਭੱਟੀ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ, ਟਿੱਪੀ ਕੁਮਰਾ, ਮੁਖਤਿਆਰ ਸਿੰਘ ਸਾਬਕਾ ਸਰਪੰਚ, ਕਸ਼ਮੀਰ ਸਿੰਘ ਬਾਹਮਣੀਆਂ ਬਲਾਕ ਸੰਮਤੀ ਮੈਂਬਰ, ਡਾਕਟਰ ਅਰਵਿੰਦਰ ਸਿੰਘ ਰੂਪਰਾ, ਹਰਭਜਨ ਸਿੰਘ ਖਾਲਸਾ ਸਾਬਕਾ ਸਰਪੰਚ, ਅੰਗਰੇਜ਼ ਸਿੰਘ ਸਾਬਕਾ ਸਰਪੰਚ, ਮੇਜਰ ਸਿੰਘ, ਕਾਮਰੇਡ ਦਰਸ਼ਨ ਸਿੰਘ, ਪਹਿਲਵਾਨ ਮਜੀਦਾ ਅਤੇ ਵੱਡੀ ਗਿਣਤੀ ਵਿੱਚ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਪਿੰਡਾਂ ਦੇ ਸਰਪੰਚ, ਪੰਚ, ਨੰਬਰਦਾਰ ਅਤੇ ਵਰਕਰ ਮੌਜੂਦ ਸਨ।


**SMFG IndiaCredit**

## SMFG INDIA CREDIT COMPANY LIMITED
### (Formerly Fullerton India Credit Company Limited)

ਕਾਰਪੋਰੇਟ ਦਫਤਰ : 10ਵੀਂ ਮੰਜ਼ਲ, ਦਫਤਰ ਨੰ. 101, 102 ਅਤੇ 103, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ ) ਰੂਲਜ਼ 2002 ਦੇ ਰੂਲ 8 (1) ਤਹਿਤ)**

ਜਦੋਂ ਕਿ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰ. ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰ. ਲਿਮਟਿਡ), ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੁਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, 10ਵੀਂ ਮੰਜ਼ਲ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਈਸਟ), ਮੰਬਈ-400051 ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 (2002 ਦਾ 54) ਤਹਿਤ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨਜੋ ਹੇਠਾਂ ਵੀ ਦਰਸਾਈ ਗਈ ਹੈ, ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਹੇਠਾਂ ਦਰਸਾਈ ਮਿਤੀ ਤੇ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਹੇਠਾਂ ਦਰਸਾਏ ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹੇਠਾਂ ਦਰਸਾਈਆਂ ਮਿਤੀਆਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

| 1. | ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰ. | ਡਿਮਾਂਡ ਨੋਟਿਸ ਮਿਤੀ ਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|
| | 1) ਪੁਸ਼ਪਿੰਦਰ ਰਾਏ (2) ਟੋਡਰ ਮੱਲ ਰਾਏ (3) ਪੂਨਮ ਰਾਏ-ਕਰਜ਼ਾ ਖਾਤਾ ਨੰ. 174921310617304 ਅਤੇ 174921310745551 | 18.11.2023, 17 ਨਵੰਬਰ 2023 ਨੂੰ ਰੂ. 45,93,083/- (ਪੰਜਤਾਲੀ ਲੱਖ ਤਰਿਆਨਵੇਂ ਹਜ਼ਾਰ ਤਰਿਆਸੀ ਰੁਪਏ ਕੇਵਲ) | 16 ਜੁਲਾਈ 2024 |

ਅਚੱਲ ਜਾਇਦਾਦ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ :

ਅਚੱਲ ਜਾਇਦਾਦ ਨੰ. ਈ ਜੇ-927 ਮੁਹੱਲਾ ਗੋਬਿੰਦਗੜ੍ਹ, ਰਕਬਾ 3 ਮਰਲਾ 15 ਵਰਗ ਫੁੱਟ ਵਿੱਚੋਂ 1 ਮਰਲਾ 47.5 ਵਰਗ ਫੁੱਟ, ਹੱਦਾਂ : ਪੂਰਬ : ਗਲੀ, ਪੱਛਮ : ਹੋਰ, ਉੱਤਰ : ਗਲੀ, ਦੱਖਣ : ਹੋਰ, ਜਮ੍ਹਾਂਬੰਦੀ ਸਾਲ 2009-10, ਹੱਦਬਸਤ ਨੰ. 307/1, ਖੇਵਟ/ਖਤੌਨੀ ਨੰ. 641/752 ਤੋਂ 971, ਖਸਰਾ ਨੰ. 22050/8139-8153, 22055/8139-8153, 22075/8140-8142-8181, 22069/8141-8144, 22076/8148-8149-8151,8153,25036/22048,22060/8139,22062/81428146,26564/25308,26567/25308,22063/8141-8142,8143,26307/22049,26565/25308, 26562/25208,26566/25208,26569/25308,26563/25308,26569/25208,26561/25308,22058/8139,22059/8139,22049/8138-8139-8152-8153,22070/8140-8141-8146-8147,22071/8146-8147,22066/8146,22055/8146,22064/8141-8142-8146,22052/8139-8149-8151,22073/8140-8147,22067/8139,22085/8153,22074/8147-8149-8151,22054/8139-8140-8141,22053/8149-8150-8151,22051/8139-8151,22056/8137-8141,22061/8139-8141-8142,22068/8141-4146,22057/8139,22072/8140,22078/8149,22080/8149-8153,22086/8153,22081/8152-8153,22079/8149,22082/8150-8151,22084/8153,22083/8150-8151-8153,22077/8148-8149 ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

| 2. | ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰ. | ਡਿਮਾਂਡ ਨੋਟਿਸ ਮਿਤੀ ਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|
| | 1) ਬੂਟਾ ਸਿੰਘ (2) ਨਰੇਂਦਰ ਜੀਤ ਕੌਰ ਕਰਜ਼ਾ ਖਾਤਾ ਨੰ. 257701311119791 | 04 ਜਨਵਰੀ 2024 ਰੂ. 83,62,876/- ( ਤਰਿਆਸੀ ਲੱਖ ਬਾਹਠ ਹਜ਼ਾਰ ਅੱਠ ਸੌ ਛਿਹੱਤਰ ਰੁਪਏ ਕੇਵਲ) | 16 ਜੁਲਾਈ 2024 |

ਅਚੱਲ ਜਾਇਦਾਦ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ :

ਪੀ-1 : ਜਾਇਦਾਦ ਮਕਾਨ ਰਕਬਾ 136 ਵਰਗ ਗਜ਼ (2-2/3 ਬਿਸਵਾ) ਜੋ ਕਿ 0 ਬੀ-5 ਬੀ ਦਾ 8/15 ਹਿੱਸਾ ਹੈ, ਖੇਵਟ/ਖਤੌਨੀ ਨੰ. 1002/1967, ਖਸਰਾ ਨੰ. 1066/352/2 (0-5) ਫੈਕਟਰੀ ਏਰੀਆ, ਵਾਲੀਆ ਹਸਪਤਾਲ ਦੇ ਪਿਛਲੇ ਪਾਸੇ, ਰਕਬਾ ਪਿੰਡ ਲੇਹਲ, ਪਟਿਆਲਾ। ਹੱਦਾਂ : ਪੂਰਬ : ਜਾਇਦਾਦ ਪੁਰੀ ਸਾਹਿਬ ਲੰਬਾਈ 42'-9", ਪੱਛਮ : ਮਕਾਨ ਮਾਲਕ ਮੇਵਾ ਸਿੰਘ ਲੰਬਾਈ 36'-6", ਉੱਤਰ : ਮਿਲ ਚਿਰੰਜੀ ਲਾਲ ਲੰਬਾਈ 32', ਦੱਖਣ : ਸੜਕ ਲੰਬਾਈ 30'

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਦੀ ਇਥੇ ਦਰਸਾਈ ਰਕਮ ਅਤੇ ਇਸ ਉਪਰ ਵਿਆਜ ਦੀ ਵਸੂਲੀ ਕੀਤੀ ਜਾਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਮਿਤੀ : 20.07.2024, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ , ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)


ਮਹੰਤ ਹਰੀਗਿਰੀ ਜੀ ਮਹਾਰਾਜ
ਮਨੋਜ ਲਾਡੀ ਪੱਤਰਕਾਰ
ਚਰਨਜੀਤ ਸਿੰਘ ਪ੍ਰੈਸ ਫੋਟੋਗ੍ਰਾਫਰ
ਸੁਰਿੰਦਰ ਕੁਮਾਰ ਪ੍ਰੈਸ ਫੋਟੋਗ੍ਰਾਫਰ
ਮਹੰਤ ਹਰੀਗਿਰੀ ਜੀ ਮਹਾਰਾਜ
ਬ੍ਰਹਮਲੀਨ ਸ਼੍ਰੀ ਬਾਲ ਯੋਗੀ ਸਵਾਮੀ ਸੁੰਦਰ ਮੁਨੀ ਬੋਰੀ
ਵਾਲੇ ਮਹਾਰਾਜ ਜੀ ਦੇ ਦੂਸਰੀ ਬਰਸੀ ਦੇ ਸੰਬੰਧ ਦੇ ਵਿੱਚ
ਸੰਤ ਸਮਾਗਮ ਅਤੇ ਵਿਸ਼ਾਲ ਭੰਡਾਰਾ
ਮਿਤੀ: 19-7-2024 ਦਿਨ ਸ਼ੁੱਕਰਵਾਰ ਅਰੰਭ ਸ਼੍ਰੀ ਰਮਾਇਣ ਪਾਠ 10:00 ਵਜੇ ਸਵੇਰੇ
ਮਿਤੀ: 20-7-2024 ਦਿਨ ਸ਼ਨੀਵਾਰ ਹਵਨ 9:00 ਵਜੇ ਸਵੇਰੇ, ਭੋਗ ਸ਼੍ਰੀ ਰਮਾਇਣ ਪਾਠ 10:00 ਵਜੇ ਸਵੇਰੇ
ਮਿਤੀ: 21-7-2024 ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਤੋਂ ਪੰਜਾਬ ਦੇ ਮਸ਼ਹੂਰ ਕਵਾਲ ਅਤੇ ਕਲਾਕਾਰ ਗੁਰੂ ਜੀ ਮਹਿਮਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ
ਮਹੰਤ ਹਰੀਗਿਰੀ ਜੀ ਮਹਾਰਾਜ
ਅੰਤਰਾਸ਼ਟਰੀ ਸਨਰਕਸ਼ਣ ਸ਼੍ਰੀ ਪੰਚ ਦਸ਼ਨਾਮ ਜੂਨਾ ਅਖਾੜਾ
ਮਹਾਮੰਤਰੀ ਅਖਿਲ ਭਾਰਤੀ ਅਖਾੜਾ ਪਰੀਸ਼ਦ
ਸਥਾਨ: ਡੇਰਾ ਟੇਢਾ ਪੀਰ, ਪਿੰਡ ਕੂਨੈਲ ਤਹਿ, ਗੜ੍ਹਸ਼ੰਕਰ (ਹੁਸ਼ਿਆਰਪੁਰ)
ਵਿਖੇ ਕਰਵਾਇਆ ਜਾ ਰਿਹਾ ਹੈ। ਸੋ ਆਪ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ। ਕਿ ਇਸ ਮਹਾਨ ਸੰਤ ਸਮਾਗਮ ਵਿੱਚ ਪਹੁੰਚ ਕੇ ਸੰਤਾਂ ਮਹਾਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।
ਸਾਉਂਡ ਬਿੱਟੂ ਧੰਨੋ ਵਾਲੇ ਦੀ
ਲੰਗਰ ਅਟੁੱਟ ਵਰਤੇਗਾ
9X PUNJAB
ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ
LIVE TELECAST ON YouTube CHANNEL
LIVE PUNJAB 99
99056-07000
ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ
ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ
ਨੋਟ:
ਦਰਬਾਰ ਵਿੱਚ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਕੇ ਅਤੇ ਲੈਕੇ ਆਉਣਾ ਸਖ਼ਤ ਮਨ੍ਹਾਂ ਹੈ।
ਬ੍ਰਹਮਲੀਨ ਸ਼੍ਰੀ ਬਾਲ ਯੋਗੀ ਸਵਾਮੀ ਸੁੰਦਰ ਮੁਨੀ ਬੋਰੀ ਵਾਲੇ ਮਹਾਰਾਜ
ਸ਼੍ਰੀ ਬਾਮ ਦੇਵ ਮੁਨੀ ਜੀ ਮਹਾਰਾਜ (ਪ੍ਰੀਤੀ ਮਹੰਤ)
ਚੇਲਾ ਸ਼੍ਰੀ ਬਾਲ ਯੋਗੀ ਸਵਾਮੀ ਸੁੰਦਰ ਮੁਨੀ ਜੀ ਮਹਾਰਾਜ ਬੋਰੀ ਵਾਲੇ
ਸੰਪਰਕ: 95010-69600
ਬਲਰਾਜ ਬਿਲਗਾ
ਅਮ੍ਰਿਤ ਸਾਬ
ਸਰਦਾਰ ਅਲੀ
ਮਾਸ਼ਾ ਅਲੀ
ਆਰ ਜੋਗੀ
ਸੋਨੂੰ ਸੀਤੋਵਾਲ
ਵਿਜੈ ਮਾਨ (ਕਵਾਲ)
ਇਸ਼ਰਤ ਅਲੀ (ਕਵਾਲ)
ਗੋਪੀ ਰੁੜਕੇ ਵਾਲਾ (ਕਲਾਕਾਰ)
ਰਿੱਕੀ ਚੋਪੜਾ (ਕਲਾਕਾਰ)
ਆਸ਼ੂ ਚੋਪੜਾ (ਸਟੇਜ਼ ਐਂਕਰ)
ਕੰਵਰ ਗਰੇਵਾਲ
ਹੇਮੰਤ ਵਾਲੀਆ (ਸਟੇਜ਼ ਐਂਕਰ)
ਖਲੀ (ਸਟੇਜ਼ ਐਂਕਰ)
ਕੁਲਰਾਜ ਮੁਹੰਮਦ ਰਾਜੀ (ਸਟੇਜ਼ ਐਂਕਰ)
ਕਰਨ ਨਵਾਂਸ਼ਹਿਰੀਆ (ਐਮਕੇ ਬੀਟ)
ਕਮਲ ਖਾਨ
ਸਰਪੰਚ ਵਿਨੋਦ ਕੁਮਾਰ ਪ੍ਰਧਾਨ ਸਰਪੰਚ ਯੂਨੀਅਨ, ਗੜ੍ਹਸ਼ੰਕਰ ਅਤੇ ਸਮੂਹ ਨਗਰ ਨਿਵਾਸੀ,
ਗ੍ਰਾਮ ਪੰਚਾਇਤ ਅਤੇ ਸੇਵਾਦਾਰ, ਪਿੰਡ ਕੂਨੈਲ, ਤਹਿ: ਗੜ੍ਹਸ਼ੰਕਰ (ਹੁਸ਼ਿਆਰਪੁਰ)